ਇਸ਼ਕ ਦੇ ਸ਼ਿਕਵੇ-ਗਿਲੇ ਸਭ ਓਸ ਦੇ ਵਿਚ ਰੁੜ੍ਹ ਗਏ,
ਹੁਸਨ ਦੇ ਨੈਣਾਂ 'ਚ ਜਦ ਇਕ ਹੰਝੂ ਖਾਰਾ ਆ ਗਿਆ।
ਦੇ ਗਈ ਉਸ ਨੂੰ ਝਕਾਨੀ ਮਹਿਕ ਉਹਦੀ ਆਪਣੀ,
ਜਿਸ ਨੂੰ ਲੱਭਦਾ ਹਿਰਨ ਜਾਲ਼ ਅੰਦਰ ਆ ਗਿਆ।
ਜਾਣਦਾ ਸੀ ਉਹ ਕਿ ਉਸ ਨੂੰ ਹਰ ਕਿਸੇ ਦੁਰਕਾਰਨਾ,
ਦਰਦ ਮੇਰੇ ਕੋਲ ਏਸੇ ਡਰ ਦਾ ਮਾਰਾ ਆ ਗਿਆ।
ਰੋਕਿਓ ਮੇਰਾ ਜਨਾਜ਼ਾ ਪਲ ਦੋ ਪਲ ਲਈ,
ਰੋਕਿਓ, ਕਰ ਲਵਾਂ ਦੀਦਾਰ ਸੱਜਣ ਦਾ ਦੁਆਰਾ ਆ ਗਿਆ।
ਰੋਜ਼ ਮੈਂ ਪੜ੍ਹਿਆ ਕਰਾਂਗਾ ਆਪਣੀ ਭਾਸ਼ਾ ਦੇ ਵਿਚ,
ਕਲਪਨਾ ਵਿਚ ਤੇਰੇ ਮੁਖੜੇ ਦਾ ਉਤਾਰਾ ਆ ਗਿਆ।
ਫਿਰ ਤੇਰੀ ਚਿੱਠੀ ਕੀ ਆਈ ਜੀਣ ਦੀ ਆਸ਼ਾ ਜਗੀ,
ਵਰ੍ਹਿਆਂ ਪਿੱਛੋਂ ਜੀਣ ਦਾ ਦਿਲ ਨੂੰ ਸਹਾਰਾ ਆ ਗਿਆ।
ਮੁਸਕਣੀ ਤੇਰੀ ਨੂੰ ਤੱਕ ਕੇ ਖਿੜਿਆ ਸੀ ਜਦ ਮੇਰਾ ਬਾਗ਼,
ਮੇਰੀਆਂ ਅੱਖਾਂ 'ਚ ਅੱਜ ਓਹੀ ਨਜ਼ਾਰਾ ਆ ਗਿਆ।
ਖ਼ੁਦ ਨੂੰ ਮਰਿਆ ਹੋਇਆ ਹੀ ਹੁਣ ਤਕ ਸਮਝਦਾ ਸੀ ਜੋ,
ਹੁਣ ਤਾਂ ਜਾਪੇ ਧਰਤ 'ਤੇ 'ਪੰਛੀ' ਦੁਬਾਰਾ ਆ ਗਿਆ।

• ਸਰਦਾਰ ਪੰਛੀ
ਮੋਬਾਈਲ : 94170-91668

ਬੁਲਾਉਨੈਂ ਮੈਨੂੰ ਹੀ ਹਰ ਵਾਰ ਨਦੀਓਂ ਪਾਰ ਕਿਉਂ ਐ ਦਿਲ।
ਮੁਹੱਬਤ ਹੈ ਤਾਂ ਹੋਵਾਂ ਮੈਂ ਹੀ ਤਾਬੇਦਾਰ ਕਿਉਂ ਐ ਦਿਲ।
ਬੜੇ ਯੂਸਫ਼ ਤੇ ਬੜੀਆਂ ਹੀ ਜ਼ੁਲੈਖ਼ਾਂ ਹੋ ਗਈਆਂ ਮਿੱਟੀ,
ਇਹ ਮਿੱਟੀ ਹੋਣ ਵਾਲੇ ਸੋਨੇ ਦਾ ਹੰਕਾਰ ਕਿਉਂ ਐ ਦਿਲ।
ਸਿਕੰਦਰ ਜੇ ਸਿਕੰਦਰ ਸੀ, ਰਿਹਾ ਨਾ ਕਿਉਂ ਸਿਕੰਦਰ ਹੀ,
ਉਹ ਮਿੱਟੀ ਨਾਲ ਮਿੱਟੀ ਹੋਇਆ, ਆਖ਼ਰ ਕਾਰ ਕਿਉਂ ਐ ਦਿਲ।
ਜਿਨ੍ਹਾਂ ਨੂੰ ਬਖ਼ਸ਼ੀਆਂ ਸਰਦਾਰੀਆਂ ਦਸਤਾਰ ਨੇ ਸਚਮੁਚ,
ਉਹੀ ਇਕ ਦੂਸਰੇ ਦੀ ਲਾਹੁੰਦੇ ਨੇ ਦਸਤਾਰ ਕਿਉਂ ਐ ਦਿਲ।
ਜੋ ਨਿੱਤ ਇਤਿਹਾਸ ਦੇ ਜਾਂਬਾਜ਼ ਲੱਭ ਕੇ, ਐਬ ਲਭਦੇ ਹਨ,
ਨਜ਼ਰ ਆਵੇ ਨ ਅਪਣਾਂ ਉਹਨਾਂ ਨੂੰ ਕਿਰਦਾਰ ਕਿਉਂ ਐ ਦਿਲ।
ਅਸੀਂ ਸਮਰੱਥ ਹੋ ਕੇ ਵੀ ਜੇ ਜ਼ਿੰਮੇਵਾਰ ਨਈਂ ਬਣਦੇ,
ਤਾਂ ਸਾਡੀ ਥਾਂ ਖਲੋਵੇ ਆਣ ਕੇ 'ਕਰਤਾਰ' ਕਿਉਂ ਐ ਦਿਲ।
ਰਿਆਇਆ ਬਿਨ ਕਿਸੇ ਸਰਕਾਰ ਦੀ ਵੁੱਕਤ ਨਹੀਂ ਕੋਈ,
ਰਿਆਇਆ ਤੇ ਹੀ ਢਾਵੇ ਜ਼ੁਲਮ ਹਰ ਸਰਕਾਰ ਕਿਉਂ ਐ ਦਿਲ।
ਜਿਨ੍ਹਾਂ ਫੁਲ਼ਾਂ ਦੀ ਕੂਲੀ ਛੋਹ, ਕਲੇਜੇ ਖਿੱਚ ਪਾਉਂਦੀ ਹੈ,
ਉਨ੍ਹਾਂ ਦੇ ਨਾਲ ਹੀ ਹੁੰਦੇ ਨੇ ਤਿੱਖੇ ਖ਼ਾਰ ਕਿਉਂ ਐ ਦਿਲ।
ਦੁਪਹਿਰੇ ਸਿਖਰ ਦੇ ਪ੍ਰਛਾਵੇਂ ਵੀ ਲੱਭਦੇ ਨੇ ਛਾਵਾਂ 'ਦੀਪ',
ਕਿਸੇ ਨੇ ਵੱਢ ਦਿੱਤੇ ਰੁੱਖ ਛਾਇਆਦਾਰ ਕਿਉਂ ਐ ਦਿਲ।

• ਗੁਰਦੀਪ ਭਾਟੀਆ
ਮੋਬਾਈਲ : 94648-89046

## ਉਡਾਰੀ



ਹੁਣ ਕੀ ਹਾਲ ਹੈ
ਟੁੱਟੀ ਹੋਈ ਲੱਤ ਦਾ ?
ਹਮਦਰਦੀ ਵੱਸ ਪੁੱਛਦਾ ਹੈ
ਸਵੇਰੇ, ਸਵੇਰੇ ਸੈਰ ਕਰਦੇ ਨੂੰ
ਸਾਡੇ ਪੀਣ ਵਾਲੇ
ਸਰਕਾਰੀ ਪਾਣੀ ਨਾਲ
ਧੋਂਦਾ ਹੋਇਆ ਆਪਣੀ ਕਾਰ
ਗੁਆਂਢੀ ਥਾਣੇਦਾਰ।
ਚਿਰੋਕਣੀ ਖਤਮ ਹੋ ਚੁੱਕੀ ਹੈ
ਚਾਲ ਵਿਚਲੀ ਲੰਗ
ਕੁਦਰਤ ਦੇ ਬਦਲਵੇਂ ਚੱਕਰ 'ਚ
ਖ਼ੌਫਨਾਕ ਹਾਦਸਾ ਦੁੱਖ, ਦਰਦ
ਲਟਰਮ, ਪਟਰਮ
ਤੇ ਹੋਰ ਸਾਰਾ ਕੁਝ
ਭੁੱਲ, ਵਿੱਸਰ ਚੁੱਕਾ ਹੈ।
ਲੋਕੀਂ ਜਾਣਦੇ, ਬੁੱਝਦੇ
ਢੀਠ ਤੇ ਜਾਹਲ
ਕਿੰਨਾ ਪਿੱਛੇ ਰਹੀ ਜਾਂਦੇ ਨੇ
ਮਨ ਹੀ ਮਨ ਮੁਸਕਰਾਉਂਦਾ ਹੈ ਜਿਸਮ
ਪਤਾ ਨਹੀਂ ਕਿਸ ਮਿੱਟੀ ਦੀਆਂ
ਲੱਤਾਂ
ਫੁਰਤੀਲੀਆਂ ਹੋ ਜਾਂਦੀਆਂ ਨੇ
ਆਪ, ਮੁਹਾਰੀਆਂ
ਨਾਪੀ, ਤੋਲੀ ਪੈਰ, ਚਾਪ
ਕਰਦੀਆਂ
ਤੇਜ਼ ਕਦਮੀਂ ਤੁਰੇ
ਜਾਂਦਿਆਂ
ਜਵਾਬ 'ਚ ਕਿਹਾ ਸੀ
ਪਿੱਛੇ ਖੜੇ ਗੁਆਂਢੀ ਨੂੰ
ਵੇਖ ਲਓ !!
ਸਾਡੀਆਂ ਲੱਤਾਂ
ਸੜਕਾਂ 'ਤੇ ਨਹੀਂ
ਰੀਂਗਦੀਆਂ
ਅੱਜ, ਕੱਲ੍ਹ-ਸਗੋਂ,
ਚੰਦਰੀਆਂ
ਸੱਤਵੇਂ ਆਸਮਾਨੀ
ਉੱਡਣ ਦੀਆਂ ਆਦੀ ਹੋ
ਗਈਆਂ ਨੇ।

• ਹਰਦੇਵ ਚੌਹਾਨ
ਮੋਬਾਈਲ : 98151-94782

# ਕ੍ਰਾਫਟੀਕ 2025 ਵਿੱਚ ਸਸਟੇਨੇਬਲ ਫੈਸ਼ਨ ਅਤੇ ਭਾਰਤੀ ਕਲਾ ਵਿਰਾਸਤ ਦਾ ਜਸ਼ਨ




ਲੁਧਿਆਣਾ, 8 ਅਕਤੂਬਰ
-ਕੁਲਦੀਪ ਦੁੱਗਰੀ-
-ਕੌਮੀ ਪੱਤ੍ਰਿਕਾ ਬਿਊਰੋ-

ਪੀ.ਸੀ.ਟੀ.ਈ. ਗਰੁੱਪ ਆਫ ਇੰਸਟੀਚਿਊਟਸ ਵੱਲੋਂ ਆਯੋਜਿਤ ਕ੍ਰਾਫਟੀਕ 2025 ਸਮਾਰੋਹ ਨੇ ਸਸਟੇਨੇਬਲ ਫੈਸ਼ਨ ਅਤੇ ਭਾਰਤੀ ਕਲਾ ਵਿਰਾਸਤ ਨੂੰ ਉਜਾਗਰ ਕੀਤਾ।

ਸਮਾਰੋਹ ਵਿੱਚ ਸ਼੍ਰੀ ਵਿਵੇਕ, ਕੁਮਾਰੀ ਮਨਪ੍ਰੀਤ ਅਤੇ ਸ਼੍ਰੀ ਨੀਰਜ ਨੇ ਸਸਟੇਨੇਬਲ ਫੈਸ਼ਨ ਬਾਰੇ ਪ੍ਰੇਰਣਾਦਾਇਕ ਵਿਚਾਰ ਸਾਂਝੇ ਕਰਦੇ ਹੋਏ ਜ਼ੀਰੋ-ਵੇਸਟੇਜ ਮੈਨੇਜਮੈਂਟ, ਘੱਟ ਕਾਰਬਨ ਫੁਟਪ੍ਰਿੰਟ ਅਤੇ ਭਾਰਤੀ ਕਲਾ ਪ੍ਰਚਾਰ ਦੀ ਮਹੱਤਤਾ ਉੱਤੇ ਚਰਚਾ ਕੀਤੀ।

ਫੈਸ਼ਨ ਸ਼ੋਅ ਵਿੱਚ ਵਿਦਿਆਰਥੀਆਂ ਵੱਲੋਂ ਮੈਕ੍ਰਮੇ ਗੰਢਾਈ ਨਾਲ ਬਣਾਏ ਗਏ ਕਪੜੇ ਰੈਂਪ 'ਤੇ ਪੇਸ਼ ਕੀਤੇ ਗਏ, ਜੋ ਪਰੰਪਰਾਗਤ ਕਲਾ ਅਤੇ ਸਸਟੇਨੇਬਲ ਡਿਜ਼ਾਈਨ ਦੇ ਮਿਲਾਪ ਦੀ ਸ਼ਾਨਦਾਰ ਨਮੂਨਾ ਸਾਬਤ ਹੋਏ।

ਕ੍ਰਾਫਟੀਕ 2025 ਨੇ ਨਾ ਸਿਰਫ਼ ਭਾਰਤੀ ਕਲਾ ਵਿਰਾਸਤ ਦਾ ਜਸ਼ਨ ਮਨਾਇਆ ਸਗੋਂ ਸਸਟੇਨੇਬਲਿਟੀ ਅਤੇ ਇਕੋ-ਫ੍ਰੈਂਡਲੀ ਰਚਨਾਤਮਕਤਾ ਬਾਰੇ ਮਹੱਤਵਪੂਰਨ ਸੰਦੇਸ਼ ਵੀ ਦਿੱਤਾ।

# ਕਹਾਣੀ ਮਮਤਾ ਅਤੇ ਕਫ਼ਨ

ਮੂਲ ਲੇਖਕ
ਰਿਚਰਡ ਰਾਈਟ
ਪੰਜਾਬੀ ਅਨੁਵਾਦ
ਪ੍ਰੋ. ਬਲਦੀਪ

ਉਹ ਅੱਧ-ਮੀਟੀਆਂ ਅੱਖਾਂ ਨਾਲ ਦੇਖਦੀ ਜਾ ਰਹੀ ਸੀ ਅਤੇ ਉਸਨੇ ਆਪਣੇ ਬੁੱਲ੍ਹ ਕਸਕੇ ਘੁੱਟੇ ਹੋਏ ਸਨ। ਉਸ ਦੀਆਂ ਉਂਗਲਾਂ ਆਪਣੀ ਚਾਦਰ ਹੇਠ ਛੁਪਾਏ ਭਾਰੀ ਪਿਸਤੌਲ ਨੂੰ ਮਹਿਸੂਸ ਕਰ ਰਹੀਆਂ ਸਨ। ਬਾਰਿਸ਼ ਨਾਲ ਉਹ ਕਾਫ਼ੀ ਭਿੱਜ ਗਈ ਸੀ। ਚੱਲਦੇ-ਚੱਲਦੇ ਉਹ ਇੱਕ ਮੋੜ 'ਤੇ ਪਹੁੰਚੀ ਤਾਂ ਸਾਹਮਣੇ ਜਗਦੀਆਂ ਹੋਈਆਂ ਬੱਤੀਆਂ ਦਿਖਾਈ ਦਿੱਤੀਆਂ। ਨੇੜਿਉਂ ਹੀ ਕੁਝ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। "ਕੌਣ ਹੈ"? ਉਹ ਰੁਕ ਗਈ ਤੇ ਕੰਬਦੀਆਂ ਹੋਈਆਂ ਉਂਗਲਾਂ ਨਾਲ ਚਾਦਰ ਨੂੰ ਹੋਰ ਘੁੱਟ ਕੇ ਫੜ੍ਹ ਲਿਆ। ਦੋ ਗੋਰੇ ਉਸਦੇ ਨੇੜੇ ਆਏ। ਉਨ੍ਹਾਂ ਨੇ ਉਸ ਵੱਲ ਬੰਦੂਕਾਂ ਤਾਣੀਆਂ ਹੋਈਆਂ ਸਨ। "ਤੂੰ ਇਥੇ ਕੀ ਕਰ ਰਹੀਂ ਏਂ?" "ਮੈਂ ਆਪਣੇ ਬੇਟੇ ਨੂੰ ਮਿਲਣ ਆਈ ਹਾਂ।" "ਤੇਰਾ ਬੇਟਾ ਕੀ ਕਰਦਾ ਏ?" "ਉਸਨੂੰ ਸ਼ੈਰਿਫ਼ ਨੇ ਫ਼ੜ੍ਹਿਆ ਹੋਇਆ ਹੈ।" "ਅੱਛਾ, ਤਾਂ ਤੂੰ ਉਸ ਨੀਗਰੋ ਦੀ ਮਾਂ ਹੈਂ; ਤੈਨੂੰ ਹੁਣ ਆਪਣੇ ਬੇਟੇ ਦੀ ਲਾਸ਼ ਚਾਹੀਦੀ ਹੈ?" "ਹਾਂ"। "ਉਹ ਹਾਲੇ ਮਰਿਆ ਨਹੀਂ। ਹਾਂ, ਉਸਨੇ ਭੇਤ ਖੋਲ੍ਹ ਦਿੱਤਾ ਤਾਂ ਮਰਨੋ ਬਚ ਜਾਏਗਾ।" "ਪਰ ਉਹ ਦੱਸੇਗਾ ਨਹੀਂ।" "ਸਾਡੇ ਕੋਲ ਬੜੇ ਤਰੀਕੇ ਹਨ ਮੂੰਹ ਖੁੱਲ੍ਹਵਾਉਣ ਦੇ" "ਪਰ ਤੁਸੀਂ ਉਸਦੀ ਜ਼ੁਬਾਨ ਨਹੀਂ ਖੁਲ੍ਹਵਾ ਸਕਦੇ?" "ਸੁਣ ਨੀਗਰੋ ਬੁੱਢੀਏ, ਜ਼ਰਾ ਅਕਲ ਤੋਂ ਕੰਮ ਲੈ। ਨੀਗਰੋ ਲੋਕ ਕਦੇ ਇਨਕਲਾਬ ਨਹੀਂ ਲਿਆ ਸਕਦੇ। ਤੂੰ ਹਾਲੇ ਵੀ ਆਪਣੇ ਬੇਟੇ ਨੂੰ ਸਮਝਾ ਲੈ।" "ਮੈਨੂੰ ਸ਼ੈਰਿਫ਼ ਕੋਲ ਲੈ ਚਲੋ।" "ਤੂੰ ਉਸਦੀ ਮਾਂ ਹੈਂ, ਆਪਣੇ ਬੇਟੇ ਨੂੰ ਸਮਝਾ ਕਿ ਜੇ ਉਸਨੇ ਜ਼ਿੰਦਾ ਰਹਿਣਾ ਹੈ ਤਾਂ ਆਪਣੇ ਸਾਥੀਆਂ ਦੇ ਨਾਂ ਦੱਸ ਦੇਵੇ।" "ਨਹੀਂ, ਉਹ ਨਹੀਂ ਦੱਸੇਗਾ।" ਉਨ੍ਹਾਂ ਨੇ ਉਸ ਨੂੰ ਬਾਂਹ ਤੋਂ ਫ਼ੜ੍ਹਿਆ ਤੇ ਜੰਗਲ ਵਿੱਚ ਜੁੜੀ ਹੋਈ ਲੋਕਾਂ ਦੀ ਭੀੜ ਵੱਲ ਧੂਹ ਕੇ ਲੈ ਗਏ। ਉਸਦੀ ਸੋਚ ਬੜੀ ਸਾਫ਼ ਤੇ ਸੁਲਝੀ ਹੋਈ ਸੀ। 'ਬੁੱਕਰ ਨਹੀਂ ਦੱਸੇਗਾ' ਉਸਨੇ ਮਨ ਵਿੱਚ ਹੀ ਕਿਹਾ, 'ਜੇ ਉਸਨੇ ਜ਼ੁਬਾਨ ਖੋਲ੍ਹੀ ਤਾਂ ਮੈਂ........" ਜਿਵੇਂ ਜਿਵੇਂ ਲੋਕਾਂ ਦੀਆਂ ਆਵਾਜ਼ਾਂ ਉੱਚੀਆਂ ਹੁੰਦੀਆਂ ਗਈਆਂ ਉਹ ਆਪਣੀ ਗ਼ਲਤੀ ਨੂੰ ਸੁਧਾਰਨ ਬਾਰੇ ਸੋਚਦੀ ਰਹੀ, 'ਮੈਂ ਬੁੱਕਰ ਨੂੰ ਇਹ ਭੇਤ ਕਿਉਂ ਦੱਸਿਆ? ਖ਼ੈਰ, ਮੈਂ ਹੁਣ ਬੁੱਕਰ ਦੇ ਆਉਣ ਤਕ ਚੁੱਪ ਰਹਾਂਗੀ, ਬੱਸ ਇੱਕ ਵਾਰੀ ਆਪਣੇ ਬੇਟੇ ਜਾਨੀ ਬਾਏ ਕੋਲ ਪਹੁੰਚ ਜਾਵਾਂ।' ਫ਼ਲੈਸ਼ ਰੌਸ਼ਨੀ ਵਿੱਚ ਪੈ ਰਹੀ ਬਾਰਿਸ਼ ਦੀਆਂ ਬੂੰਦਾਂ ਚਮਕ ਰਹੀਆਂ ਸਨ। ਉਥੇ ਖੜ੍ਹੇ ਲੋਕ ਇੱਕ ਪਾਸੇ ਵਲ ਹੋਏ ਤਾਂ ਉਸਨੇ ਆਪਣੇ ਬੇਟੇ ਜਾਨੀ ਬਾਏ ਨੂੰ ਚਿੱਕੜ ਵਿੱਚ ਲੇਟਿਆਂ ਦੇਖਿਆ। ਉਸਨੂੰ ਇੱਕ ਰੱਸੇ ਨਾਲ ਬੰਨ੍ਹਿਆ ਹੋਇਆ ਸੀ। ਉਸਦਾ ਚਿਹਰਾ ਗੰਦੇ ਪਾਣੀ ਨਾਲ ਭਰੇ ਹੋਏ ਟੋਏ ਵਿੱਚ ਪਿਆ ਹੋਇਆ ਸੀ। ਉਸਨੇ ਆਪਣੀ ਮਾਂ ਵੱਲ ਦੇਖਿਆ ਤਾਂ ਉਸਦੀਆਂ ਅੱਖਾਂ ਵਿੱਚ ਇੱਕ ਸਵਾਲ ਉਭਰਨ ਲੱਗਿਆ। "ਇਹਦੇ ਨਾਲ ਗੱਲ ਕਰ", ਸ਼ੈਰਿਫ਼ ਨੇ ਉੱਚੀ ਅਵਾਜ਼ ਵਿੱਚ ਕਿਹਾ। 'ਕਾਸ਼! ਮੈਂ ਉਸਨੂੰ ਦੱਸ ਸਕਦੀ ਹੋਵਾਂ ਕਿ ਮੈਂ ਇਥੇ ਕਿਉਂ ਆਈ ਹਾਂ?' ਉਸ ਨੇ ਸੋਚਿਆ। 'ਬੋਲ, ਨੀਗਰੋ ਦੇ ਬੱਚੇ।' ਸ਼ੈਰਿਫ਼ ਨੇ ਜਾਨੀ ਬਾਏ ਦੇ ਠੁੱਡਾ ਮਾਰਦਿਆਂ ਕਿਹਾ, 'ਇਹ ਖੜ੍ਹੀ ਏ ਤੇਰੀ ਮਾਂ'। ਜਾਨੀ ਬਾਏ ਨਾ ਕੁਝ ਬੋਲਿਆ ਤੇ ਨਾ ਹੀ ਹਿੱਲਿਆ। ਸ਼ੈਰਿਫ਼ ਉਸਦੀ ਮਾਂ ਵੱਲ ਮੁੜਿਆ, "ਇਸਨੂੰ ਹਾਲੇ ਵੀ ਸਮਝਾ ਕੁਝ। ਆਖਰ ਇਹ ਆਪਣੇ ਕਾਲੇ ਤੇ ਗੋਰੇ ਸਾਥੀਆਂ ਨੂੰ ਕਿਉਂ ਬਚਾ ਰਿਹਾ ਹੈ। ਬੱਸ ਉਨ੍ਹਾਂ ਦੇ ਨਾਂਅ ਦਸ ਦੇਵੇ ਤੇ ਆਪਣੀ ਜਾਨ ਬਚਾ ਲਵੇ। ਸਮਝਾ ਏਸ ਨੂੰ, ਇਸਦੇ ਕੋਲ ਜਾਹ।' ਉਹ ਆਪਣੀ ਥਾਂ ਤੋਂ ਨਹੀਂ ਹਿੱਲੀ। ਉਸਦਾ ਦਿਲ ਚੀਖ ਚੀਖ ਕੇ ਆਪਣੇ ਬੇਟੇ ਦੀਆਂ ਅੱਖਾਂ ਵਿੱਚ ਉਠਦੇ ਸਵਾਲ ਦਾ ਜਵਾਬ ਦੇਣਾ ਚਾਹੁੰਦਾ ਸੀ। ਪਰ ਉਹ ਚੁੱਪ ਰਹੀ। 'ਤੂੰ ਨਹੀਂ ਬੋਲੇਂਗੀ ਤਾਂ ਅਸੀਂ ਇਸਨੂੰ ਬੁਲਾਵਾਂਗੇ।' ਸ਼ੈਰਿਫ਼ ਨੇ ਦੂਜੇ ਪਾਸੇ ਮੂੰਹ ਮੋੜ ਕੇ ਕਿਹਾ, 'ਟਿੰਮ, ਉਥੋਂ ਲੱਕੜ ਦੀ ਇੱਕ ਮੋਟੀ ਬੱਲੀ ਲਿਆਓ ਤੇ ਇਸ ਨੂੰ ਨੀਗਰੋ ਦੀਆਂ ਟੰਗਾਂ ਉਤੇ ਰੱਖੋ।" ਫ਼ੇਰ ਇੱਕ ਦਰਦਨਾਕ ਚੀਕ ਸੁਣਾਈ ਦਿੱਤੀ। ਲੰਬੇ ਆਦਮੀ ਨੇ ਜਾਨੀ ਬਾਏ ਦੀਆਂ ਦੋਹੇ ਟੰਗਾਂ ਉਪਰ ਚੁੱਕੀਆਂ ਤੇ ਇੱਕ ਦਮ ਛੱਡ ਦਿੱਤੀਆਂ। ਟੰਗਾਂ ਬੇਜਾਨ ਹੋ ਕੇ ਹੇਠਾਂ ਡਿੱਗ ਪਈਆਂ। ਜਾਨੀ ਬਾਏ ਦਾ ਸਿਰ ਇੱਕ ਪਾਸੇ ਲੁੜਕ ਗਿਆ ਸੀ, ਜਿਸਨੂੰ ਮਾਂ ਦੇਖ ਨਹੀਂ ਸਕਦੀ ਸੀ। ਅਚਾਨਕ ਜਾਨੀ ਬਾਏ ਦਾ ਚਿਹਰਾ ਉਹਦੇ ਵੱਲ ਘੁੰਮਿਆ ਤੇ ਉਹ ਚੀਖ ਕੇ ਬੋਲਿਆ, 'ਇਥੋਂ ਚਲੀ ਜਾਹ, ਮਾਂ! ਚਲੀ ਜਾਹ।' ਮਾਂ ਪਾਗਲਾਂ ਵਾਂਗ ਬੇਟੇ ਵਲ ਦੌੜੀ ਪਰ ਸ਼ੈਰਿਫ਼ ਨੇ ਉਸ ਨੂੰ ਬਾਂਹ ਤੋਂ ਫ਼ੜ ਕੇ ਰੋਕ ਲਿਆ। ਫ਼ਿਰ ਉਸ ਨੇ ਜਾਨੀ ਬਾਏ ਨੂੰ ਕਿਹਾ "ਜੇ ਤੂੰ ਕੁਝ ਦੱਸ ਦੇਵੇਂ ਤਾਂ ਅਸੀਂ ਤੇਰੀ ਮਾਂ ਨੂੰ ਛੱਡ ਦੇਵਾਂਗੇ, ਨਹੀਂ ਇਸ ਨੂੰ ਵੀ ........।" "ਮੇਰਾ ਬੇਟਾ ਨਹੀਂ ਦੱਸੇਗਾ", ਉਹ ਉੱਚੀ ਸੁਰ ਵਿੱਚ ਬੋਲੀ। "ਚਲੀ ਜਾਹ! ਮਾਂ।" "ਇਸਨੂੰ ਬੇਸ਼ਕ ਗੋਲੀ ਮਾਰ ਦਿਓ... ਪਰ ਇਸ ਤਰ੍ਹਾਂ ਤਸੀਹੇ ਨਾ ਦਿਉ", ਉਸਨੇ ਸ਼ੈਰਿਫ਼ ਨੂੰ ਕਿਹਾ। "ਇਹ ਸਭ ਕੁਝ ਦੱਸੇਗਾ ਨਹੀਂ ਤਾਂ ਤੇਰੀ ਆਵਾਜ਼ ਮੁੜ ਕਦੇ ਨਹੀਂ ਸੁਣ ਸਕੇਗਾ। ਅਸੀਂ ਇਸਦੇ ਕੰਨ ਭੰਨ ਸੁੱਟਾਂਗੇ।" ਮਾਂ ਨੇ ਅੱਖਾਂ ਬੰਦ ਕਰ ਲਈਆਂ ਤੇ ਕੁਝ ਪਲਾਂ ਬਾਅਦ ਜਦੋਂ ਅੱਖਾਂ ਖੋਲ੍ਹੀਆਂ ਤਾਂ ਉਸਨੇ ਦੇਖਿਆ ਕਿ ਸ਼ੈਰਿਫ਼ ਉਸਦੇ ਬੇਟੇ ਉੱਤੇ ਝੁਕਿਆ ਖੜ੍ਹਾ ਹੈ। ਫ਼ੇਰ ਉਸਨੇ ਜਾਨੀ ਬਾਏ ਦੇ ਕੰਨ ਉੱਤੇ ਆਪਣੀ ਹਥੇਲੀ ਰੱਖੀ ਅਤੇ ਉਸ ਉੱਤੇ ਪੂਰੇ ਜ਼ੋਰ ਨਾਲ ਦੂਜੇ ਹੱਥ ਦਾ ਮੁੱਕਾ ਮਾਰਿਆ। ਫ਼ੇਰ ਉਸਨੇ ਦੂਜੇ ਕੰਨ ਉੱਤੇ ਹਥੇਲੀ ਰੱਖ ਕੇ ਇੱਕ ਹੋਰ ਮੁੱਕਾ ਮਾਰਿਆ। ਜਾਨੀ ਬਾਏ ਦਰਦ ਨਾਲ ਕਰਾਹੁਣ ਲੱਗਿਆ। ਉਸਦਾ ਸਿਰ ਇਧਰ-ਉਧਰ ਲੁੜਕ ਰਿਹਾ ਸੀ, ਉਸ ਦੀਆਂ ਅੱਖਾਂ ਜਿਵੇਂ ਪਥਰਾਅ ਗਈਆਂ ਹੋਣ। "ਸ਼ੈਰਿਫ਼, ਤੁਹਾਨੂੰ ਕੋਈ ਮਿਲਣਾ ਚਾਹੁੰਦਾ ਹੈ" "ਉਸਨੂੰ ਅੰਦਰ ਲੈ ਆਓ"। ਮਾਂ ਨੇ ਸੁਣਿਆ ਤਾਂ ਉਹ ਆਪਣੇ ਆਪ ਵਿੱਚ ਜਿਵੇਂ ਸਿਮਟ ਕੇ ਰਹਿ ਗਈ। 'ਕੀ ਇਹ ਬੁੱਕਰ ਹੈ?' ਉਸ ਨੇ ਸੋਚਿਆ। ਭੀੜ ਵਿੱਚੋਂ ਰਸਤਾ ਬਣਾਉਂਦਾ ਹੋਇਆ ਬੁੱਕਰ ਸ਼ੈਰਿਫ਼ ਕੋਲ ਆਇਆ ਤੇ ਕਹਿਣ ਲੱਗਾ, "ਮੈਂ ਉਨ੍ਹਾਂ ਸਾਰਿਆਂ ਨੂੰ ਜਾਣਦਾ ਹਾਂ, ਸ਼ੈਰਿਫ਼!" ਉਸੇ ਵਕਤ ਉਸਦੀ ਨਜ਼ਰ ਜਾਨੀ ਬਾਏ ਉੱਤੇ ਪਈ। "ਤਾਂ, ਕੀ ਤੁਹਾਨੂੰ ਪਤਾ ਲੱਗਾ ਗਿਆ ਹੈ?" ਉਸਨੇ ਸ਼ੈਰਿਫ਼ ਵੱਲ ਦੇਖ ਕੇ ਪੁੱਛਿਆ। ਠੀਕ ਉਸੇ ਵੇਲੇ ਉਹ ਅੱਗੇ ਵਧੀ, ਉਸਨੇ ਆਪਣੀ ਚਾਦਰ ਉਪਰ ਚੁੱਕੀ ਤੇ ਗੋਲੀ ਚਲਾ ਦਿੱਤੀ- ਇੱਕ ਵਾਰ ਦੋ ਵਾਰ। ਫ਼ੇਰ ਉਹ ਪਿੱਛੇ ਮੁੜੀ ਤੇ ਜਾਨੀ ਬਾਏ ਵੱਲ ਪਿਸਤੌਲ ਤਾਣ ਦਿੱਤੀ। ਪਰ ਲੋਕਾਂ ਨੇ ਤੁਰੰਤ ਉਸ ਨੂੰ ਫ਼ੜ ਲਿਆ। ਜਦੋਂ ਉਸ ਨੇ ਬੁੱਕਰ ਨੂੰ ਚਿੱਕੜ ਵਿੱਚ ਡਿੱਗੇ ਪਏ ਨੂੰ ਦੇਖਿਆ ਤਾਂ ਉਸਦੀ ਬੇਚੈਨੀ ਖਤਮ ਹੋ ਗਈ। ਹੁਣ ਉਹ ਪੂਰੀ ਤਰ੍ਹਾਂ ਸ਼ਾਂਤ ਸੀ ਤੇ ਚਿੱਕੜ ਵਿੱਚ ਪਈ ਹੋਈ, ਆਪਣੇ ਉੱਤੇ ਬਾਰਿਸ਼ ਦੀਆਂ ਡਿੱਗ ਰਹੀਆਂ ਬਾਰਸ਼ ਦੀਆਂ ਬੂੰਦਾਂ ਵਿੱਚੋਂ ਗੋਰੇ ਚਿਹਰਿਆਂ ਨੂੰ ਦੇਖ ਰਹੀ ਸੀ। "ਇਸਨੇ ਬੁੱਕਰ ਨੂੰ ਮਾਰ ਦਿੱਤਾ ਹੈ।" "ਭਲਾ ਇਸਨੇ ਕਿਉਂ ਮਾਰਿਆ ਉਸਨੂੰ?" "ਮਾਰ ਸੁੱਟੋ ਇਹਨੂੰ ਵੀ"। ਇਸ ਤੋਂ ਪਹਿਲਾਂ ਕਿ ਉਹ ਉਸਦੀ ਜਾਨ ਲੈ ਲੈਣ, ਉਹ ਖੁਦ ਆਪਣੀ ਜਾਨ ਲੈ ਲੈਣਾ ਚਾਹੁੰਦੀ ਸੀ। ਜੋ ਉਸ ਨੇ ਚਾਹਿਆ ਸੀ ਉਹ ਪੂਰਾ ਹੋ ਚੁੱਕਿਆ ਸੀ। ਬੱਸ, ਕਿਤੇ ਜਾਨੀ ਬਾਏ.....! ਉਸਨੇ ਆਪਣੇ ਬੇਟੇ ਵਲ ਦੇਖਿਆ। ਉਹ ਉਸਦੀਆਂ ਉਦਾਸ ਅੱਖਾਂ ਵਲ ਦੇਖ ਰਿਹਾ ਸੀ। ਕਾਸ਼ ਮੈਂ ਜਾਨੀ ਬਾਏ ਨੂੰ ਦੱਸ ਸਕਦੀ, ਉਸਨੇ ਸੋਚਿਆ। ਤੂੰ ਬੁੱਕਰ ਨੂੰ ਕਿਉਂ ਮਾਰ ਦਿੱਤਾ? ਸ਼ੈਰਿਫ਼ ਨੇ ਪੁੱਛਿਆ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਉਸੇ ਵੇਲੇ ਉਸਨੇ ਆਪਣੀ ਪਿੱਠ ਉਤੇ ਪਏ ਸ਼ੈਰਿਫ਼ ਦੇ ਬੂਟ ਦੇ ਠੁੱਡੇ ਨੂੰ ਮਹਿਸੂਸ ਕੀਤਾ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। 'ਕਾਲੀ ਕੁੱਤੀਏ'! "ਇਹਨੂੰ ਵੀ ਪਾਰ ਬੁਲਾ ਦਿਉ।" ਉਸ ਨੂੰ ਆਪਣੀ ਗਿੱਲੀ ਤੇ ਠੰਡੀ ਪਿੱਠ ਉਤੇ ਵਗ ਰਿਹਾ ਗਰਮ ਖ਼ੂਨ ਮਹਿਸੂਸ ਹੋਇਆ। ਅਚਾਨਕ ਉਸਦੇ ਮੂੰਹੋਂ ਨਿਕਲਿਆ, "ਤੁਸੀਂ ਜਿਹੜੇ ਨਾਂ ਜਾਣਨਾ ਚਾਹੁੰਦੇ ਸੀ.... ਉਹ ਨਹੀਂ ਜਾਣ ਸਕੇ ਤੇ ਹੁਣ ਉਨ੍ਹਾਂ ਦਾ ਤੁਹਾਨੂੰ ਕਦੇ ਪਤਾ ਵੀ ਨਹੀਂ ਲੱਗੇਗਾ।" ਉਸਨੇ ਆਪਣੀਆਂ ਖੁੱਲ੍ਹੀਆਂ ਹੋਈਆਂ ਧੁੰਦਲੀਆਂ ਅੱਖਾਂ ਵਿੱਚ ਬਾਰਿਸ਼ ਦੀ ਫ਼ੁਹਾਰ ਮਹਿਸੂਸ ਕੀਤੀ। ਉਸਨੂੰ ਕੋਈ ਮੱਧਮ ਜਿਹੇ ਬੋਲ ਸੁਣ ਰਹੇ ਸਨ। ਉਸਦੇ ਬੁੱਲ੍ਹ ਹਿੱਲ ਰਹੇ ਸਨ, ਪਰ ਉਨ੍ਹਾਂ ਵਿੱਚ ਆਵਾਜ਼ ਕੋਈ ਨਹੀਂ ਸੀ। ਉਹ ਹੁਣ ਪੂਰੀ ਤਰ੍ਹਾਂ ਸ਼ਾਂਤ ਸੀ ਅਤੇ ਉਸਨੂੰ ਕਿਸੇ ਤਰ੍ਹਾਂ ਦੀ ਠੰਢ ਵੀ ਨਹੀਂ ਲੱਗ ਰਹੀ ਸੀ।



## ਚੋਰਾਂ ਨੂੰ ਮੋਰ

-ਤਰਲੋਚਨ ਸਮਾਧਵੀ
94176-12287



ਗਰੀਨ ਐਵੀਨਿਊ ਸੁਸਾਇਟੀ ਵਿਚ ਲਗਾਤਾਰ ਚੋਰੀਆਂ ਹੋ ਰਹੀਆਂ ਸਨ। ਪ੍ਰੋ: ਗੁਪਤਾ ਜੀ ਜਦੋਂ ਚਾਰ ਧਾਮਾਂ ਦੀ ਯਾਤਰਾ ਉਪਰ ਨਿਕਲੇ ਤਾਂ ਉਨ੍ਹਾਂ ਦੇ ਘਰ ਵਿਚ ਚੋਰੀ ਹੋ ਗਈ। ਮੁੰਡੇ ਕੁੜੀਆਂ ਬਾਹਰ ਸੈਟਲ ਸਨ ਦੋਵੇਂ ਮੀਆਂ-ਬੀਵੀ ਘਰ ਅੰਦਰ ਰਹਿੰਦੇ ਸਨ। ਗੁਪਤਾ ਜੀ ਦੀ ਐਲ.ਸੀ.ਡੀ. ਚੋਰੀ ਹੋਣ ਤੋਂ ਇਲਾਵਾ ਗੈਸ ਸਿਲੰਡਰ, ਏ.ਸੀ. ਤੇ ਕੁਝ ਨਕਦੀ ਵੀ ਚੋਰ ਲੈ ਉੱਡੇ। ਗੁਪਤਾ ਜੀ ਨੇ ਥਾਣੇ ਵਿਚ ਚੋਰੀ ਦੀ ਰਪਟ ਦਰਜ ਕਰਵਾਈ। ਕੁਝ ਦਿਨਾਂ ਬਾਅਦ ਚੋਰਾਂ ਦਾ ਇਕ ਗ੍ਰੋਹ ਪੁਲਿਸ ਨੇ ਫੜ ਲਿਆ। ਸਮਾਨ ਵੀ ਬਰਾਮਦ ਕਰ ਲਿਆ। ਪੁਲਿਸ ਨੇ ਗੁਪਤਾ ਜੀ ਨੂੰ ਆਪਣੀਆਂ ਚੋਰੀ ਹੋਈਆਂ ਚੀਜ਼ਾਂ ਦੀ ਸ਼ਨਾਖਤ ਕਰਨ ਲਈ ਬੁਲਾਇਆ ਪਰ ਗੁਪਤਾ ਜੀ ਦੀ ਚੋਰੀ ਹੋਈ ਕੋਈ ਵੀ ਵਸਤ ਉਨ੍ਹਾਂ ਵਿਚ ਨਹੀਂ ਸੀ।

ਤੀਜੇ ਚੌਥੇ ਦਿਨ ਗੁਪਤਾ ਜੀ ਦੀ ਕੰਮ ਵਾਲੀ ਬਾਈ ਨੇ ਦੱਸਿਆ ਉਸ ਨੇ ਗੁਪਤਾ ਜੀ ਦੀ ਐਲ.ਸੀ.ਡੀ. ਸਥਾਨਿਕ ਥਾਣੇਦਾਰ ਦੀ ਕੰਧ ਉਪਰ ਲੱਗੀ ਵੇਖੀ ਸੀ ਜਿਹੜੀ ਗੁਪਤਾ ਜੀ ਦੇ ਘਰੋਂ ਚੋਰੀ ਹੋਈ ਸੀ ਕਿਉਂਕਿ ਇਹ ਬਾਈ ਪੁਲਿਸ ਥਾਣੇਦਾਰ ਦੇ ਘਰ ਕੰਮ ਕਰਨ ਤੋਂ ਬਾਅਦ ਗੁਪਤਾ ਜੀ ਦੇ ਘਰ ਵੀ ਕੰਮ ਕਰਨ ਆਉਂਦੀ ਸੀ। ਗੁਪਤਾ ਜੀ ਸ਼ਸ਼ੋਪੰਜ ਵਿਚ ਸਨ ਕਿ ਚੋਰ ਕੌਣ ਹੈ।

## ਰੱਖੜੀ

• ਪਵਿੱਤਰ ਕੌਰ ਮਾਟੀ
ਮੋਬਾਈਲ : 99142-10315



ਭੰਬੀਰੀ ਵਾਂਗੂੰ ਘੁੰਮਦੀ ਫਿਰਦੀ ਰਮਨ ਦੇ ਸਵੇਰ ਦੇਧਰਤੀ ਪੈਰ ਨੀ ਸੀ ਲੱਗਦੇ। ਉਹ ਸੋਚਦੀ ਰੱਖੜੀਦਾ ਦਿਨ ਹਰੇਕ ਭੈਣ ਲਈ ਖ਼ਾਸ ਤੇ ਭਾਗਾਂਵਾਲਾ ਹੁੰਦਾ ਹੈ। ਕਿੰਨੇ ਚਾਅ, ਕਿੰਨੀਆਂ ਉਮੀਦਾਂ ਤੇ ਸੁੱਖਾਂ ਸੁੱਖਦੀਆਂ ਭੈਣਾਆਪਣੇ ਵੀਰ ਦੇ ਗੁੱਟ 'ਤੇ ਰੱਖੜੀ ਬੰਨ੍ਹਦੀਆਂ ਹਨ। ਉਹ ਖਵੀ ਹੋਈ ਗੁਣਗਣਾਉਂਦੀ ਹੈ, 'ਵੇ ਟੁੱਟ ਕੇ ਨਾਂ ਬਹਿ ਜੀਂ ਵੀਰਨਾ, ਭੈਣਾ ਵਰਗਾ ਸਾਕ ਨਾ ਕੋਈ' ।ਸਾਜਰੇ ਉੱਠ ਸਭ ਤੋਂ ਪਹਿਲਾਂ ਰਮਨ ਗੁਰਦਵਾਰੇ ਜਾਵੀਰ ਦੀ ਲੰਬੀ ਉਮਰ ਤੇ ਖੁਸ਼ਹਾਲ ਜ਼ਿੰਦਗੀ ਦੀ ਕਾਮਨਾ ਕਰਕੇ ਆਈ। ਫਿਰ ਘਰ ਦੇ ਕੰਮ-ਧੰਦੇ ਫੁਰਤੀ ਨਾਲ ਨਬੇੜ ਉਹਰੀਝਾ ਨਾਲ ਬਣਾਈ ਰੱਖੜੀ ਤੇ ਮਠਿਆਈ ਲੈ ਆਪਣੇ ਪੇਕੇ ਘਰ ਜਾ ਪਹੁੰਚੀ। ਸਾਰਿਆ ਨੂੰ ਮਿਲ ਕੇ ਚਾਹ-ਪਾਣੀ ਪੀਣ ਉਪਰੰਤ ਉਸ ਨੇ ਹੈਰਾਨੀਨਾਲ ਆਸੇ-ਪਾਸੇ ਨਜ਼ਰ ਮਾਰਦਿਆਂ ਪੁਛਿਆ, 'ਭਾਬੀ! ਵੀਰਾ ਨੀ ਦਿਸਦਾ ਕਿੱਥੇਆ? 'ਉਹ ਤਾਂ ਕੱਲ੍ਹ ਦੇ ਪਟਿਆਲੇ ਗਏ ਆ, ਜ਼ਰੂਰੀ ਕੰਮ ਸੀ'। ਭਾਬੀ ਦੇ ਬੋਲਣ ਦਾ ਅੰਦਾਜ਼ ਕੁਝ ਖਰਵਾ ਸੀ। ਰਮਨ ਜਿਵੇਂ ਪ੍ਰੇਸ਼ਾਨ ਜਿਹੀ ਹੋ ਗਈ। 'ਲੈ ਵੀਰ ਨੂੰ ਰੱਖੜੀ ਦਾ ਯਾਦ ਨੀ ਸੀ ਭਲਾ, ਸ਼ਾਮ ਤਕ ਮੁੜ ਤਾਂ ਆਵੇਗਾਨਾ'? ਭੈਣ ਜੀ, ਕਬੀਲਦਾਰੀ ਦੇ ਸੌ ਸਿਆਪੇ 'ਕੱਲਾ ਬੰਦਾ ਕੀਕੀ ਕਰੇ, ਕੀ ਕੀ ਯਾਦ ਰੱਖੇ? ਉਨ੍ਹਾਂ ਦਾ ਕੋਈ ਪਤਾ ਨੀ ਕਦੋਂਵਾਪਸ ਆਉਣ। 'ਆਹ ਰੱਖੜੀ ਰੱਖ ਜਾ, ਤੇਰਾ ਜੋ ਵਿਹਾਰਬਣਦਾ ਮੈਂ ਦੇ ਦਿਨੀਂ ਆਂ, ਉਂ ਹੁਣ ਤਾਂ ਦੁਨੀਆ ਬਥੇਰੀਸਿਆਣੀ ਹੋਈ ਆ, ਕਹਿੰਦੇ ਐਵੇਂ ਵਹਿਮ ਭਰਮ ਆ ਹੋਰਰੱਖੜੀਆ ਬੰਨ੍ਹਣ ਨਾਲ ਕੀ ਹੋ ਜਾਂਦਾ, ਪਰ ਕਿੱਥੇ ਹਟਦੀਆਂਸੂਟਾ ਤੇ ਪੈਸਿਆ ਦੇ ਲਾਲਚ ਨੂੰ...।' 'ਨਹੀਂ ਭਾਬੀ, ਮੈਨੂੰ ਸੂਟ ਤੇ ਪੈਸਿਆਂ ਦੀ ਭੁੱਖ ਨੀਂ ਮੈਂ ਤਾਂ ਵੀਰ ਦੀ ਸੁੱਖ ਵਾਸਤੇ...।'ਭਾਬੀ ਦੇ ਰੁੱਖੇ ਬੋਲ ਰਮਨ ਦੀ ਪਵਿੱਤਰ ਭਾਵਨਾ ਨੂੰ ਕਿਸੇਤਿੱਖੇ ਨੇਜ਼ੇ ਵਾਂਗ ਚੁਭ ਗਏ। ਰਮਨ ਤੋਂ ਗੱਲ ਪੂਰੀ ਨਾ ਹੋਈਤੇ ਅਵਾਜ਼ ਲੜਖੜਾ ਗਈ। ਭਾਬੀ ਬੋਲਦੀ ਬੋਲਦੀ ਉਸ ਕੋਲ ਸੂਟ ਵਾਲਾ ਲਿਫ਼ਾਫ਼ਾ ਰੱਖ ਕਦੋਂ ਦੀ ਆਪਣੇ ਕੰਮ ਜਾ ਲੱਗੀ ਸੀ। ਰਮਨ ਅਜੇ ਵੀ ਪਥਰਾਈਆਂ ਅੱਖਾਂ ਨਾਲ ਕਦੇ ਹੱਥ 'ਚ ਫੜੀ ਰੱਖੜੀ ਤੇ ਕਦੇ ਵੀਰ ਦੀ ਉਡੀਕ 'ਚ ਬੂਹੇ ਵੱਲ ਵੇਖ ਰਹੀ ਸੀ।

## ਘੱਟੀਆ ਸੋਚ

ਅਮਰੀਕ ਸਿੰਘ ਤਡਵੰਡੀ ਕਲਾਂ

ਸਕੂਲ ਵਿਚ ਅੱਧੀ ਛੁੱਟੀ ਹੋ ਚੁੱਕੀ ਸੀ। ਸਾਰਾ ਸਟਾਫ਼ ਪ੍ਰਿੰਸੀਪਲ ਸਮੇਤ ਸਟਾਫ ਰੂਮ ਵਿਚ ਬੈਠਾ ਚਾਹ ਪੀ ਰਿਹਾ ਸੀ। ਚਾਹ ਪੀਣ ਤੋਂ ਬਾਅਦ ਵਿਚਾਰ ਵਿਟਾਂਦਰਾ ਸ਼ੁਰੂ ਹੋ ਗਿਆ ਸੀ ਕਿ ਆਪਣੇ ਬੱਚਿਆਂ ਨੂੰ ਕਿਹੋ ਜਹੀ ਪੜ੍ਹਾਈ ਕਰਵਾਈ ਜਾਵੇ ਅਤੇ ਕਿਸ ਪਾਸੇ ਪਾਇਆ ਜਾਵੇ। ਕਿਸੇ ਨੇ ਕੁਝ ਕਿਹਾ ਕਿਸੇ ਨੇ ਕੁਝ। ਪ੍ਰਿੰਸੀਪਲ ਸਾਹਿਬ ਕਹਿੰਦੇ, 'ਮੈਂ ਤਾਂ ਆਪਣੇ ਬੱਚੇ ਨੂੰ ਬੱਚਿਆਂ ਦਾ ਡਾਕਟਰ ਬਣਾਉਣਾ ਹੈ'। ਸਟਾਫ਼ ਦੇ ਕੁਝ ਮੈਂਬਰ ਬੋਲੇ, 'ਤੁਹਾਡਾ ਸਕੂਲ ਵਿਚ ਵੀ ਬੱਚਿਆਂ ਨਾਲ ਬਹੁਤ ਪਿਆਰ ਹੈ'। 'ਨਹੀਂ ਏਹੋ ਜਹੀ ਕੋਈ ਗੱਲ ਨਹੀਂ ਜਦੋਂ ਬੱਚੇ ਦੀ ਪੜ੍ਹਾਈ ਉੱਪਰ ਐਨਾ ਖਰਚ ਕਰਾਂਗੇ ਤਾਂ ਸੋਚਣਾ ਵੀ ਪਵੇਗਾ ਕਿ ਕਿਹੋ ਜਿਹਾ ਡਾਕਟਰ ਬਣਾਇਆ ਜਾਵੇ ਜੋ ਵੱਧ ਤੋਂ ਵੱਧ ਪੈਸਾ ਕਮਾ ਸਕੇ'। ਸਾਰੇ ਇਕੱਠੇ ਬੋਲੇ, 'ਸਰ ਜੀ ਬੱਚਿਆਂ ਦਾ ਡਾਕਟਰ ਬਣਕੇ ਕਿਵੇਂ ਵੱਧ ਤੋਂ ਵੱਧ ਪੈਸਾ ਕਮਾ ਸਕੇਗਾ?। ਪ੍ਰਿੰਸੀਪਲ ਸਾਹਿਬ ਬੋਲੇ, 'ਹਰ ਮਾਂ-ਬਾਪ ਨੂੰ ਬੱਚੇ ਬਹੁਤ ਪਿਆਰੇ ਹੁੰਦੇ ਹਨ। ਉਹ ਬੱਚਿਆਂ ਦੇ ਬਿਮਾਰ ਹੋਣ 'ਤੇ ਪੈਸਿਆਂ ਦੀ ਗੱਲ ਤਾਂ ਛੱਡੋ ਉਹ ਤਾਂ ਜਾਨ ਦੇਣ ਨੂੰ ਵੀ ਤਿਆਰ ਹੋ ਜਾਂਦੇ ਹਨ। ਤੁਸੀਂ ਜਿੰਨੇ ਵੀ ਪੈਸੇ ਮੰਗੋਗੇ ਉਨ੍ਹਾਂ ਨੇ ਦੇਣੇ ਹੀ ਹੁੰਦੇ ਹਨ। ਸੋ ਇਸ ਲਈ ਮੇਰਾ ਬੱਚਾ ਬੱਚਿਆਂ ਦਾ ਡਾਕਟਰ ਬਣਕੇ ਅੰਨ੍ਹੀ ਕਮਾਈ ਕਰ ਸਕਦਾ ਹੈ ਨਾਲੇ ਬੱਚਾ ਹੀ ਇਕੋ ਇਕ ਅਜਿਹਾ ਮਰੀਜ਼ ਹੈ ਜਿਸ ਨੇ ਡਾਕਟਰ ਉਪਰ ਕੋਈ ਕਿੰਤੂ ਪ੍ਰੰਤੂ ਨਹੀਂ ਕਰਨਾ ਹੁੰਦਾ'। ਅੱਧੀ ਛੁੱਟੀ ਬੰਦ ਹੋਣ ਦੀ ਘੰਟੀ ਵੱਜ ਚੁੱਕੀ ਸੀ। ਸਾਰੇ ਸਟਾਫ਼ ਮੈਂਬਰ ਪ੍ਰਿੰਸੀਪਲ ਦੀ ਘਟੀਆ ਸੋਚ ਬਾਰੇ ਆਪਸ ਵਿਚ ਘੁਸਰ ਮੁਸਰ ਕਰ ਰਹੇ ਸਨ ਕਿ, 'ਸਵੇਰ ਵੇਲੇ ਪ੍ਰਾਰਥਨਾ ਸਮੇਂ ਕਿਵੇਂ ਆਦਰਸ਼ਵਾਦੀ ਬਣਦਾ ਹੁੰਦਾ ਕਿਵੇਂ ਬੱਚਿਆਂ ਨੂੰ ਉਚੀ-ਸੁੱਚੀ ਸੋਚ ਰੱਖਣ ਲਈ ਕਹਿੰਦਾ ਹੁੰਦਾ। ਹੋਊ ਕੋਈ ਐਨੀ ਘਟੀਆ ਸੋਚ ਵਾਲਾ ਬੰਦਾ'। ਅਜਿਹੀਆਂ ਗੱਲਾਂ ਕਰਦੇ ਸਾਰੇ ਅਧਿਆਪਕ ਆਪਣੀਆਂ-ਆਪਣੀਆਂ ਜਮਾਤਾਂ ਵਿਚ ਚਲੇ ਗਏ ਸਨ।

## ਤਰੱਕੀ

• ਐਮ.ਐਲ.ਨਾਗਪਾਲ
ਮੋਬਾਈਲ : 98726-10035



ਸਕੂਲਾਂ ਦੀ ਜ਼ਮੀਨੀ ਹਕੀਕਤ ਦਾ ਪਤਾ ਲੈਣ ਲਈ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਸੁਧਾਰਨ ਲਈ ਸਿੱਖਿਆ ਮੰਤਰੀ ਨੇ ਖੁਦ ਸਕੂਲਾਂ ਵਿਚ ਫੇਰੀ ਪਾ ਕੇ ਅਚਨਚੇਤ ਨਿਰੀਖਣ ਕਰਨ ਦਾ ਮਨ ਬਣਾਇਆ। ਪਹਿਲੇ ਹੀ ਦਿਨ ਉਨ੍ਹਾਂ ਨੇ ਇਕ ਕਸਬੇ ਦਾ ਸਕੂਲ, ਜਿਹੜਾ ਕਿ ਸੜਕ 'ਤੇ ਸਥਿਤ ਹੈ, ਨੂੰ ਚੁਣਿਆ। ਉਹ ਆਪਣੇ ਨਾਲ ਕਿਸੇ ਨੂੰ ਨਹੀਂ ਲੈ ਕੇ ਗਏ ਅਤੇ ਕਾਰ ਦੇ ਡਰਾਈਵਰ ਨੂੰ ਵੀ ਸਕੂਲ ਤੋਂ ਕਾਫ਼ੀ ਦੂਰ ਕਾਰ ਰੋਕਣ ਦਾ ਆਦੇਸ਼ ਦਿੱਤਾ। ਉਨ੍ਹਾਂ ਨੇ ਕਾਰ ਵਿਚ ਹੀ ਆਪਣੇ ਕੱਪੜੇ ਬਦਲ ਲਏ ਤਾਂ ਕਿ ਉਨ੍ਹਾਂ ਨੂੰ ਕੋਈ ਸਹਿਜੇ ਹੀ ਪਹਿਚਾਣ ਨਾ ਸਕੇ। ਉਹ ਪੈਦਲ ਚੱਲ ਕੇ ਸਕੂਲ ਤੱਕ ਪਹੁੰਚ ਗਏ। ਸਕੂਲ ਦਾ ਮੇਨ ਗੇਟ ਬੰਦ ਸੀ ਪਰ ਉਸ ਦੀ ਖਿੜਕੀ ਖੁੱਲ੍ਹੀ ਸੀ। ਉਹ ਚੁੱਪਚਾਪ ਸਕੂਲ ਵਿਚ ਪ੍ਰਵੇਸ਼ ਕਰ ਗਏ। ਗੇਟ ਦੇ ਸਾਹਮਣੇ ਲਾਇਬ੍ਰੇਰੀ ਦਾ ਕਮਰਾ ਸੀ, ਮੰਤਰੀ ਜੀ ਉਸ ਕਮਰੇ ਵਿਚ ਗਏ। ਕਮਰੇ ਦੀ ਸਾਂਭ-ਸੰਭਾਲ ਅਤੇ ਪੁਸਤਕਾਂ ਦੇ ਚੰਗੀ ਰੱਖ-ਰਖਾਓ ਨੇ ਉਨ੍ਹਾਂ 'ਤੇ ਚੰਗਾ ਪ੍ਰਭਾਵ ਪਾਇਆ। ਕਮਰੇ ਵਿਚ ਦੋ ਕਰਮਚਾਰੀ ਹਾਜ਼ਰ ਸਨ। ਮੰਤਰੀ ਜੀ ਚੁੱਪ-ਚਾਪ ਇਕ ਕੁਰਸੀ 'ਤੇ ਬੈਠ ਗਏ। ਉਨ੍ਹਾਂ ਨੇ ਸਾਹਮਣੇ ਵਾਲੀ ਦੀਵਾਰ 'ਤੇ ਲਿਖਿਆ ਮੋਟੋ 'ਮਹਿਕੋ ਤੇ ਮਹਿਕਾਓ' ਪੜ੍ਹਿਆ। ਕਰਮਚਾਰੀਆਂ 'ਚੋਂ ਇਕ ਕਰਮਚਾਰੀ ਮੰਤਰੀ ਜੀ ਪਾਸ ਆ ਕੇ ਪੁੱਛਣ ਲੱਗਿਆ, 'ਸ੍ਰੀਮਾਨ ਜੀ, ਕੀ ਤੁਸੀਂ ਆਪਣੇ ਬੱਚੇ ਲੈਣ ਆਏ ਹੋ?' ਉਨ੍ਹਾਂ ਨੇ ਉੱਤਰ ਦਿੱਤਾ ਕਿ ਮੈਂ ਕੰਮ ਦੇ ਸਬੱਬ ਵਿਚ ਪ੍ਰਿੰਸੀਪਲ ਜੀ ਨੂੰ ਮਿਲਣ ਆਇਆ ਹਾਂ। ਉਹ ਕਰਮਚਾਰੀ ਆਖਣ ਲੱਗਾ ਕਿ ਸਾਡੇ ਸਕੂਲ ਦੇ ਕੁਝ ਬੱਚੇ ਅੱਜ ਸਾਇੰਸ ਸਿਟੀ ਦੇਖਣ ਲਈ ਗਏ ਹੋਏ ਹਨ। ਮੈਡਮ ਪ੍ਰਿੰਸੀਪਲ ਤੇ ਕੁਝ ਸਟਾਫ ਮੈਂਬਰਜ਼ ਵੀ ਨਾਲ ਗਏ ਹਨ। ਪੰਦਰਾਂ-ਵੀਹ ਮਿੰਟ ਵਿਚ ਉਨ੍ਹਾਂ ਆ ਜਾਣਾ ਹੈ। ਉਸ ਨੇ ਬੜੇ ਸਤਿਕਾਰ ਤੇ ਅਦਬ ਨਾਲ ਮੰਤਰੀ ਜੀ ਨੂੰ ਇੰਤਜ਼ਾਰ ਕਰਨ ਲਈ ਆਖਿਆ। ਉਹ ਦੂਜੇ ਮੇਜ਼ 'ਤੇ ਪਈਆਂ ਦੋ-ਤਿੰਨ ਅਖ਼ਬਾਰਾਂ ਲਿਆਇਆ ਅਤੇ ਮੰਤਰੀ ਜੀ ਦੇ ਸਾਹਮਣੇ ਰੱਖ ਦਿੱਤੀਆਂ ਤਾਂ ਕਿ ਉਹ ਇੰਤਜ਼ਾਰ ਦਾ ਸਮਾਂ ਸੁਚੱਜੇ ਢੰਗ ਨਾਲ ਬਿਤਾ ਸਕਣ। ਇਸ ਤੋਂ ਬਾਅਦ ਉਹ ਕਮਰੇ ਤੋਂ ਬਾਹਰ ਚਲਾ ਗਿਆ। ਹਾਲੇ ਉਸ ਨੇ ਬਾਹਰ ਕਦਮ ਰੱਖਿਆ ਹੀ ਸੀ ਕਿ ਦੂਜਾ ਕਰਮਚਾਰੀ ਜਿਹੜਾ ਕਮਰੇ ਵਿਚ ਬੈਠਾ ਹੋਇਆ ਸੀ, ਉੱਠਿਆ ਤੇ ਉਸ ਨੇ ਬੜੀ ਬੇਰੁਖ਼ੀ ਨਾਲ, ਮੰਤਰੀ ਜੀ ਦੇ ਸਾਹਮਣੇ ਪਈਆਂ ਅਖ਼ਬਾਰਾਂ ਚੁੱਕੀਆਂ ਅਤੇ ਇਹ ਆਖਦਾ ਹੋਇਆ ਕਿ ਹੁਣ ਛੁੱਟੀ ਦਾ ਸਮਾਂ ਹੈ, ਅਖ਼ਬਾਰਾਂ ਪੜ੍ਹਨ ਦਾ ਨਹੀਂ, ਅਲਮਾਰੀ ਵਿਚ ਰੱਖ ਦਿੱਤੀਆਂ। ਬਾਕੀ ਦਾ ਕੁਝ ਹੋਰ ਸਮਾਨ ਵੀ ਉਸ ਨੇ ਅਲਮਾਰੀਆਂ ਵਿਚ ਰੱਖ ਦਿੱਤਾ। ਏਨੇ ਵਿਚ ਪਹਿਲੇ ਵਾਲਾ ਕਰਮਚਾਰੀ, ਬੜੇ ਸਲੀਕੇ ਨਾਲ ਪਾਣੀ ਦਾ ਗਿਲਾਸ ਲੈ ਕੇ ਆਇਆ। ਗਿਲਾਸ ਦੇ ਹੇਠਾਂ ਪਲੇਟ ਸੀ ਅਤੇ ਉਪਰੋਂ ਢਕਿਆ ਹੋਇਆ ਸੀ। ਉਸ ਨੇ ਇਸ ਨੂੰ ਮੰਤਰੀ ਜੀ ਨੂੰ ਭੇਟ ਕੀਤਾ। ਮੰਤਰੀ ਜੀ ਉਸ ਦੇ ਆਚਰਣ ਅਤੇ ਸੇਵਾ ਦੀ ਲਗਨ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਮਨ ਵਿਚ ਸ਼ੱਕ ਪੈ ਗਿਆ ਕਿ ਸ਼ਾਇਦ ਉਸ ਨੇ ਮੈਨੂੰ ਪਹਿਚਾਣ ਲਿਆ ਹੈ। ਮੰਤਰੀ ਜੀ ਨੇ ਉਸ ਦਾ ਨਾਂਅ ਪੁੱਛਿਆ ਅਤੇ ਇਹ ਵੀ ਪੁੱਛਿਆ ਕਿ ਉਹ ਕਿਸ ਅਸਾਮੀ 'ਤੇ ਲੱਗਿਆ ਹੋਇਆ ਹੈ। ਉਸ ਨੇ ਉੱਤਰ ਦਿੱਤਾ ਕਿ ਮੇਰਾ ਨਾਂਅ ਪ੍ਰਕਾਸ਼ ਹੈ ਅਤੇ ਮੈਂ ਲਾਇਬ੍ਰੇਰੀ ਅਟੈਂਡੈਂਟ ਹਾਂ। ਇਹ ਮੇਰਾ ਸਾਥੀ ਹਰਨਾਮ ਹੈ ਅਤੇ ਨਾਲ ਦੀ ਵਰਕਸ਼ਾਪ ਦਾ ਅਟੈਂਡੈਂਟ ਹੈ। ਅਸੀਂ ਦੋਵੇਂ ਇਕੋ ਹੀ ਪਿੰਡ ਤੋਂ ਆਉਂਦੇ ਹਾਂ। ਇਤਫ਼ਾਕ ਵਜੋਂ ਅਸੀਂ ਦੋਵਾਂ ਨੇ ਇਕੱਠੇ 12ਵੀਂ ਪਾਸ ਕੀਤੀ ਅਤੇ ਨੌਕਰੀ ਵਿਚ ਵੀ ਨਿਯੁਕਤੀ ਇਕੱਠੀ ਹੀ ਹੋਈ। ਇਕ-ਦੋ ਮਿੰਟਾਂ ਦੀ ਚੁੱਪੀ ਤੋਂ ਬਾਅਦ ਮੰਤਰੀ ਜੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਅੱਜਕਲ੍ਹ ਤੁਹਾਡਾ ਸਿੱਖਿਆ ਮੰਤਰੀ ਕੌਣ ਹੈ। ਪ੍ਰਕਾਸ਼ ਨੇ ਤਾਂ ਇਹ ਆਖਿਆ ਕਿ ਪਤਾ ਨਹੀਂ ਪਰ ਹਰਨਾਮ ਬੁੜਬੁੜਾ ਕੇ ਆਖਣ ਲੱਗਿਆ ਕਿ ਇਥੇ ਕਈ ਮੰਤਰੀ ਘੁੰਮਦੇ ਹਨ। ਮੰਤਰੀ ਜੀ ਨੂੰ ਇਹ ਸ਼ਬਦ ਸਪੱਸ਼ਟ ਸੁਣਾਈ ਦਿੱਤੇ ਪਰ ਮੰਤਰੀ ਜੀ ਪ੍ਰਕਾਸ਼ ਦੀ ਸ਼ਖ਼ਸੀਅਤ ਤੋਂ ਐਨੇ ਪ੍ਰਭਾਵਿਤ ਹੋ ਗਏ ਸਨ ਕਿ ਉਨ੍ਹਾਂ ਲਈ ਬਾਕੀ ਸਭ ਕੁਝ ਪਿਛੋਕੜ ਵਿਚ ਚਲਿਆ ਗਿਆ।

ਦੋ-ਤਿੰਨ ਮਿੰਟ ਬਾਅਦ ਮੰਤਰੀ ਜੀ ਉੱਠੇ ਅਤੇ ਇਹ ਆਖ ਕੇ ਕਿ ਮੈਂ ਦਫ਼ਤਰ ਵਿਚ ਬੈਠ ਕੇ ਹੀ ਮੈਡਮ ਪ੍ਰਿੰਸੀਪਲ ਦਾ ਇੰਤਜ਼ਾਰ ਕਰ ਲੈਂਦਾ ਹਾਂ। ਪ੍ਰਕਾਸ਼ ਨੇ ਉਨ੍ਹਾਂ ਨੂੰ ਉਂਗਲੀ ਨਾਲ ਇਸ਼ਾਰਾ ਕਰ ਕੇ ਦੱਸਿਆ ਕਿ ਦਫ਼ਤਰ ਕਿਥੇ ਹੈ। ਜਦ ਉਹ ਦਫਤਰ ਵੱਲ ਜਾ ਰਹੇ ਸਨ ਤਾਂ ਉਹ ਮਨ ਵਿਚ ਪ੍ਰਕਾਸ਼ ਅਤੇ ਹਰਨਾਮ ਦੀ ਸ਼ਖ਼ਸੀਅਤ ਦੀ ਤੁਲਨਾ ਕਰਦਿਆਂ ਸੋਚ ਰਹੇ ਸਨ, 'ਆਦਮੀ ਆਦਮੀ ਵਿਚ ਅੰਤਰ, ਕੋਈ ਹੀਰਾ ਕੋਈ ਕੰਕਰ।'

ਹਾਲੇ ਮੰਤਰੀ ਜੀ ਦਫ਼ਤਰ ਪਹੁੰਚੇ ਹੀ ਸਨ ਕਿ ਮੈਡਮ ਪ੍ਰਿੰਸੀਪਲ ਆ ਗਏ ਅਤੇ ਸਮਾਂ ਹੋ ਜਾਣ ਕਾਰਨ ਛੁੱਟੀ ਦੀ ਘੰਟੀ ਵੀ ਵੱਜ ਗਈ।

ਮੰਤਰੀ ਜੀ ਚੁੱਪ-ਚਾਪ ਕੁਰਸੀ 'ਤੇ ਬੈਠੇ ਹਰ ਕਿਰਿਆ ਨੂੰ ਬੜੀ ਨੀਝ ਨਾਲ ਦੇਖ ਰਹੇ ਸਨ। ਜਦ ਸਟਾਫ਼ ਹਾਜ਼ਰੀ ਲਾ ਰਿਹਾ ਸੀ ਤਾਂ ਮੰਤਰੀ ਜੀ ਨੇ ਆਪਣਾ ਪਰੀਚੈ ਦਿੱਤਾ। ਮੈਡਮ ਪ੍ਰਿੰਸੀਪਲ ਨੇ ਇਕ ਝਟਕਾ ਮਹਿਸੂਸ ਕੀਤਾ ਅਤੇ ਕੁਰਸੀ ਤੋਂ ਉੱਠ ਕੇ ਖੜ੍ਹੀ ਹੋ ਗਈ। ਸਾਰਾ ਸਟਾਫ਼ ਵੀ ਅਚੰਭਿਤ ਅਤੇ ਭੈ-ਭੀਤ ਹੋ ਗਿਆ। ਮੰਤਰੀ ਜੀ ਨੇ ਕੁਝ ਮਿੰਟ ਸਟਾਫ਼ ਨਾਲ ਮੀਟਿੰਗ ਕੀਤੀ। ਹਰਨਾਮ ਸ਼ਰਮ ਨਾਲ ਡੁਬਦਾ ਜਾ ਰਿਹਾ ਸੀ ਅਤੇ ਲੁਕ ਰਿਹਾ ਸੀ ਕਿ ਕਿਤੇ ਮੰਤਰੀ ਜੀ ਉਸ ਨੂੰ ਵੇਖ ਨਾ ਲੈਣ। ਉਨ੍ਹਾਂ ਨੇ ਦੂਰ ਬੈਠੇ ਪ੍ਰਕਾਸ਼ ਨੂੰ ਇਸ਼ਾਰਾ ਕਰ ਕੇ ਬੁਲਾਇਆ ਅਤੇ ਆਪਣੀ ਬਗਲ ਵਿਚ ਲੈ ਕੇ ਆਖਣ ਲੱਗੇ, 'ਮੈਡਮ ਪ੍ਰਿੰਸੀਪਲ ਇਹ ਤੁਹਾਡੇ ਪਾਸ ਇਕ ਵਡਮੁੱਲਾ ਹੀਰਾ ਹੈ, ਜਿਸ ਦੀ ਚਮਕ ਨਾਲ ਮੈਨੂੰ ਤੁਹਾਡੇ ਸਕੂਲ ਵਿਚ ਸਭ ਕੁਝ ਚਮਕਦਾ ਨਜ਼ਰ ਆਇਆ ਹੈ। ਉਨ੍ਹਾਂ ਨੇ ਮੈਡਮ ਪ੍ਰਿੰਸੀਪਲ ਨੂੰ ਇਹ ਆਦੇਸ਼ ਦਿੱਤਾ ਕਿ ਕੱਲ੍ਹ ਹੀ ਇਸ ਦਾ ਕੇਸ ਦਰਜਾ ਚਾਰ ਤੋਂ ਦਰਜਾ ਤਿੰਨ ਵਿਚ ਤਰੱਕੀ ਵਾਸਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਭੇਜ ਦਿੱਤਾ ਜਾਵੇ। ਨਾਲ ਹੀ ਉਸੇ ਵੇਲੇ ਉਨ੍ਹਾਂ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਫ਼ੋਨ 'ਤੇ ਆਦੇਸ਼ ਦਿੱਤਾ ਕਿ ਇਸ ਕਰਮਚਾਰੀ ਦੀ ਤਰੱਕੀ ਨਿਯਮਾਂ ਅਨੁਸਾਰ ਕਰ ਕੇ ਇਸ ਨੂੰ ਘਰ ਦੇ ਲਾਗਲੇ ਕਿਸੇ ਸਕੂਲ ਵਿਚ ਲਾ ਦਿੱਤਾ ਜਾਵੇ। ਜਦ ਮੰਤਰੀ ਜੀ ਕਾਰ ਵਿਚ ਬੈਠੇ, ਉਹ ਗੁਣਗੁਣਾ ਰਹੇ ਸਨ।
ਕਮਾਲ ਦੀ ਸ਼ਖ਼ਸੀਅਤ ਹੈ ਪ੍ਰਕਾਸ਼
ਜਿਸ ਨੇ ਜਿੱਤ ਲਿਆ ਹੈ ਮੇਰਾ ਵਿਸ਼ਵਾਸ।

ਅਗਲੇ ਹਫ਼ਤੇ ਪ੍ਰਕਾਸ਼ ਦੀ ਤਰੱਕੀ ਦੇ ਹੁਕਮ ਉਸ ਦੇ ਹੱਥ ਵਿਚ ਸਨ। ਉਹ ਵਾਰ-ਵਾਰ ਇਨ੍ਹਾਂ ਨੂੰ ਚੁੰਮ ਰਿਹਾ ਸੀ ਅਤੇ ਵਾਹਿਗੁਰੂ ਦਾ ਕੋਟਿਨ-ਕੋਟ ਧੰਨਵਾਦ ਕਰ ਰਿਹਾ ਸੀ। ਉਸ ਦੇ ਕੋਲ ਖੜ੍ਹਾ ਹਰਨਾਮ ਆਪਣੇ

# 69ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ 'ਚ ਅੰਡਰ 17 ਲੜਕੀਆਂ ਦੇ ਫਰੀ ਸਟਾਈਲ ਕੁਸ਼ਤੀਆਂ ਤੇ ਬਾਕਸਿੰਗ ਦਾ ਹੋਇਆ ਆਗਾਜ਼



**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਕੂਲਾਂ ਦੇ ਵਿਦਿਆਰਥੀਆਂ ਲਈ ਵੱਖ-ਵੱਖ ਪੱਧਰਾਂ ਤੇ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿੱ. ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਤੇ ਉਪ ਜਿਲਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਅੰਤਰ ਜ਼ਿਲ੍ਹਾ ਮੁਕਾਬਲੇ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਨੇ ਕਿਹਾ ਅੰਡਰ 17 ਲੜਕੀਆਂ ਦੇ ਫਰੀ ਸਟਾਇਲ ਕੁਸ਼ਤੀਆਂ ਅਤੇ ਅੰਡਰ 17 ਲੜਕੀਆਂ ਬਾਕਸਿੰਗ ਦੇ ਅੰਤਰ ਜਿਲਾ ਮੁਕਾਬਲੇ ਪੀ.ਐਮ.ਸ਼ੀ ? ਸਰਕਾਰੀ ਮਲਟੀਪਰਪਜ਼ ਸਕੂਲ ਪਾਸੀ ਰੋਡ ਪਟਿਆਲਾ ਵਿਖੇ 8 ਅਕਤੂਬਰ ਤੋਂ 8 ਅਕਤੂਬਰ ਤੱਕ ਕਰਵਾਏ ਜਾ ਰਹੇ ਹਨ। ਅੱਜ ਦੇ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਬਰਨਾਲਾ ਜ਼ਿਲ੍ਹੇ ਦੇ ਸਪੋਰਟਸ ਕੋਆਰਡੀਨੇਟਰ ਸਿਮਰਦੀਪ ਸਿੰਘ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।

ਇਸ ਮੌਕੇ ਤੇ ਚਰਨਜੀਤ ਸਿੰਘ ਭੁੱਲਰ ਸਕੱਤਰ ਜਿਲਾ ਟੂਰਨਾਮੈਂਟ ਕਮੇਟੀ, ਬਾਕਸਿੰਗ ਤੇ ਖੇਡ ਇੰਚਾਰਜ ਸ਼੍ਰੀਮਤੀ ਵਿਜੇ ਕਪੂਰ ਪ੍ਰਿੰਸੀਪਲ ਪੀ.ਐਮ.ਸ਼ੀ ? ਸਸਸਸ ਮਲਟੀਪਰਪਜ਼, ਫਰੀ ਸਟਾਇਲ ਕੁਸ਼ਤੀਆਂ ਨੇ ਇੰਚਾਰਜ ਪ੍ਰਿੰਸੀਪਲ ਜਸਪਾਲ ਸਿੰਘ ਸਟੇਟ ਅਵਾਰਡੀ ਮੰਡੋਰ, ਇੰਚਾਰਜ ਰਿਹਾਇਸ਼ ਕਮੇਟੀ ਪ੍ਰਿੰਸੀਪਲ ਰਾਜੇਸ਼ ਮੋਦੀ ਮਾੜੂ, ਪ੍ਰਿੰਸੀਪਲ ਹਰਿੰਦਰ ਸਿੰਘ ਲੰਗ, ਮੈਸ ਕਮੇਟੀ ਇੰਚਾਰਜ ਪ੍ਰਿੰਸੀਪਲ ਰਾਜ ਕੁਮਾਰ ਨੋਗਾਵਾਂ, ਇੰਚਾਰਜ ਟੂਰਨਾਮੈਂਟ ਰਜਿਸਟਰੇਸ਼ਨ ਕਮੇਟੀ ਪ੍ਰਿੰਸੀਪਲ ਬਿਕਰਮਜੀਤ ਕੁਮਾਰ ਬਲਵੇੜਾ, ਟੂਰਨਾਮੈਂਟ ਮੈਡੀਕਲ ਕਮੇਟੀ ਇੰਚਾਰਜ ਪ੍ਰਿੰਸੀਪਲ ਮਨੋਜ ਸੈਣੀ ਵਿਕਟੋਰੀਆ, ਸਾਰਜ ਸਿੰਘ ਕੋਚ, ਰਾਜਿੰਦਰ ਸਿੰਘ,ਅਰਸ਼ਦ ਖਾਨ,ਰਾਜਪਾਲ ਸਿੰਘ, ਅਮਨਿੰਦਰ ਸਿੰਘ ਬਾਬਾ, ਰਣਜੀਤ ਸਿੰਘ, ਸ਼ਸ਼ੀ ਮਾਨ,ਹਰੀਸ਼ ਸਿੰਘ ਰਾਵਤ, ਗੁਰਪ੍ਰੀਤ ਸਿੰਘ ਟਿਵਾਣਾ, ਅਰੁਣ ਕੁਮਾਰ, ਗੌਰਵ ਬਿਰਦੀ,ਚਮਕੌਰ ਸਿੰਘ,ਮੋਹਿਤ ਕੁਮਾਰ,ਵਿਸ਼ਾਲ ਕੁਮਾਰ, ਸੁੱਚਾ ਸਿੰਘ, ਹਰਜੀਤ ਸਿੰਘ, ਦਵਿੰਦਰ ਸਿੰਘ, ਸੁਖਜਿੰਦਰ ਸਫਰੀ, ਬਲਕਾਰ ਸਿੰਘ, ਰਕੇਸ਼ ਕੁਮਾਰ ਪਾਤੜਾਂ, ਰਾਕੇਸ਼ ਕੁਮਾਰ ਲਚਕਾਣੀ, ਪ੍ਰਭਜੋਤ ਸਿੰਘ, ਲਖਵਿੰਦਰ ਸਿੰਘ, ਪਰਮਿੰਦਰ ਸਿੰਘ, ਜਸਵਿੰਦਰ ਸਿੰਘ ਗੱਜੂਮਾਜਰਾ ਸਨ।

# ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਅਤੇ ਫੈਸੀਲੀਟੇਟਰਾਂ ਨੂੰ ਜਣੇਪਾ ਛੁੱਟੀ ਦਾ ਲਾਭ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ

## ਆਸ਼ਾ ਵਰਕਰ ਤੇ ਫੈਸਲੀਟੇਟਰ ਯੂਨੀਅਨ' ਨੇ ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕੀਤਾ ਧੰਨਵਾਦ

**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਤੇ ਅਦਾਰਿਆਂ ਨਾਲ ਸਬੰਧਤ ਪੰਜ ਕਰਮਚਾਰੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦੌਰਾਨ, ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਕਿ ਕਰਮਚਾਰੀ ਮੁੱਦਿਆਂ @ਤੇ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਅੱਜ 'ਮੈਟਰਨਿਟੀ ਬੈਨੀਫਿਟਸ ਐਕਟ, 1961' ਦੇ ਅਨੁਸਾਰ ਆਸ਼ਾ ਅਤੇ ਆਸ਼ਾ ਫੈਸੀਲੀਟੇਟਰਾਂ ਨੂੰ ਜਣੇਪਾ ਛੁੱਟੀ ਦਾ ਲਾਭ ਦੇਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

'ਆਸ਼ਾ ਵਰਕਰ ਤੇ ਫੈਸਲੀਟੇਟਰ ਯੂਨੀਅਨ' ਨੂੰ ਵਧਾਈ ਦਿੰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਨਵੇਂ ਨੋਟੀਫਿਕੇਸ਼ਨ ਤਹਿਤ, ਆਸ਼ਾ ਅਤੇ ਆਸ਼ਾ ਫੈਸੀਲੀਟੇਟਰ ਜਣੇਪਾ ਛੁੱਟੀ ਦੌਰਾਨ ਨਿਸ਼ਚਿਤ ਮਾਸਿਕ ਮਾਣਭੱਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਸ ਤੋਂ ਇਲਾਵਾ, 'ਮੈਟਰਨਿਟੀ ਬੈਨੀਫਿਟਸ ਐਕਟ, 1961' ਵਿੱਚ ਭਵਿੱਖ ਵਿੱਚ ਹੋਣ ਵਾਲੀਆਂ ਸਾਰੀਆਂ ਸੋਧਾਂ ਵੀ ਉਨ੍ਹਾਂ @ਤੇ ਲਾਗੂ ਹੋਣਗੀਆਂ। ਯੂਨੀਅਨ ਨੇ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਸਵੀਕਾਰ ਕਰਨ ਲਈ ਵਿੱਤ ਮੰਤਰੀ ਦਾ ਧੰਨਵਾਦ ਕੀਤਾ।



ਇਸ ਦੌਰਾਨ ਵਿੱਤ ਮੰਤਰੀ ਵੱਲੋਂ ਪੰਜਾਬ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਖੇ ਜੰਗਲਾਤ ਵਰਕਰਜ਼ ਯੂਨੀਅਨ, ਆਸ਼ਾ ਵਰਕਰ ਤੇ ਫੈਸੀਲੀਟੇਟਰ ਨਿਰੋਲ ਯੂਨੀਅਨ, ਆਦਰਸ਼ ਸਕੂਲ ਟੀਚਿੰਗ ਨਾਨ-ਟੀਚਿੰਗ ਮੁਲਜ਼ਮ ਯੂਨੀਅਨ, ਈ.ਟੀ.ਟੀ. ਟੀ.ਈ.ਟੀ. ਪਾਸ ਅਧਿਆਪਨ ਐਸੋਸੀਏਸ਼ਨ (ਜੈ ਸਿੰਘ ਵਾਲਾ), ਅਤੇ ਬੇਰੁਜ਼ਗਾਰ ਪੀ.ਐਸ.ਟੀ.ਈ.ਟੀ. ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ। ਉਨ੍ਹਾਂ ਇਸ ਮੌਕੇ ਨਿਯਮਾਂ ਅਨੁਸਾਰ ਜਾਇਜ ਮੰਗਾਂ ਦੇ ਜਲਦੀ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ। ਵਿਚਾਰ-ਵਟਾਂਦਰੇ ਦੌਰਾਨ, ਵਿੱਤ ਮੰਤਰੀ ਚੀਮਾ ਨੇ ਸਬੰਧਤ ਵਿਭਾਗਾਂ ਨੂੰ ਯੂਨੀਅਨ ਆਗੂਆਂ ਦੁਆਰਾ ਉਠਾਈਆਂ ਗਈਆਂ ਜਾਇਜ਼ ਮੰਗਾਂ @ਤੇ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਵਿੱਤ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਵਿੱਤ ਵਿਭਾਗ ਨਾਲ ਸਬੰਧਤ ਮੰਗਾਂ ਲਈ ਪ੍ਰਸਤਾਵ ਤਿਆਰ ਕਰਨ ਅਤੇ ਉਨ੍ਹਾਂ ਨੂੰ ਵਿਚਾਰ ਅਤੇ ਜ਼ਰੂਰੀ ਕਾਰਵਾਈ ਲਈ ਤੁਰੰਤ ਵਿੱਤ ਵਿਭਾਗ ਨੂੰ ਭੇਜਣ ਦੇ ਨਿਰਦੇਸ਼ ਵੀ ਦਿੱਤੇ।

ਕਰਮਚਾਰੀਆਂ ਦੀਆਂ ਚਿੰਤਾਵਾਂ ਨੂੰ ਹੱਲ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਵਿੱਤ ਮੰਤਰੀ ਚੀਮਾ ਨੇ ਯੂਨੀਅਨਾਂ ਨੂੰ ਭਰੋਸਾ ਦਿੱਤਾ ਕਿ ਗੱਲਬਾਤ ਜਾਰੀ ਰਹੇਗੀ, ਅਤੇ ਉਨ੍ਹਾਂ ਦੇ ਜਾਇਜ਼ ਮੁੱਦਿਆਂ ਦੇ ਜਲਦੀ ਹੱਲ ਲਈ ਮੀਟਿੰਗਾਂ ਜਾਰੀ ਰਹਿਣਗੀਆਂ।

ਜੰਗਲਾਤ ਵਰਕਰਜ਼ ਯੂਨੀਅਨ ਤੋਂ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਅਤੇ ਸੁਲੱਖਣ ਸਿੰਘ ਮੋਹਾਲੀ, ਅਤੇ ਉਪ ਪ੍ਰਧਾਨ ਸਤਨਾਮ ਸਿੰਘ ਸੰਗਰੂਰ; ਆਸ਼ਾ ਵਰਕਰ ਤੇ ਫੈਸੀਲੀਟੇਟਰ ਨਿਰੋਲ ਯੂਨੀਅਨ ਤੋਂ ਸੂਬਾ ਪ੍ਰਧਾਨ ਕਿਰਨਦੀਪ ਕੌਰ ਪੰਜੋਲਾ, ਸ਼ਿੰਦਰਪਾਲ ਕੌਰ ਬਾਲਿਆਂਵਾਲੀ, ਅਤੇ ਕਿਰਨਜੀਤ ਕੌਰ ਮਾਨਸਾ; ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਜ਼ਮ ਯੂਨੀਅਨ ਤੋਂ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ, ਜਨਰਲ ਸਕੱਤਰ ਸੁਖਦੀਪ ਕੌਰ ਸਰਾਂ, ਸਹਾਇਕ ਸਕੱਤਰ ਸਲੀਮ ਮੁਹੰਮਦ; ਈ.ਟੀ.ਟੀ.ਟੀ.ਈ.ਟੀ.ਟੀ.ਈ.ਟੀ.ਪਾਸ ਅਧਿਆਪਨ ਐਸੋਸੀਏਸ਼ਨ (ਜੈ ਸਿੰਘ ਵਾਲਾ) ਤੋਂ ਸੂਬਾ ਪ੍ਰਧਾਨ ਕਮਲ ਠਾਕੁਰ, ਜਨਰਲ ਸਕੱਤਰ ਸੋਹਣ ਸਿੰਘ ਬਰਨਾਲਾ, ਅਤੇ ਖਜ਼ਾਨਚੀ ਗੁਰਮੁਖ ਸਿੰਘ ਪਟਿਆਲਾ; ਅਤੇ ਬੇਰੁਜ਼ਗਾਰ ਪੀ.ਐਸ.ਟੀ.ਈ.ਟੀ. ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਤੋਂ ਕਿਰਨਦੀਪ, ਜੋਤਇੰਦਰ ਸਿੰਘ ਅਤੇ ਹਰਮਿੰਦਰ ਸੈਣੀ ਨੇ ਮੀਟਿੰਗ ਦੌਰਾਨ ਆਪਣੀਆਂ ਮੰਗਾਂ ਅਤੇ ਮੁੱਦੇ ਪੇਸ਼ ਕੀਤੇ।

# ਸਲੱਮ ਇਲਾਕਿਆਂ ਦੇ ਬੱਚਿਆਂ ਲਈ ਜਾਗਰੂਕਤਾ ਕੈਂਪ ਦਾ ਆਯੋਜਨ

**ਮਲੇਰਕੋਟਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ.ਐਸ.ਤਿੜਕੇ ਦੇ ਦਿਸ਼ਾ ਨਿਰਦੇਸਾ ਤਹਿਤ ਅੱਜ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਵੱਲੋਂ ਸਲਮ ਇਲਾਕਿਆਂ (ਝੁੱਗੀ-ਝੌਂਪੜੀ)ਵਿਖੇ ਰਹਿੰਦੇ ਬੱਚਿਆਂ ਅਤੇ ਮਾਪਿਆਂ ਨੂੰ ਬੱਚਿਆਂ ਨਾਲ ਜੁੜੇ ਕਾਨੂੰਨਾਂ ਅਤੇ ਹੈਲਪ ਲਾਈਨ ਸਬੰਧੀ ਜਾਣਕਾਰੀ ਦੇਣ ਲਈ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਬੱਚਿਆਂ ਦੀ ਮੁਸਕਾਨ ਹੀ ਸਾਡੀ ਸੱਚੀ ਕਾਮਯਾਬੀ ਹੈ। ਹਰ ਬੱਚੇ ਨੂੰ ਸੁਰੱਖਿਅਤ ਮਾਹੌਲ ਅਤੇ ਸਿੱਖਿਆ ਦੇ ਅਧਿਕਾਰ ਤੋਂ ਬਿਨਾਂ ਕੋਈ ਵੀ ਸਮਾਜ ਤਰੱਕੀ ਨਹੀਂ ਕਰ ਸਕਦਾ। ਉਨ੍ਹਾਂ ਹੋਰ ਕਿਹਾ ਕਿ ਇਹ ਬੱਚੇ ਦੇਸ਼ ਦਾ ਭਵਿੱਖ ਹਨ, ਉਨ੍ਹਾਂ ਦੀ ਸੁਰੱਖਿਆ ਅਤੇ ਸਿੱਖਿਆ ਯਕੀਨੀ ਬਣਾਉਣਾ ਹਰ ਇਕ ਦੀ ਜ਼ਿੰਮੇਵਾਰੀ ਹੈ।

ਇਸ ਮੌਕੇ ਬਾਲ ਵਿਆਹ ਰੋਕੂ ਕਾਨੂੰਨ, ਬਾਲ ਮਜ਼ਦੂਰੀ ਰੋਕੂ ਐਕਟ ਅਤੇ ਪੋਸਕੋ ਐਕਟ ਬਾਰੇ ਸਪਸ਼ਟ ਜਾਣਕਾਰੀ ਦਿੱਤੀ ਗਈ ਤਾਂ ਜੋ ਕਿਸੇ ਵੀ ਬੱਚੇ ਦਾ ਭਵਿੱਖ ਹਨੇਰੇ ਵਿੱਚ ਨਾ ਧੱਕਿਆ ਜਾਵੇ। ਲੋਕਾਂ ਨੂੰ ਚਾਈਲਡ ਹੈਲਪ ਲਾਈਨ ਨੰਬਰ 1098 ਦੀ ਵੀ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਕਿਸੇ ਵੀ ਬੱਚੇ ਦੇ ਨਾਲ ਹੋਣ ਵਾਲੇ ਸ਼ੋਸ਼ਣ ਜਾਂ ਅਧਿਕਾਰਾਂ ਦੀ ਉਲੰਘਣਾ ਦੀ ਸਥਿਤੀ ਵਿੱਚ ਇਹ ਨੰਬਰ ਮਦਦ ਲਈ ਹਮੇਸ਼ਾ ਉਪਲਬਧ ਹੈ ਜਾਗਰੂਕਤਾ ਪ੍ਰੋਗਰਾਮ ਤੋਂ ਬਾਅਦ ਸਲਮ ਇਲਾਕਿਆਂ ਦੇ ਲੋੜਵੰਦ ਬੱਚਿਆਂ ਨੂੰ ਪੜ੍ਹਾਈ ਲਈ ਪ੍ਰੇਰਿਤ ਕਰਨ ਵਾਸਤੇ ਸਕੂਲ ਬੈਗ, ਕਾਪੀਆਂ ਅਤੇ ਪਾਣੀ ਦੀਆਂ ਬੋਤਲਾਂ ਵੰਡੀਆਂ ਗਈਆਂ। ਇਸ ਕਦਮ ਨਾਲ ਨਾ ਸਿਰਫ਼ ਬੱਚਿਆਂ ਵਿੱਚ ਸਿੱਖਿਆ ਪ੍ਰਤੀ ਰੁਝਾਨ ਵਧੇਗਾ, ਸਗੋਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਲਈ ਪ੍ਰੇਰਨਾ ਮਿਲੇਗੀ।

ਇਸ ਮੌਕੇ ਤੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਦੇ ਸਟਾਫ ਮੈਂਬਰਾਂ ਬਾਲ ਸੁਰੱਖਿਆ ਅਫ਼ਸਰ ਅਮਨਦੀਪ ਕੌਰ,ਮੁਬੀਨ ਕੁਰੈਸ਼ੀ , ਰਾਵਿੰਦਰ ਕੌਰ ਕੋਸਲਰ ,ਲਵਪ੍ਰੀਤ ਸਿੰਘ (ਡਾਟਾ ਐਂਟਰੀ) ਅਤੇ ਪਰਗਟ ਸਿੰਘ ਆਦਿ ਵੀ ਮੌਜੂਦ ਸਨ।

# ਸਰਕਾਰ ਦੀ ਕਸਟਮ ਮਿਲਿੰਗ ਨੀਤੀ ਨੂੰ ਵਿਭਾਗ ਵਲੋਂ ਅਣਗੌਲਿਆ ਕਰਨ ਤੇ ਮੁੱਖ ਮੰਤਰੀ ਤੋਂ ਵਿਜੀਲੈਂਸ ਜਾਂਚ ਦੀ ਮੰਗ-ਸੁਨੀਲ ਅਗਰਵਾਲ

**ਖਰੜ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨਾਜ ਮੰਡੀ ਖਰੜ ਦੇ ਆੜ੍ਹਤੀ ਸੁਨੀਲ ਅਗਰਵਾਲ ਵਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਖੁਰਾਕ ਤੇ ਸਪਲਾਈ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਪੱਤਰ ਭੇਜ ਕੇ ਮੰਗ ਕੀਤੀ ਕਿ ਅਨਾਜ ਮੰਡੀ ਖਰੜ ਵਿਚ ਖੁਰਾਕ ਸਪਲਾਈ ਵਿਭਾਗ ਪਿਛਲੇ ਕਈ ਸਾਲਾਂ ਤੋਂ ਪੰਜਾਬ ਸਰਕਾਰ ਦੀ ਕਸਟਮ ਮਿਲਿੰਗ ਨੀਤੀ ਨੂੰ ਅਣਗੌਲਿਆ ਕਰ ਰਿਹਾ ਹੈ। ਕਸਟਮ ਮਿਲਿੰਗ ਨੀਤੀ ਪੰਨਾ ਨੰ. 25, ਬਿੰਦੂ ਨੰ. 13 (ਜੇ) ਦੇ ਅਨੁਸਾਰ, ਇੱਕ ਕਮਿਸ਼ਨ ਏਜੰਟ ਨੂੰ ਆਪਣੀਆਂ ਚੌਲ ਮਿੱਲਾਂ ਵਿੱਚ ਖਰੀਦੇ ਗਏ ਝੋਨੇ ਨੂੰ ਸਟੋਰ ਕਰਨ ਦੀ ਆਗਿਆ ਨਹੀਂ ਹੈ, ਇਸ ਮਾਮਲੇ ਦੀ ਵਿਜੀਲੈਂਸ ਵਿਭਾਗ ਤੋਂ ਉਚ ਪੱਧਰੀ ਜਾਂਚ ਕਰਵਾਈ ਜਾਵੇ। ਉਨ੍ਹਾਂ ਸਿਕਾਇਤ ਵਿਚ ਅੱਗੇ ਲਿਖਿਆ ਕਿ ਕੁਝ ਕਥਿਤ ਤੋਰ ਤੇ ਆੜ੍ਹਤੀਆਂ ਜੋ ਚੌਲ ਮਿੱਲਰ ਵੀ ਹਨ, ਨੇ ਆਪਣੇ ਕਾਮਿਆਂ,ਰਿਸ਼ਤੇਦਾਰਾਂ ਦੇ ਨਾਮ 'ਤੇ ਵੱਖ-ਵੱਖ ਲਾਇਸੈਂਸ ਪ੍ਰਾਪਤ ਕੀਤੇ ਹਨ। ਖੁਰਾਕ ਸਪਲਾਈ ਵਿਭਾਗ ਉਨ੍ਹਾਂ ਦੁਕਾਨਾਂ ਨੂੰ ਉਸੇ ਸਬੰਧਤ ਚੌਲ ਮਿੱਲਰਾਂ ਨੂੰ ਅਲਾਟ ਕਰਕੇ ਉਨ੍ਹਾਂ ਦੀ ਸਹੂਲਤ ਦੇ ਰਿਹਾ ਹੈ।



ਇਸ ਮਾਮਲੇ ਨੂੰ ਲੈ ਕੇ ਉਨ੍ਹਾਂ ਲਿਖਿਆ ਕਿ ਖੁਰਾਕ ਸਪਲਾਈ ਵਿਭਾਗ ਕਿਸਾਨਾਂ ਅਤੇ ਛੋਟੇ ਪੱਧਰ ਦੇ ਆੜ੍ਹਤੀਆਂ ਦੀ ਸਹੂਲਤ ਲਈ ਇਹਨਾਂ ਦੁਕਾਨਾਂ ਨੂੰ ਹੋਰ ਖਰੀਦ ਏਜੰਸੀਆਂ ਨੂੰ ਅਲਾਟ ਕਰ ਸਕਦਾ ਹੈ, ਪਰ ਉਹ ਉਨ੍ਹਾਂ ਦੇ ਜਾਣੇ-ਪਛਾਣੇ ਕਾਰਨ ਅਨੁਸਾਰ ਨਹੀਂ ਕਰਦੇ। ਇਨਾਂ ਵਿੱਚੋਂ ਕੁਝ ਫਰਮਾਂ/ ਲਾਇਸੰਸਧਾਰਕ ਸਿਰਫ਼ ਝੋਨੇ ਦੀ ਖਰੀਦ ਵਿੱਚ ਸ਼ਾਮਲ ਹਨ ਅਤੇ ਉਹ ਕਣਕ ਦੀ ਖਰੀਦ ਨਹੀਂ ਕਰਦੇ ਜੋ ਕਿ ਉਨਾਂ ਦੇ ਇਰਾਦੇ ਦੀ ਪੁਸ਼ਟੀ ਕਰਦਾ ਹੈ ਜੋ ਖੁਰਾਕ ਸਪਲਾਈ ਵਿਭਾਗ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਇਨਾਂ ਫਰਮਾਂ ਤੋਂ ਲਿਫਟਿੰਗ ਦੀ ਪ੍ਰਤੀਸ਼ਤਤਾ ਖੁਰਾਕ ਸਪਲਾਈ ਵਿਭਾਗ ਅਤੇ ਸਬੰਧਤ ਏਜੰਸੀ 'ਤੇ ਇੱਕ ਸਵਾਲ ਉਠਾਉਂਦੀ ਹੈ। ਇਸ ਕਾਰਨ ਇਹ ਚੌਲ ਮਿੱਲਰ ਕਿਸਾਨਾਂ ਅਤੇ ਛੋਟੇ ਪੱਧਰ ਦੇ ਆੜ੍ਹਤੀਆਂ ਦਾ ਸਟਾਕ ਨਾ ਚੁੱਕ ਕੇ ਸ਼ੋਸ਼ਣ ਕਰਦੇ ਹਨ। ਹਰ ਸਾਲ ਮਾਰਕੀਟ ਕਮੇਟੀ, ਖਰੜ ਦੁਆਰਾ ਨਵੇਂ ਲਾਇਸੈਂਸ ਜਾਰੀ ਕੀਤੇ ਜਾਂਦੇ ਹਨ ਜੋ ਕਿ ਜਾਂਚ ਦਾ ਇੱਕ ਹਿੱਸਾ ਵੀ ਹੈ।

# ਪੰਜਾਬ ਸਰਕਾਰ ਨੇ ਵਿਧਵਾਵਾਂ ਅਤੇ ਨਿਆਸ਼ਰਿਤ ਔਰਤਾਂ ਲਈ ਵਿੱਤੀ ਸਾਲ 2025-26 ਵਿੱਚ 1170 ਕਰੋੜ ਰਾਖਵੇਂ: ਡਾ. ਬਲਜੀਤ ਕੌਰ

**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਿੱਤੀ ਸਾਲ 2025-26 ਲਈ ਵਿਧਵਾਵਾਂ ਅਤੇ ਨਿਆਸ਼ਰਿਤ ਔਰਤਾਂ ਦੀ ਵਿੱਤੀ ਸਹਾਇਤਾ ਯੋਜਨਾ ਹੇਠ ?1170 ਕਰੋੜ ਦਾ ਬਜਟ ਉਪਬੰਧ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਅਗਸਤ 2025 ਤੱਕ ?593.14 ਕਰੋੜ ਜਾਰੀ ਕਰਕੇ 6.66 ਲੱਖ ਔਰਤਾਂ ਨੂੰ ਸਿੱਧਾ ਲਾਭ ਦਿੱਤਾ ਜਾ ਚੁੱਕਾ ਹੈ। ਡਾ. ਬਲਜੀਤ ਕੌਰ ਨੇ ਕਿਹਾ, ਮਾਨ ਸਰਕਾਰ ਦਾ ਟੀਚਾ ਸਿਰਫ਼ ਵਿੱਤੀ ਸਹਾਇਤਾ ਨਹੀਂ, ਸਗੋਂ ਔਰਤਾਂ ਨੂੰ ਆਤਮਵਿਸ਼ਵਾਸੀ ਅਤੇ ਸਵੈ-ਨਿਰਭਰ ਬਣਾਉਣਾ ਹੈ।

ਡਾ. ਬਲਜੀਤ ਕੌਰ ਨੇ ਇਹ ਵੀ ਕਿਹਾ ਕਿ ਸਰਕਾਰ ਦੀ ਇਹ ਕੋਸ਼ਿਸ਼ ਸਿਰਫ਼ ਰਕਮ ਵੰਡਣ ਤੱਕ ਸੀਮਤ ਨਹੀਂ, ਬਲਕਿ ਉਹਨਾਂ ਮਹਿਲਾਵਾਂ ਨੂੰ ਇੱਕ ਨਵੀਂ ਉਮੀਦ ਦੇਣੀ ਹੈ ਜੋ ਜੀਵਨ ਦੀਆਂ ਮੁਸ਼ਕਲਾਂ ਵਿੱਚ ਹਿੰਮਤ ਨਾਲ ਅੱਗੇ ਵਧ ਰਹੀਆਂ ਹਨ। ਇਸ ਯੋਜਨਾ ਰਾਹੀਂ ਹਰ ਲਾਭਪਾਤਰੀ ਆਪਣੇ ਪਰਿਵਾਰ ਲਈ ਸਹਾਰਾ ਬਣਦੀ ਹੈ ਅਤੇ ਆਪਣੇ ਬੱਚਿਆਂ ਦਾ ਭਵਿੱਖ ਨਿਖਾਰ ਸਕਦੀ ਹੈ।



ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਸਕੀਮਾਂ ਰਾਹੀਂ ਔਰਤਾਂ ਨੂੰ ਸਸ਼ਕਤ ਬਣਾਉਣ ਨਾਲ ਉਹ ਪਰਿਵਾਰ ਅਤੇ ਸਮਾਜ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ।

ਡਾ. ਬਲਜੀਤ ਕੌਰ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦੇ ਲਗਾਤਾਰ ਯਤਨਾਂ ਕਰਕੇ ਹੁਣ ਸਹਾਇਤਾ ਰਾਸ਼ੀ ਬਿਨਾਂ ਕਿਸੇ ਰੁਕਾਵਟ ਸਿੱਧੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਪਹੁੰਚ ਰਹੀ ਹੈ, ਜਿਸ ਨਾਲ ਪਾਰਦਰਸ਼ਤਾ ਅਤੇ ਵਿਸ਼ਵਾਸ ਦੋਵਾਂ ਵਧੇ ਹਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਇੱਕ ਸਮਾਜਿਕ ਤੌਰ @ਤੇ ਸੁਰੱਖਿਅਤ, ਸਸ਼ਕਤ ਅਤੇ ਸਮਾਵੇਸ਼ੀ ਰਾਜ ਵੱਲ ਵੱਧ ਰਿਹਾ ਹੈ।

# ਸ੍ਰੀ ਨਨਕਾਣਾ ਸਾਹਿਬ ਜੱਥੇ ਨੂੰ ਪ੍ਰਵਾਨਗੀ ਦੇਣ ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੱਡਾ ਫੈਸਲਾ-ਰਣਜੀਤ ਸਿੰਘ ਗਿੱਲ

**ਖਰੜ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਆਗੂ ਰਾਣਾ ਰਣਜੀਤ ਸਿੰਘ ਗਿੱਲ ਨੇ ਕਿਹਾ ਕਿ ਪਾਕਿਤਸਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਅਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਉੱਤੇ ਜੱਥੇ ਨੂੰ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰੂਦੁਆਰਿਆਂ ਦੀ ਕੇਂਦਰ ਸਰਕਾਰ ਵਲੋਂ ਪ੍ਰਵਾਨਗੀ ਦੇਣ ਉੱਤੇ ਸਮੁੱਚੇ ਸਿੱਖ ਪੰਥ ਵਿੱਚ ਖੁਸ਼ੀ ਦੀ ਲਹਿਰ ਹੈ।



ਭਾਜਪਾ ਆਗੂ ਨੇ ਅੱਗੇ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸਿੱਖ ਜੱਥਿਆਂ ਤੇ ਕੋਈ ਰੋਕ ਨਹੀਂ ਹੋਵੇਗੀ ਸਿੱਖ ਸੰਗਤਾਂ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰੂਧਾਮਾਂ ਦੇ ਦਰਸ਼ਨ ਕਰਨ ਲਈ ਹਰ ਸਾਲ ਜਥੇ ਜਾਂਦੇ ਹਨ। ਇਸ ਸਾਲ ਵੀ ਜਥੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਾਣਗੇ।

# ਯੂ.ਪੀ. ਦੇ ਮੁੱਖ ਮੰਤਰੀ ਨਾਲ ਮਹੰਤ ਯੋਗੀ ਰਾਮ ਨਾਥ ਜੀ ਨੇ ਕੀਤੀ ਮੀਟਿੰਗ

**ਖਰੜ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਾਚੀਨ ਮਾਤਾ ਅੰਬਿਕਾ ਦੇਵੀ ਮੰਦਰ ਡੇਰਾ ਬਾਬਾ ਮੰਗਲ ਨਾਥ ਜੀ ਖਰੜ ਦੇ ਗੱਦੀਨਸ਼ੀਨ ਮਹੰਤ ਯੋਗੀ ਰਾਮ ਨਾਥ ਜੀ ਨੇ ਯੂ.ਪੀ. ਦੇ ਮੁੱਖ ਮੰਤਰੀ ਅਤੇ ਗੋਰਖ ਪੀਠ ਧੀਸ਼ਵਰ ਦੇ ਸਤਿਕਾਰਯੋਗ ਸ੍ਰੀ ਮਹੰਤ ਯੋਗੀ ਆਦਿਤਿਆਨਾਥ ਜੀ ਨਾਲ ਮੀਟਿੰਗ ਕਰਕੇ ਉਨ੍ਹਾਂ ਤੋਂ ਆਸ਼ੀਰਵਾਦ ਲਿਆ ਅਤੇ ਉਨ੍ਹਾਂ ਨਾਲ ਅਧਿਆਤਮਿਕ ਮਾਮਲਿਆਂ ਅਤੇ ਮੱਠਾਂ, ਮੰਦਰਾਂ ਬਾਰੇ ਵਿਸ਼ੇਸ ਚਰਚਾ ਕੀਤੀ ਗਈ। ਸ਼ਾਰਦੀਆਂ ਨਵਰਾਤਰੀ ਦੀ ਸਮਾਪਤੀ ਤੋਂ ਬਾਅਦ ਵਿਜੈਦਸ਼ਮੀ ਦੇ ਸੁਭ ਮੌਕੇ ਸੋਭਾ ਯਾਤਰਾ ਵੀ ਕੱਢੀ ਜਿਸਨੂੰ ਸਤਿਕਾਰਯੋਗ ਮਹੰਤ ਯੋਗੀ ਆਦਿਤਿਆ ਜੀ ਵਲੋਂ ਸ਼ਰਧਾਲੂਆਂ ਨੂੰ ਆਸ਼ੀਰਵਾਦ ਦਿੱਤਾ। ਉਨ੍ਹਾ ਦਸਿਆ ਕਿ ਉਹ ਸਮੇਂ ਸਿਰ ਤੇ ਮੱਠਾਂ, ਮੰਦਰਾਂ ਸਮੇਤ ਹੋਰ ਗੁਰਧਾਮਾਂ ਬਾਰੇ ਉਹ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਨੂੰ ਮਿਲ ਕੇ ਵਿਸ਼ੇਸ ਚਰਚਾ ਕੀਤੀ ਜਾਂਦੀ ਹੈ।



# ਅਨਾਜ਼ ਮੰਡੀਆਂ ਚ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ : ਹਡਾਣਾ



**ਸਨੌਰ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਸਨੌਰ ਹਲਕੇ ਦੀਆਂ ਅਨਾਜ ਮੰਡੀਆਂ ਭੁਨਰਹੇੜੀ, ਪੁਰ, ਮਰਦਾਹੇੜੀ, ਪੰਜੋਲਾ, ਬਲਬੇੜਾ, ਦਾ ਦੌਰਾ ਕਰਕੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜਾ ਲਿਆ। ਇਸ ਮੌਕੇ ਕਿਹਾ ਕਿ ਆੜ੍ਹਤੀਆ, ਸ਼ੈਲਰ ਮਾਲਕਾਂ, ਕਿਸਾਨਾਂ ਨੂੰ ਕਿਸੇ ਤਰਾਂ ਦੀ ਵੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਨਾਲ ਕਿਹਾ ਕਿ ਆਏ ਹੜਾਂ ਕਾਰਨ ਨੁਕਸਾਨੀ ਗਈ ਫ਼ਸਲ ਦਾ ਵੀ ਸਰਕਾਰ ਵੱਲੋਂ ਮੁਆਵਜਾ ਦਿੱਤਾ ਜਾਵੇਗਾ।

ਸਨੌਰ ਇੰਚਾਰਜ ਚੇਅਰਮੈਨ ਰਣਜੋਧ ਸਿੰਘ ਹਡਾਣਾ ਦਾ ਵੱਖ ਅਨਾਜ ਮੰਡੀਆਂ ਚ ਪਹੁੰਚਣ ਤੇ ਭਰਵਾ ਸਵਾਗਤ ਕੀਤਾ ਗਿਆ।

# ਖਾਲਸਾ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਫਾਰ ਵੂਮੈਨ ਵੱਲੋਂ ਫਰੈਸ਼ਰ ਪਾਰਟੀ ਦਾ ਆਯੋਜਨ

**ਲੁਧਿਆਣਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਫਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਨਵੇਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦਾ ਤਹਿ-ਦਿਲੋਂ ਸਵਾਗਤ ਕਰਨ ਲਈ ਰੌਣਕਮਈ ਫਰੈਸ਼ਰ ਪਾਰਟੀ ਆਗਾਜ਼-ਐ-ਨ-ਆਗਮਨ 2025 ਦਾ ਆਯੋਜਨ ਕੀਤਾ ਗਿਆ। ਸੰਸਥਾ ਦੀ ਡਾਇਰੈਕਟਰ ਡਾ. ਹਰਪ੍ਰੀਤ ਕੌਰ, ਫੈਕਲਟੀ ਮੈਂਬਰਾਂ, ਸੀਨੀਅਰ ਵਿਦਿਆਰਥੀਆਂ ਅਤੇ ਪ੍ਰਬੰਧਕੀ ਟੀਮ ਨੇ ਮਿਲ ਕੇ ਨਵੀਆਂ ਵਿਦਿਆਰਥਣਾਂ ਦਾ ਸਵਾਗਤ ਕੀਤਾ। ਸਮਾਰੋਹ ਉਤਸ਼ਾਹ, ਜੋਸ਼ ਅਤੇ ਰੰਗ-ਬਰੰਗੀਆਂ ਪੇਸ਼ਕਸ਼ਾਂ ਨਾਲ ਭਰਿਆ ਰਿਹਾ, ਜਿਸ ਨਾਲ ਅਕਾਦਮਿਕ ਯਾਤਰਾ ਦੀ ਸ਼ੁਰੂਆਤ ਹੋਰ ਵੀ ਰੁਚਿਕਰ ਬਣ ਗਈ।

ਖ਼ਾਸ ਮਹਿਮਾਨਾਂ ਵਿੱਚ ਸ਼੍ਰੀਮਤੀ ਸ਼ੈਲੀ ਅਗਰਵਾਲ, ਡਾਇਰੈਕਟਰ ਅਤੇ ਸਹਿ-ਸੰਸਥਾਪਕ PIFT, ਲੁਧਿਆਣਾ ਅਤੇ ਸ਼੍ਰੀਮਤੀ ਰਿਤਿਕਾ ਸ਼ਰਮਾ, ਪ੍ਰਸਿੱਧ ਕਥਕ ਡਾਂਸਰ ਅਤੇ ਕੋਰੀਓਗ੍ਰਾਫਰ (ਪੁਲਿਸ ਡੀਏਵੀ ਸਕੂਲ) ਨੇ ਜੱਜ ਵਜੋਂ ਸ਼ਿਰਕਤ ਕੀਤੀ।



ਪਹਿਲੇ ਸਾਲ ਦੀਆਂ ਵਿਦਿਆਰਥਣਾਂ ਨੇ ਪੂਰੇ ਉਤਸ਼ਾਹ ਨਾਲ ਰੈਂਪ ਵਾਕ ਵਿੱਚ ਹਿੱਸਾ ਲਿਆ ਅਤੇ ਆਪਣੀ ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਵਿਅਕਤਿਤਵ ਦੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਇਸ ਤੋਂ ਇਲਾਵਾ ਸੋਲੋ ਅਤੇ ਗਰੁੱਪ ਡਾਂਸ ਮੁਕਾਬਲੇ ਵੀ ਕਰਵਾਏ ਗਏ।

ਜੇਤੂਆਂ ਦੇ ਨਾਮ:
ਸੋਲੋ ਡਾਂਸ: ਅਰਸ਼ਿਤਾ ਸ਼ੁਕਲਾ (ਬੀ.ਬੀ.ਏ. ਦੂਜਾ ਸਾਲ)
ਗਰੁੱਪ ਡਾਂਸ: ਦ ਗ੍ਰੇਸ ਟਰੂਪ (ਬੀ.ਕਾਮ. ਦੂਜਾ ਸਾਲ)
ਫੈਸ਼ਨ ਸ਼ੋਅ ਦੇ ਖ਼ਿਤਾਬ:
ਮਿਸ ਫਰੈਸ਼ਰਜ਼: ਤਾਨੀਆ ਸ਼ਰਮਾ
ਪਹਿਲੀ ਰਨਰ-ਅੱਪ: ਦਿਲਨਾਜ਼ ਕੌਰ
ਦੂਜੀ ਰਨਰ-ਅੱਪ: ਮਨਜੋਤ ਕੌਰ
ਮਿਸ ਬੈਸਟ ਰੈਂਪ ਵਾਕ: ਜਾਨਵੀ ਸ਼ਰਮਾ
ਮਿਸ ਬਿਊਟੀਫੁੱਲ ਸਮਾਈਲ: ਸਾਂਚੀ
ਮਿਸ ਬੈਸਟ ਪਰਸਨੈਲਿਟੀ: ਕਸ਼ਿਸ਼ ਮਲਹੋਤਰਾ
ਮਿਸ ਵਿਵੇਸ਼ੀਅਸ: ਕੀਰਤੀ ਵੈਦ
ਮਿਸ ਬੈਸਟ ਪਹਿਰਾਵਾ: ਮਿਸ਼ਿਕਾ ਗਰਗ
ਮਿਸ ਫੋਟੋਜੈਨਿਕ: ਨੈਨਾ
ਮਿਸ ਕਨਫਿਡੈਂਟ: ਨਵਦੀਸ਼ਾ
ਮਿਸ ਟੈਲੇਂਟੇਡ: ਮੁਸਕਾਨਪ੍ਰੀਤ
ਮਿਸ ਐਲੀਗੈਂਟ: ਹਰਗੁਣ ਕੌਰ
ਮਿਸ ਬਿਊਟੀ ਵਿਦ ਬ੍ਰੇਨ: ਮਨਪ੍ਰੀਤ

ਡਾ. ਹਰਪ੍ਰੀਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਅਤੇ ਪ੍ਰਤਿਭਾ ਲਈ ਸ਼ਾਬਾਸ਼ੀ ਦਿੱਤੀ ਅਤੇ ਜੇਤੂਆਂ ਨੂੰ ਉਨ੍ਹਾਂ ਦੇ ਖਿਤਾਬਾਂ ਲਈ ਵਧਾਈ ਦਿੱਤੀ।

# ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਦਾ ਜਨਮ ਦਿਨ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਵੱਲੋਂ ਬਾਵਾ ਨੇ ਮਨਾਇਆ

**ਲੁਧਿਆਣਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦਾ 156ਵਾਂ ਅਤੇ ਲਾਲ ਬਹਾਦਰ ਸ਼ਾਸਤਰੀ ਸਵਰਗੀ ਪ੍ਰਧਾਨ ਮੰਤਰੀ ਜੀ ਦਾ 121ਵਾਂ ਜਨਮ ਦਿਨ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਵੱਲੋਂ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਸਰਪ੍ਰਸਤੀ ਹੇਠ ਸ਼ਹੀਦਾਂ ਦੀ ਯਾਦ ਵਿੱਚ ਵਸੇ ਰਾਜਗੁਰੂ ਨਗਰ ਵਿਖੇ ਮਨਾਇਆ ਗਿਆ।

ਇਸ ਸਮੇਂ ਰਜਨੀ ਬਾਵਾ, ਅਰਜੁਨ ਬਾਵਾ, ਮਨਜੋਤ ਬਾਵਾ, ਮਹੇਸ਼ ਮੁਨੀ ਅਤੇ ਸੰਜੈ ਠਾਕੁਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



ਬਾਵਾ ਜੀ ਨੇ ਕਿਹਾ ਕਿ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਨੇ ਅਹਿੰਸਾ ਦਾ ਰਸਤਾ ਅਖਤਿਆਰ ਕਰਕੇ ਅਜਾਦੀ ਦੀ ਲੜਾਈ ਲਈ ਮੋਹਰੀ ਰੋਲ ਅਦਾ ਕੀਤਾ। ਉਹਨਾਂ ਨੇ 1942 ਵਿੱਚ ÷ਭਾਰਤ ਛੋਡੋ ਅੰਦੋਲਨ÷ ਸ਼ੁਰੂ ਕੀਤਾ ਅਤੇ ਸਵਦੇਸ਼ੀ ਚੀਜ਼ਾਂ ਵੀ ਵਰਤੋਂ ਕਰਨ ਲਈ ਭਾਰਤੀਆਂ ਨੂੰ ਪ੍ਰੇਰਿਆ। ਉਹਨਾਂ ਛੂਤ-ਛਾਤ ਖਿਲਾਫ ਆਵਾਜ਼ ਬੁਲੰਦ ਕਰਦੇ ਹੋਏ ਨੀਵੀਆਂ ਜਾਤੀਆਂ ਨਾਲ ਸੰਬੰਧਿਤ ਕਹੇ ਜਾਣ ਵਾਲੇ ਲੋਕਾਂ ਲਈ ਮੰਦਰਾਂ ਵਿੱਚ ਪ੍ਰਵੇਸ਼ ਕਰਨ ਦੀ ਮੁਹਿੰਮ ਚਲਾਈ। ਉਹਨਾਂ ਨੇ ਹਮੇਸ਼ਾ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਲਈ ਲੜਾਈ ਲੜੀ।

ਉਹਨਾਂ ਇਸ ਸਮੇਂ ਲਾਲ ਬਹਾਦਰ ਸ਼ਾਸਤਰੀ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਉਹਨਾਂ ਦੇ ਜੀਵਨ ਦੀ ਸੱਚਾਈ, ਸਾਦਗੀ, ਸਪਸ਼ਟਤਾ ਦੇਸ਼ ਵਾਸੀਆਂ ਨੂੰ ਖਾਸ ਕਰਕੇ ਸਿਆਸੀ ਲੋਕਾਂ ਲਈ ਵੱਡੀ ਪ੍ਰੇਰਨਾ ਹੈ। ਉਹਨਾਂ ਕਿਹਾ ਕਿ ਜਿਸ ਨੇਤਾ ਨੂੰ ਤੈਰ ਕੇ ਪੜ੍ਹਾਈ ਲਈ ਸਕੂਲ ਜਾਣਾ ਪਿਆ, ਕਾਰ ਵੀ ਕਰਜੇ ਤੇ ਲੈਣੀ ਪਈ ਅਤੇ ਜਦੋਂ ਜੇਲ ਵਿੱਚ ਸਨ ਤਾਂ ਉਹਨਾਂ ਨੂੰ 30 ਰੁਪਏ ਰੋਜਾਨਾ ਮਿਲਦੇ ਸਨ ਪਰ ਜਦੋਂ ਉਹਨਾਂ ਦੀ ਧਰਮ ਪਤਨੀ ਉਹਨਾਂ ਨੂੰ ਮਿਲਣ ਲਈ ਗਈ ਤਾਂ ਉਹਨਾਂ ਕਿਹਾ ਕਿ ਮੈਂ ਗੁਜ਼ਾਰਾ 25 ਰੁਪਏ ਵਿੱਚ ਕਰ ਲੈਂਦੀ ਹਾਂ ਅਤੇ 5 ਰੁਪਏ ਬਚਾ ਲੈਂਦੀ ਹਾਂ ਤਾਂ ਫੌਰਨ ਸ਼ਾਸਤਰੀ ਜੀ ਨੇ ਜੇਲ੍ਹ ਸੁਪਰਡੈਂਟ ਨੂੰ ਪੱਤਰ ਲਿਖ ਕੇ ਘਰ ਲਈ 25 ਰੁਪਏ ਦੇਣ ਲਈ ਕਿਹਾ। ਅਜਿਹਾ ਕਿਰਦਾਰ ਭਾਰਤ ਦੇ ਨੇਤਾ ਦਾ ਹੋਣਾ ਸਾਡੇ ਲਈ ਮਾਣ ਵਾਲੀ ਗੱਲ ਹੈ।

ਲੋੜ ਹੈ ਦੇਸ਼ ਭਗਤਾਂ ਦੇ ਜੀਵਨ ਤੋਂ ਸੇਧ ਲੈ ਕੇ ਵੋਟ ਦਾ ਸਹੀ ਇਸਤੇਮਾਲ ਕਰੀਏ। ਵੋਟ ਵੱਟੇ ਨੋਟ ਸ਼ਹੀਦਾਂ ਦਾ ਅਪਮਾਨ ਹੈ।

# ਨੌਜਵਾਨਾਂ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜ਼ਮੀਨੀ ਪੱਧਰ 'ਤੇ ਜਾਗਰੂਕ ਕੀਤਾ ਜਾਵੇਗਾ : ਐਸ. ਪੀ. ਹਰਵੰਤ ਕੌਰ

**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੂੰ ਐਸ ਐਸ ਪੀ ਸ੍ਰੀ ਫ਼ਤਹਿਗੜ੍ਹ ਸਾਹਿਬ ਸ਼ੁਭਮ ਅਗਰਵਾਲ ਅਤੇ ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੋਰ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਦੱਸਿਆ ਕਿ ਉਹਨਾਂ ਦੀ ਟੀਮ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ, ਨਸ਼ਾ ਮੁਕਤ ਭਾਰਤ ਅਭਿਆਨ ਅਤੇ ਰੰਗਲਾ ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਦੋ ਸਾਲਾਂ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਤਕਰੀਬਨ 350 ਤੋਂ ਉਪਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕਾਂ ਦਾ ਆਯੋਜਨ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰ ਚੁੱਕਿਆ ਹਨ ਅਤੇ ਨੌਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਉਹਨਾਂ ਦੀ ਟੀਮ ਪਿਛਲੇ 12 ਸਾਲਾਂ ਤੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਨਸ਼ਿਆਂ ਵਿਰੁੱਧ ਤਕਰੀਬਨ 3000 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਹੀ ਹੈ।



ਇਸ ਮੌਕੇ ਐਸ ਐਸ ਪੀ ਸ੍ਰੀ ਫ਼ਤਹਿਗੜ੍ਹ ਸਾਹਿਬ ਸ਼ੁਭਮ ਅਗਰਵਾਲ ਅਤੇ ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੋਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ ਦੀ ਅਗਵਾਈ ਹੇਠ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਬਲਿਕ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਵਿਚ ਸਫ਼ਲ ਹੋ ਸਕਾਂਗੇ। ਉਹਨਾਂ ਕਿਹਾ ਕਿ ਨੌਜਵਾਨਾਂ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜ਼ਮੀਨੀ ਪੱਧਰ ਤੇ ਜਾਗਰੂਕ ਕੀਤਾ ਜਾਵੇਗਾ। ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦੀ ਟੀਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਨਸ਼ਿਆਂ ਵਿਰੁੱਧ ਨੌਜਵਾਨਾ ਨੂੰ ਜਾਗਰੂਕ ਕਰਨ ਲਈ ਛੇੜੀ ਹੋਈ ਹੈ ਉਸ ਵਿੱਚ ਜ਼ਿਲ੍ਹਾ ਪੁਲਿਸ ਸ੍ਰੀ ਫ਼ਤਹਿਗੜ੍ਹ ਸਾਹਿਬ ਹਰ ਸੰਭਵ ਮਦਦ ਦੇਣ ਲਈ ਤਿਆਰ ਹੈ ਅਤੇ ਸਕੂਲਾਂ, ਕਾਲਜਾਂ, ਪਿੰਡਾ , ਸ਼ਹਿਰਾਂ, ਕਸਬਿਆਂ ਵਿੱਚ ਜਾ ਕੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾਵੇਗਾ।ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਐਸ ਐਸ ਪੀ ਸ੍ਰੀ ਫ਼ਤਹਿਗੜ੍ਹ ਸਾਹਿਬ ਸ਼ੁਭਮ ਅਗਰਵਾਲ, ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੋਰ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੀ ਟੀਮ ਹਮੇਸ਼ਾ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਪੁਲਿਸ ਪ੍ਰਸ਼ਾਸਨ ਨਾਲ ਮਿਲਕੇ ਪ੍ਰੋਗਰਾਮਾਂ ਦਾ ਆਯੋਜਨ ਕਰਨ ਗਈਆ ਅਤੇ ਨੌਜਵਾਨਾ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਮੁਫ਼ਤ ਕਿਤਾਬਾਂ ਵੀ ਵੰਡੀਆਂ ਜਾਣਗੀਆਂ।

ਇਸ ਮੌਕੇ ਐਸ ਪੀ ਡੀ ਰਾਕੇਸ਼ ਯਾਦਵ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ ਵੀ ਹਾਜ਼ਰ ਸਨ।

# ਸਰਕਾਰੀ ਮਹਿੰਦਰਾ ਕਾਲਜ ਵਿਖੇ ਹੋਏ ਅੰਤਰ ਕਾਲਜ ਯੋਗਾ ਮੁਕਾਬਲੇ

**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਖੇਡ ਕੈਲੰਡਰ ਅਨੁਸਾਰ ਅੰਤਰ ਕਾਲਜ ਯੋਗਾ ਮੁਕਾਬਲੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਅੱਜ ਨੂੰ ਬੜੀ ਸ਼ਾਨੋ ਸ਼ੋਕਤ ਨਾਲ ਸ਼ੁਰੂ ਹੋਏ। ਇਨ੍ਹਾਂ ਮੁਕਾਬਲਿਆਂ ਦਾ ਉਦਘਾਟਨ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਨਿਸ਼ਠਾ ਤ੍ਰਿਪਾਠੀ ਨੇ ਆਪਣੇ ਕਰ-ਕਮਲਾਂ ਨਾਲ ਕੀਤਾ। ਇਸ ਉਪਰੰਤ ਯੂਨੀਵਰਸਿਟੀ ਤੋਂ ਆਏ ਯੋਗਾ ਇੰਸਟਰਕਟਰ ਮੈਡਮ ਮੁਕੇਸ਼ ਚੌਧਰੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਇਨ੍ਹਾਂ ਮੁਕਾਬਲਿਆਂ ਨੂੰ ਸੁਚਾਰੂ ਰੂਪ ਨਾਲ ਚਲਾਉਣ ਵਿੱਚ ਆਪਣਾ ਯੋਗਦਾਨ ਪਾਇਆ। ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਅਧੀਨ ਆਉਦੇਂ ਵੱਖ-ਵੱਖ ਕਾਲਜਾਂ ਦੀਆਂ ਲੜਕਿਆਂ ਦੀਆਂ ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਕ੍ਰਮਵਾਰ :-
ਪਹਿਲਾ ਸਥਾਨ- ਯੂਨੀਵਰਸਿਟੀ ਕਾਲਜ ਮੂਣਕ।
ਦੂਜਾ ਸਥਾਨ - ਸਰਕਾਰੀ ਮਹਿੰਦਰਾ ਕਾਲਜ ਪਟਿਆਲਾ।
ਤੀਜਾ ਸਥਾਨ - ਅਕਾਲ ਡਿਗਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਮਸਤੂਆਣਾ ਸਾਹਿਬ।



ਇਸ ਉਪਰੰਤ ਇਨ੍ਹਾਂ ਮੁਕਾਬਲਿਆਂ ਦੀ ਇਨਾਮ ਤਕਸੀਮ ਕਰਨ ਦੀ ਭੂਮਿਕਾ ਪ੍ਰਿੰਸੀਪਲ ਸ਼੍ਰੀਮਤੀ ਨਿਸ਼ਠਾ ਤ੍ਰਿਪਾਠੀ ਨੇ ਨਿਭਾਈ ਅਤੇ ਉਨ੍ਹਾਂ ਦੁਆਰਾ ਯੋਗ ਅਤੇ ਧਿਆਨ ਸੰਬੰਧੀ ਸਟਾਫ ਅਤੇ ਵਿਦਿਆਰਥੀਆਂ ਨੂੰ ਬੜੀ ਡੂੰਘਾਈ ਨਾਲ ਜਾਣਕਾਰੀ ਦਿੱਤੀ ਅਤੇ ਯੋਗਾ ਵਰਗੀਆਂ ਖੇਡਾਂ ਵਿੱਚ ਵਿਦਿਆਰਥੀਆਂ ਨੂੰ ਵੱਧ ਚੜ੍ਹਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਯੋਗਾ ਵਿਭਾਗ ਦੇ ਮੁਖੀ ਪ੍ਰੋ. ਪਰਮਵੀਰ ਸਿੰਘ ਨੇ ਬਾਹਰੋਂ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਕਾਲਜ ਕਾਊਂਸਲ ਦੇ ਮੈਂਬਰਾਂ ਵਿੱਚੋਂ ਪ੍ਰੋ. ਨਵਜੋਤ ਸਿੰਘ, ਡਾ. ਅੰਮ੍ਰਿਤ ਸਮਰਾ, ਪ੍ਰੋ. ਲਵਲੀਨ ਪਰਮਾਰ, ਪ੍ਰੋ. ਸੁਨੀਤ ਗੁਪਤਾ ਅਤੇ ਯੋਗਾ ਇੰਸਟ੍ਰਕਟਰ ਸ਼੍ਰੀ ਮੱਖਣ ਹਾਜ਼ਰ ਰਹੇ। ਇਸ ਮੌਕੇ ਮੰਚ ਸੰਚਾਲਣ ਦੀ ਜ਼ਿੰਮੇਵਾਰੀ ਪ੍ਰੋ. ਜਸਬੀਰ ਸਿੰਘ ਨੇ ਨਿਭਾਈ

ਕੌਮੀ ਪੱਤ੍ਰਿਕਾ

## ਸੰਪਾਦਕੀ

### ਦਵਾਈ ਦੀ ਗੁਣਵੱਤਾ ਦੀਆਂ ਕਮੀਆਂ

ਰਾਜਸਥਾਨ ਵਿੱਚ ਬੱਚਿਆਂ ਦੀਆਂ ਮੌਤਾਂ, ਜਿਨ੍ਹਾਂ ਦਾ ਕਾਰਨ ਕਥਿਤ ਤੌਰ 'ਤੇ ਖੰਘ ਦੀ ਗ਼ੈਰ-ਮਿਆਰੀ ਦਵਾਈ ਹੈ, ਨੇ ਇੱਕ ਵਾਰ ਫਿਰ ਉਭਾਰਿਆ ਹੈ ਕਿ ਕਿਵੇਂ ਦਵਾਈ ਦੀ ਗੁਣਵੱਤਾ ਦੀਆਂ ਕਮੀਆਂ ਨਿਯਮਿਤ ਇਲਾਜ ਨੂੰ ਜਾਨਲੇਵਾ ਖ਼ਤਰੇ ਵਿੱਚ ਬਦਲ ਸਕਦੀਆਂ ਹਨ। ਬੱਚਿਆਂ ਨੂੰ ਕਥਿਤ ਤੌਰ 'ਤੇ ਮੁੱਖ ਮੰਤਰੀ ਦੀ ਮੁਫ਼ਤ ਦਵਾਈ ਯੋਜਨਾ ਤਹਿਤ ਸਰਕਾਰੀ ਹਸਪਤਾਲਾਂ ਵਿੱਚ ਖੰਘ ਦਾ ਜੈਨਰਿਕ ਸਿਰਪ ਦਿੱਤਾ ਗਿਆ ਸੀ। ਜਾਂਚ ਭਾਵੇਂ ਚੱਲ ਰਹੀ ਹੈ, ਪਰ ਇਹ ਤ੍ਰਾਸਦੀ ਭਾਰਤ ਦੇ ਫਾਰਮਾ ਖੇਤਰ 'ਚ ਨਿਗਰਾਨੀ ਦੀ ਘਾਟ ਨੂੰ ਉਜਾਗਰ ਕਰਦੀ ਹੈ- ਖ਼ਾਸ ਕਰ ਕੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਵਿੱਚ, ਜੋ ਫਾਰਮਾ ਉਤਪਾਦਨ ਦਾ ਪ੍ਰਮੁੱਖ ਕੇਂਦਰ ਹੈ। ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ 655 ਫਾਰਮਾਸਿਊਟੀਕਲ ਯੂਨਿਟਾਂ ਵਿੱਚੋਂ ਸਿਰਫ਼ 122 ਨੇ ਹੀ ਤਸੱਲੀਬਖ਼ਸ਼ ਨਿਰਮਾਣ ਅਮਲ (ਜੀ ਐੱਮ ਪੀ) ਦੇ ਸੋਧੇ ਹੋਏ ਸ਼ਡਿਊਲ ਐੱਮ ਦੇ ਨਿਯਮਾਂ ਤਹਿਤ ਸੁਧਾਰ ਲਈ ਰਜਿਸਟਰੇਸ਼ਨ ਕਰਵਾਈ ਹੈ। ਇਸ ਦਾ ਮਤਲਬ ਹੈ ਕਿ ਜ਼ਿਆਦਾਤਰ ਯੂਨਿਟ ਮਿਆਰ ਦੇ ਮਾਪਦੰਡਾਂ ਦੀ ਪਾਲਣਾ ਕੀਤੇ ਬਿਨਾਂ ਹੀ ਕੰਮ ਕਰਨਾ ਜਾਰੀ ਰੱਖ ਰਹੇ ਹਨ। ਸੁਧਾਰ ਲਈ ਭਾਵੇਂ ਅੰਤਿਮ ਮਿਤੀ ਭਾਵੇਂ ਕਈ ਵਾਰ ਵਧਾਈ ਗਈ ਹੈ, ਪਰ ਇਹ ਰੈਗੂਲੇਟਰੀ ਕਮਜ਼ੋਰੀ ਅਤੇ ਛੋਟੀਆਂ ਫਰਮਾਂ ਦੀ ਸੁਰੱਖਿਅਤ ਪ੍ਰਕਿਰਿਆਵਾਂ 'ਚ ਨਿਵੇਸ਼ ਕਰਨ ਦੀ ਝਿਜਕ ਨੂੰ ਦਰਸਾਉਂਦਾ ਹੈ। ਜਿਨ੍ਹਾਂ ਪਰਿਵਾਰਾਂ ਨੇ ਆਪਣੇ ਬੱਚੇ ਗੁਆ ਲਏ, ਉਨ੍ਹਾਂ ਲਈ ਇਸ ਬਹਿਸ ਦਾ ਕੋਈ ਮਤਲਬ ਨਹੀਂ ਹੈ।

ਇਹ ਅਜਿਹੀ ਪਹਿਲੀ ਤ੍ਰਾਸਦੀ ਨਹੀਂ ਹੈ। 2020 ਵਿੱਚ ਗ਼ੈਰ-ਮਿਆਰੀ ਖੰਘ ਸਿਰਪ, ਜਿਸ ਵਿੱਚ ਬਾਅਦ ਵਿੱਚ ਡਾਈਥਾਈਲੀਨ ਗਲਾਈਕੋਲ ਮਿਲਿਆ ਸੀ, ਨੇ ਜੰਮੂ ਦੇ ਊਧਮਪੁਰ ਜ਼ਿਲ੍ਹੇ ਵਿੱਚ 12 ਬੱਚਿਆਂ ਦੀ ਜਾਨ ਲੈ ਲਈ ਸੀ। ਪਰਿਵਾਰ ਅਜੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਅਜਿਹੀਆਂ ਮੌਤਾਂ 'ਚ ਜਵਾਬਦੇਹੀ ਹਮੇਸ਼ਾ ਦੇਰੀ ਨਾਲ ਤੈਅ ਹੁੰਦੀ ਹੈ ਜਾਂ ਫਿਰ ਕੇਸ ਨੂੰ ਕਮਜ਼ੋਰ ਕਰ ਕੇ ਜਵਾਬਦੇਹੀ ਤੋਂ ਪਾਸਾ ਵੱਟ ਲਿਆ ਜਾਂਦਾ ਹੈ। ਕੌਮਾਂਤਰੀ ਪੱਧਰ 'ਤੇ ਵੀ, ਭਾਰਤ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਹੈ। ਇੱਥੇ ਬਣੀਆਂ ਦਵਾਈਆਂ ਗਾਂਬੀਆ ਤੇ ਉਜ਼ਬੇਕਿਸਤਾਨ ਵਿੱਚ ਬੱਚਿਆਂ ਦੀਆਂ ਮੌਤਾਂ ਨਾਲ ਜੁੜੀਆਂ ਸਨ, ਜਿਸ ਕਾਰਨ ਪਾਬੰਦੀਆਂ ਲੱਗੀਆਂ ਅਤੇ 'ਦੁਨੀਆ ਦੀ ਫਾਰਮੇਸੀ' ਵਜੋਂ ਭਾਰਤ ਦੀ ਇੱਜ਼ਤ ਨੂੰ ਸੱਟ ਵੱਜੀ। ਗੁਣਵੱਤਾ ਕੰਟਰੋਲ ਨੂੰ ਕਾਗਜ਼ੀ ਕਾਰਵਾਈ ਤੋਂ ਅਮਲ ਵਿੱਚ ਲਿਆਉਣ ਤੋਂ ਪਹਿਲਾਂ ਹੋਰ ਕਿੰਨੇ ਬੱਚਿਆਂ ਨੂੰ ਮਰਨਾ ਪਵੇਗਾ ?

ਕੇਂਦਰ ਸਰਕਾਰ ਨੇ ਜੀ ਐੱਮ ਪੀ ਦੀ ਪਾਲਣਾ ਅਤੇ ਨਿਰੰਤਰ ਨਿਰੀਖਣਾਂ 'ਤੇ ਜ਼ੋਰ ਦਿੱਤਾ ਹੈ, ਪਰ ਨਿਯਮਾਂ ਨੂੰ ਅਜੇ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਸੂਬਿਆਂ ਕੋਲ ਮਨੁੱਖੀ ਸਰੋਤਾਂ ਦੀ ਘਾਟ ਹੈ ਤੇ ਜੁਰਮਾਨੇ ਘੱਟ ਹੀ ਅਸਰਦਾਰ ਸਾਬਿਤ ਹੁੰਦੇ ਹਨ। ਭਾਰਤ ਦੀ ਫਾਰਮਾ ਕਾਮਯਾਬੀ ਦੀ ਕਹਾਣੀ ਸਿਰਫ਼ ਸਸਤੇ ਜੈਨਰਿਕਸ 'ਤੇ ਹੀ ਟਿਕੀ ਨਹੀਂ ਰਹਿ ਸਕਦੀ; ਇਸ ਨੂੰ ਭਰੋਸੇਯੋਗਤਾ ਦਾ ਸਹਾਰਾ ਵੀ ਮਿਲਣਾ ਚਾਹੀਦਾ ਹੈ। ਮਜ਼ਬੂਤ ਆਡਿਟ, ਲਾਪਰਵਾਹੀ ਲਈ ਅਪਰਾਧਿਕ ਜ਼ਿੰਮੇਵਾਰੀ ਅਤੇ ਤੁਰੰਤ ਇਨਸਾਫ਼ ਜ਼ਰੂਰੀ ਚੀਜ਼ਾਂ ਹਨ। ਇਨ੍ਹਾਂ ਤੋਂ ਬਿਨਾਂ ਅਜਿਹੀ ਹਰ ਤ੍ਰਾਸਦੀ ਜਨਤਕ ਭਰੋਸੇ ਨੂੰ ਘਟਾਉਂਦੀ ਰਹੇਗੀ- ਜੋ ਕਿਸੇ ਵੀ ਦਵਾਈ ਦਾ ਸਭ ਤੋਂ ਮਹੱਤਵਪੂਰਨ ਤੱਤ ਹੁੰਦਾ ਹੈ।

### ਅਫ਼ਗਾਨ ਵਿਦੇਸ਼ ਮੰਤਰੀ ਮੁਤਾਕੀ ਦੀ ਭਾਰਤ ਦੀ ਆਗਾਮੀ ਫੇਰੀ

ਅਫ਼ਗਾਨ ਵਿਦੇਸ਼ ਮੰਤਰੀ ਆਮਿਰ ਖਾਨ ਮੁਤਾਕੀ ਦੀ ਭਾਰਤ ਦੀ ਆਗਾਮੀ ਫੇਰੀ ਤਾਲਿਬਾਨ ਸ਼ਾਸਨ ਵੱਲੋਂ ਪ੍ਰਮੁੱਖ ਖੇਤਰੀ ਭਾਈਵਾਲ ਨੂੰ ਦਿੱਤੀ ਜਾ ਰਹੀ ਅਹਿਮੀਅਤ ਨੂੰ ਦਰਸਾਉਂਦੀ ਹੈ। ਉਹ 2021 ਵਿੱਚ ਅਸ਼ਰਫ਼ ਗ਼ਨੀ ਸਰਕਾਰ ਦੇ ਪਤਨ ਤੋਂ ਬਾਅਦ ਕਾਬੁਲ ਤੋਂ ਭਾਰਤ ਆਉਣ ਵਾਲੇ ਪਹਿਲੇ ਸਿਖਰਲੇ ਪੱਧਰ ਦੇ ਮਹਿਮਾਨ ਹੋਣਗੇ। ਇਹ ਤਾਲਿਬਾਨ ਲਈ ਛੋਟੀ ਜਿਹੀ ਜਿੱਤ ਹੈ ਕਿ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਨੇ ਮੁਤਾਕੀ ਨੂੰ ਯਾਤਰਾ ਪਾਬੰਦੀ ਤੋਂ ਛੋਟ ਦਿੱਤੀ ਹੈ। ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਅਹਿਮ ਰਹੀ ਹੈ। ਉਨ੍ਹਾਂ ਜਨਵਰੀ ਵਿੱਚ ਭਾਰਤੀ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੀ ਮੇਜ਼ਬਾਨੀ ਕੀਤੀ ਸੀ ਅਤੇ ਮਈ ਵਿੱਚ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਫੋਨ 'ਤੇ ਗੱਲਬਾਤ ਕੀਤੀ ਸੀ। ਗੱਲਬਾਤ ਤੋਂ ਤੁਰੰਤ ਬਾਅਦ ਜੈਸ਼ੰਕਰ ਨੇ ਮੁਤਾਕੀ ਵੱਲੋਂ ਪਹਿਲਗਾਮ ਅਤਿਵਾਦੀ ਹਮਲੇ ਦੀ ਕੀਤੀ ਨਿੰਦਾ ਨੂੰ ਸਲਾਹਿਆ ਸੀ ਤੇ ਨਾਲ ਹੀ ਉਨ੍ਹਾਂ ਵੱਲੋਂ ਭਾਰਤ-ਅਫ਼ਗਾਨਿਸਤਾਨ 'ਚ ਬੇਭਰੋਸਗੀ ਪੈਦਾ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਜ਼ੋਰਦਾਰ ਢੰਗ ਨਾਲ ਰੱਦ ਕਰਨ ਦੀ ਸ਼ਲਾਘਾ ਵੀ ਕੀਤੀ ਸੀ। ਇਸ ਦਾ ਸਬੰਧ ਪਾਕਿਸਤਾਨ ਦੁਆਰਾ ਅਫ਼ਗਾਨ ਖੇਤਰ 'ਤੇ ਭਾਰਤੀ 'ਮਿਜ਼ਾਈਲ ਹਮਲਿਆਂ' ਬਾਰੇ ਫੈਲਾਈਆਂ ਗਈਆਂ ਝੂਠੀਆਂ ਰਿਪੋਰਟਾਂ ਨਾਲ ਸੀ।

ਪਾਕਿਸਤਾਨ ਦੇ ਅਫ਼ਗਾਨਿਸਤਾਨ ਨਾਲ ਸਬੰਧ ਹਾਲ ਹੀ ਦੇ ਮਹੀਨਿਆਂ ਵਿੱਚ ਨਿੱਘਰ ਗਏ ਹਨ, ਜਿਸ ਦਾ ਮੁੱਖ ਕਾਰਨ ਉਸ ਦੇ ਸਰਹੱਦੀ ਖੇਤਰਾਂ ਵਿੱਚ ਅਤਿਵਾਦੀ ਹਮਲਿਆਂ ਵਿੱਚ ਵਾਧਾ ਹੈ। ਇਸਲਾਮਾਬਾਦ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਤਾਲਿਬਾਨ ਸਰਹੱਦ ਪਾਰ ਅਤਿਵਾਦ ਨੂੰ ਰੋਕਣ ਵਿੱਚ ਅਸਫਲ ਰਹਿੰਦਾ ਹੈ ਤਾਂ ਉਹ ਤਾਕਤ ਨਾਲ ਜਵਾਬ ਦੇਵੇਗਾ। ਪਾਕਿਸਤਾਨ ਵਿੱਚੋਂ ਅਫ਼ਗਾਨਾਂ ਦੇ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਨੇ ਹਾਲਾਤ ਹੋਰ ਵਿਗਾੜ ਦਿੱਤੀ ਹੈ। ਅਫ਼ਗਾਨ-ਪਾਕਿ ਤਣਾਅ ਘੱਟ ਕਰਨ ਲਈ ਚੀਨ ਦੇ ਯਤਨ ਵੀ ਸਫਲ ਨਹੀਂ ਹੋਏ ਹਨ।

ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਤਾਲਿਬਾਨ ਭਾਰਤ ਦੇ ਕਰੀਬ ਆ ਗਿਆ ਹੈ, ਜੋ ਦਹਾਕਿਆਂ ਤੋਂ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅਤਿਵਾਦ ਦਾ ਸ਼ਿਕਾਰ ਰਿਹਾ ਹੈ। ਇਸ ਤੋਂ ਇਲਾਵਾ ਭਾਰਤ ਨੇ ਹਮੇਸ਼ਾ ਅਫ਼ਗਾਨਿਸਤਾਨ ਵਿੱਚ ਕਿਸੇ ਵੀ ਆਫ਼ਤ 'ਤੇ ਫੌਰੀ ਪ੍ਰਤੀਕਿਰਿਆ ਦਿੱਤੀ ਹੈ; ਹਾਲ ਹੀ ਵਿੱਚ ਆਏ ਭੂਚਾਲ ਦੇ ਮੱਦੇਨਜ਼ਰ ਭੇਜੀ ਗਈ ਮਾਨਵਤਾਵਾਦੀ ਸਹਾਇਤਾ ਇਸ ਦੀ ਉਦਾਹਰਨ ਹੈ। ਇਸ ਸਾਲ ਦੇ ਸ਼ੁਰੂ ਵਿੱਚ ਅਫ਼ਗਾਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨਾ ਭਾਰਤ ਵੱਲੋਂ ਚੁੱਕਿਆ ਇੱਕ ਹੋਰ ਚੰਗਾ ਕਦਮ ਸੀ।

ਗੁਆਂਢ ਵਿੱਚ ਭੂ-ਰਾਜਨੀਤਕ ਤਬਦੀਲੀਆਂ ਦੇ ਵਿਚਕਾਰ ਭਾਰਤ ਤਾਲਿਬਾਨ ਦੇ ਸਮਰਥਨ 'ਤੇ ਭਰੋਸਾ ਕਰ ਰਿਹਾ ਹੈ ਹਾਲਾਂਕਿ ਦਿੱਲੀ ਨੂੰ ਤਾਲਿਬਾਨ ਦੇ ਘਿਨਾਉਣੇ ਮਨੁੱਖੀ ਅਧਿਕਾਰ ਰਿਕਾਰਡ ਤੋਂ ਸੁਚੇਤ ਰਹਿਣ ਦੀ ਲੋੜ ਹੈ। ਤਾਲਿਬਾਨ ਨੇ ਔਰਤਾਂ ਦੀ ਸਿੱਖਿਆ 'ਤੇ ਪਾਬੰਦੀ ਅਤੇ ਮਹਿਲਾ ਸਹਾਇਕ ਕਰਮਚਾਰੀਆਂ 'ਤੇ ਸਖ਼ਤ ਰੋਕਾਂ ਲਾ ਕੇ ਕੋਈ ਬਹੁਤਾ ਵਧੀਆ ਕੰਮ ਨਹੀਂ ਕੀਤਾ ਹੈ। ਭਾਰਤ ਇਹ ਪ੍ਰਭਾਵ ਦੇਣ ਦਾ ਜੋਖ਼ਮ ਨਹੀਂ ਲੈ ਸਕਦਾ ਕਿ ਉਹ ਅਫ਼ਗਾਨਿਸਤਾਨ ਵਿੱਚ ਲੋਕਤੰਤਰ ਦੀ ਬਹਾਲੀ ਦੇ ਵਿਰੁੱਧ ਹੈ।

## ਪੰਜਾਬ ਭਾਜਪਾ ਮੰਡਲ ਵਲੋ ਖੇਤੀਬਾੜੀ ਸਟੂਡੈਂਟਸ ਐਸੋਸਿਏਸ਼ਨ ਆਫ ਪੰਜਾਬ ਦੇ ਵਿਦਿਆਰਥੀਆ ਨਾਲ ਮੁਲਾਕਾਤ ਕਰ ਉਹਨਾਂ ਦਾ ਸਾਥ ਦੇਣ ਦਾ ਕੀਤਾ ਫੈਸਲਾ



**ਲੁਧਿਆਣਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੀਐਚਡੀ ਪੰਜਾਬ, ਐਮਐਸਸੀ ਅਤੇ ਬੀਐਸਸੀ ਖੇਤੀਬਾੜੀ ਦੇ ਵਿਦਿਆਰਥੀਆਂ ਦੁਆਰਾ ਪੀਏਯੂ ਦੇ ਗੇਟ ਨੰਬਰ ਇੱਕ ਤੇ ਅਣਮਿੱਥੇ ਸਮੇਂ ਲਈ ਲਗਾਏ ਧਰਨੇ ਤੇ ਭਾਜਪਾ ਪ੍ਰਤੀਨਿਧੀ ਮੰਡਲ ਵਲੋ ਪੰਜਾਬ ਭਾਜਪਾ ਦੇ ਮਹਾ ਸਕੱਤਰ ਅਨਿਲ ਸਰੀਨ ਦੀ ਅਗੁਵਾਈ ਵਿਚ ਖੇਤਬਾੜੀ ਸਟੂਡੈਂਟਸ ਐਸੋਸੀਏਸ਼ਨ ਆਫ ਪੰਜਾਬ ਦੇ ਵਿਦਿਆਰਥਿਆ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਜਾਣਿਆ।

ਇਸ ਮੌਕੇ ਵਿਦਿਆਰਥੀ ਨੇਤਾਵਾਂ ਵਲੋ ਅਨਿਲ ਸਰੀਨ ਨੂੰ ਜਾਣਕਾਰੀ ਦਿੰਦਿਆ ਕਿਹਾ ਕਿ ਭਗਵੰਤ ਮਾਨ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਪੰਜਾਬ ਦੇ ਵਿਦਿਆਰਥੀਆਂ ਨਾਲ ਵਾਦਾ ਕੀਤਾ ਕਿ ਸੱਤਾ 'ਚ ਆਉਣ 'ਤੇ ਪਿੰਡਾਂ 'ਚ ਖੇਤੀਬਾੜੀ ਮਾਸਟਰ ਵਿਭਾਗ ਦੀ ਨਿਯੁਕਤੀ ਕਰਨਗੇ ਅਤੇ ਖੇਤੀਬਾੜੀ 'ਚ ਖਾਲੀ ਅਹੁਦੇ ਭਰਨਗੇ, ਪਰ ਇਹਨਾਂ ਸਮਾਂ ਬੀਤ ਜਾਣ ਤੋਂ ਬਾਅਦ ਵੀ ਉਹ ਸੀਟਾਂ ਨਹੀਂ ਭਰਿਆ। ਇਸ ਲਈ ਖੇਤੀਬਾੜੀ ਪੱਧਰੀ ਪੰਜਾਬ ਦੇ ਬੇਰੋਜਗਾਰ ਬੇਟੇ--ਬੇਟੀਆਂ ਨੇ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਇਹ ਧਰਨਾ ਲਾਇਆ ਹੈ ਕਿ ਡੁੱਬਦੇ ਪੰਜਾਬ ਦੇ ਕਿਸਾਨਾਂ ਨੂੰ ਬਚਾਉਣ ਲਈ ਖੇਤੀਬਾੜੀ ਵਿਭਾਗ, ਮੰਡੀ ਬੋਰਡ, ਬਾਗਵਾਨੀ ਵਿਭਾਗ, ਮਾਰਕਫੈਡ, ਪਨਸੀਡ ਅਤੇ ਹੋਰ ਵਿਭਾਗਾਂ ਦੇ ਖਾਲੀ ਪਦ ਪੰਜਾਬ ਸਰਕਾਰ ਜਲਦੀ ਭਰੇ।

ਅਨਿਲ ਸਰੀਨ ਵਲੋ ਉਹਨਾਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ ਉਹਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ ਅਤੇ ਸਰਕਾਰ ਤੇ ਪੂਰਾ ਦਬਾਵ ਬਣਾ ਕੇ ਉਹਨਾਂ ਦੀਆਂ ਮੰਗਾਂ ਨੂੰ ਹੱਲ ਕਰਨ ਦਾ ਹਰ ਸੰਭਵ ਯਤਨ ਕਰੇਗੀ। ਭਾਜਪਾ ਖੇਤੀਬਾੜੀ ਵਿਦਿਆਰਥੀਆਂ ਨੂੰ ਉਹਨਾਂ ਦਾ ਹੱਕ ਦਿਲਵਾਕੇ ਹੀ ਰਹੇਗੀ।
ਵਿਦਿਆਰਥੀਆਂ ਵੱਲੋਂ ਅਨਿਲ ਸਰੀਰ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ 'ਤੇ ਭਾਜਪਾ ਦੇ ਪ੍ਰਦੇਸ਼ ਮੀਤ ਪ੍ਰਧਾਨ ਜਤਿੰਦਰ ਮਿੱਤਲ, ਜਿਲਾ ਮਹਾਮੰਤਰੀ ਸਰਦਾਰ ਨਰਿੰਦਰ ਸਿੰਘ ਮਲੀ, ਮਨੀਸ਼ ਚੋਪੜਾ ਲਕੀ ਆਦਿ ਮੌਜੂਦ ਹਨ।

## ਸੱਥਾਂ ਵਿੱਚ ਗੱਲਾਂ ਕਰਕੇ ਕਿਸਾਨਾਂ ਨੂੰ ਕਾਇਨਾਤ ਦੇ ਰੱਖਵਾਲੇ ਬਣਾਉਣ ਵੱਲ ਪ੍ਰਸ਼ਾਸਨ ਦਾ ਵੱਡਾ ਉਪਰਾਲਾ



**ਮਲੇਰਕੋਟਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮਾਲੇਰਕੋਟਲਾ ਪ੍ਰਸ਼ਾਸਨ ਵੱਲੋਂ ਪਰਾਲੀ ਪ੍ਰਬੰਧਨ ਨੂੰ ਲੈ ਕੇ ਨਵਾਂ ਅਭਿਆਨ ਸ਼ੁਰੂ ਕੀਤਾ ਗਿਆ ਹੈ, ਜਿਸ ਅਧੀਨ ਪਿੰਡਾਂ ਦੀਆਂ ਸੱਥਾਂ, ਧਰਮਸ਼ਾਲਾਵਾਂ,ਧਾਰਮਿਕ ਸਥਾਨਾਂ ਅਤੇ ਹੋਰ ਸਾਂਝੀਆਂ ਥਾਵਾਂ ਵਿੱਚ ਕਿਸਾਨਾਂ ਨਾਲ ਸਿੱਧੀ ਗੱਲਬਾਤ ਕੀਤੀ ਜਾ ਰਹੀ ਹੈ। ਇਸ ਮੁਹਿਮ ਦਾ ਉਦੇਸ਼ ਕਿਸਾਨਾਂ ਨੂੰ ਵਾਤਾਵਰਣ ਬਚਾਉਣ ਲਈ ਪ੍ਰੇਰਿਤ ਕਰਨਾ ਅਤੇ ਅੱਗ ਰਹਿਤ ਜ਼ਿਲ੍ਹਾ ਬਣਾਉਣਾ ਹੈ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਅਤੇ ਐਸ.ਐਸ.ਪੀ ਗਗਨ ਅਜੀਤ ਸਿੰਘ ਵੱਲੋਂ ਪਿੰਡ ਗੁਆਰਾ ਦੀ ਸੱਥ ਵਿੱਚ ਸਿੱਧੀ ਭਾਗੀਦਾਰੀ ਕਰਕੇ ਕਿਸਾਨਾਂ ਨੂੰ ਇਨ-ਸੀਟੂ ਅਤੇ ਐਕਸ-ਸੀਟੂ ਤਕਨੀਕਾਂ ਬਾਰੇ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਸਵੇਰ ਤੇ ਸ਼ਾਮ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਸਮਝਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਕਿਹਾ ਕਿ ਕਿਸਾਨਾਂ ਨੂੰ ਆਧੁਨਿਕ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕਰਨ ਵਾਸਤੇ ਪਿੰਡ ਪੱਧਰ 'ਤੇ ਜਾਗਰੂਕਤਾ ਵੈਨਾਂ ਦੇ ਨਾਲ ਨਾਲ ਸਰਪੰਚਾਂ, ਪੰਚਾਂ, ਨੰਬਰਦਾਰਾਂ ਅਤੇ ਹੋਰ ਮੋਹਤਬਰਾਂ ਨੂੰ ਵੀ ਇਸ ਯਤਨ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਉਨ੍ਹਾਂ ਅਪੀਲ ਕੀਤੀ ਕਿ ਕਿਸਾਨ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਸਾਫ਼-ਸੁਥਰਾ ਵਾਤਾਵਰਣ ਛੱਡਣ ਵਾਸਤੇ ਇਨ-ਸੀਟੂ ਤੇ ਐਕਸ-ਸੀਟੂ ਤਰੀਕਿਆਂ ਨਾਲ ਪਰਾਲੀ ਦਾ ਨਿਪਟਾਰਾ ਕਰਨ।
ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ 1378 ਮਸ਼ੀਨਾਂ ਉਪਲਬਧ ਹਨ, ਜਿਨ੍ਹਾਂ ਵਿੱਚੋਂ 1292 ਇਨ-ਸੀਟੂ ਅਤੇ 86 ਐਕਸ-ਸੀਟੂ ਹਨ। ਕਿਸਾਨਾਂ ਨੂੰ ਸਮੇਂ ਸਿਰ ਬੇਲਰ ਅਤੇ ਹੋਰ ਮਸ਼ੀਨਰੀ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਉਹਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਾ ਆਵੇ। ਡਿਪਟੀ ਕਮਿਸ਼ਨਰ ਨੇ ਵੀ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਦਿੱਤੇ ਜਾ ਰਹੇ ਸਟਰਾਅ ਰੇਕ, ਬੇਲਰ, ਸੁਪਰ ਐਸ.ਐਮ.ਐਸ.,ਮਲਚਰ,ਪੈਡੀ ਸਟਰਾਅ ਚੌਪਰ,ਉਲਟਾਵੇ ਹਲ, ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ ਅਤੇ ਸਰਫੇਸ ਸੀਡਰ ਵਰਗੇ ਸੰਦਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਅਧਿਕਾਰੀ ਵਾਤਾਵਰਣ ਦੀ ਸ਼ੁੱਧਤਾ,ਪਾਣੀ ਦੀ ਸਾਂਭ-ਸੰਭਾਲ ਅਤੇ ਸਾਫ਼-ਸਫ਼ਾਈ ਲਈ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਅਤੇ ਸੂਬਾ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।

ਐਸ.ਐਸ.ਪੀ ਗਗਨ ਅਜੀਤ ਸਿੰਘ ਨੇ ਸਖ਼ਤ ਹਦਾਇਤਾਂ ਦਿੰਦਿਆਂ ਕਿਹਾ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਕੜੀ ਨਿਗਰਾਨੀ ਰੱਖੀ ਜਾ ਰਹੀ ਹੈ। ਹਾਟਸਪਾਟ ਪਿੰਡਾਂ ਦੀ ਖਾਸ ਚੈਕਿੰਗ ਕੀਤੀ ਜਾ ਰਹੀ ਹੈ, ਸੈਟਲਾਈਟ ਇਮੇਜਾਂ ਅਤੇ ਮੌਕੇ ਦੀਆਂ ਰਿਪੋਰਟਾਂ ਦੇ ਅਧਾਰ 'ਤੇ ਕਾਰਵਾਈ ਹੋਵੇਗੀ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਵਾਤਾਵਰਣ ਦੀ ਰੱਖਿਆ ਲਈ ਪਰਾਲੀ ਨਾ ਸਾੜਨ ਦਾ ਸੰਕਲਪ ਲੈਣ, ਨਹੀਂ ਤਾਂ ਕਾਨੂੰਨੀ ਕਾਰਵਾਈ ਤੋਂ ਬਚਣਾ ਮੁਸ਼ਕਲ ਹੋਵੇਗਾ।
ਇਸ ਮੌਕੇ ਉਪ ਮੰਡਲ ਮੈਜਿਸਟਰੇਟ ਅਮਰਗੜ੍ਹ ਸੁਰਿੰਦਰ ਕੌਰ,ਡੀ.ਐਸ.ਪੀ.ਸਤੀਸ਼ ਕੁਮਾਰ,ਮੁੱਖ ਖੇਤੀਬਾੜੀ ਅਫ਼ਸਰ ਧਰਮਿੰਦਰਜੀਤ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ ।

## ਡਿਪਟੀ ਕਮਿਸ਼ਨਰ ਵੱਲੋਂ ਪਰਾਲੀ ਨੂੰ ਅੱਗ ਲੱਗਣ ਦੀ ਘਟਨਾਵਾਂ ਨੂੰ ਰੋਕਣ ਲਈ ਕੀਤੀ ਗਈ ਵਿਸ਼ੇਸ਼ ਬੈਠਕ



**ਮਲੇਰਕੋਟਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮਲੇਰਕੋਟਲਾ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਬੈਠਕ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਨੇ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸਾਰੇ ਅਧਿਕਾਰੀ ਆਪਣੇ-ਆਪਣੇ ਖੇਤਰਾਂ ਵਿੱਚ ਮੁਸਤੈਦੀ ਨਾਲ ਨਿਗਰਾਨੀ ਰੱਖਣ ਅਤੇ ਕਿਸਾਨਾਂ ਨੂੰ ਪਰਾਲੀ ਦੇ ਯੋਗ ਪ੍ਰਬੰਧਨ ਲਈ ਪ੍ਰੇਰਿਤ ਕਰਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿੰਡਾਂ ਵਿੱਚ ਖੇਤੀ ਮਸ਼ੀਨਰੀ ਦੀ ਉਪਲਬਧਤਾ ਦਾ ਜਾਇਜ਼ਾ ਲੈਣਾ ਜ਼ਰੂਰੀ ਹੈ ਤਾਂ ਜੋ ਜਿੱਥੇ ਕਮੀ ਪਾਈ ਜਾਵੇ ਉੱਥੇ ਪ੍ਰਸ਼ਾਸਨ ਵੱਲੋਂ ਤੁਰੰਤ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਖੇਤੀਬਾੜੀ ਵਿਭਾਗ ਨੂੰ ਆਦੇਸ਼ ਦਿੱਤੇ ਕਿ ਪਰਾਲੀ ਪ੍ਰਬੰਧਨ ਲਈ ਮੌਜੂਦਾ ਮਸ਼ੀਨਰੀ ਦੀ ਪਿੰਡਾਂ ਅਨੁਸਾਰ ਸੂਚੀ ਤਿਆਰ ਕੀਤੀ ਜਾਵੇ। ਇਸ ਨਾਲ ਕਿਸਾਨਾਂ ਨੂੰ ਮਸ਼ੀਨਰੀ ਦੀ ਵਰਤੋਂ ਲਈ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪਿੰਡ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਏ ਜਾਣ। ਇਨ੍ਹਾਂ ਕੈਂਪਾਂ ਰਾਹੀਂ ਪਰਾਲੀ ਤੋਂ ਗੰਢਾਂ ਤਿਆਰ ਕਰਨ ਅਤੇ ਆਧੁਨਿਕ ਉਪਕਰਣਾਂ 'ਤੇ ਮਿਲ ਰਹੀ ਸਰਕਾਰੀ ਸਬਸਿਡੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਸਪਸ਼ਟ ਕੀਤਾ ਕਿ ਪਰਾਲੀ ਸਾੜਨ ਦੇ ਮਾਮਲਿਆਂ 'ਤੇ ਪ੍ਰਸ਼ਾਸਨ ਵੱਲੋਂ ਜ਼ੀਰੋ ਟੌਲਰੈਂਸ ਪਾਲਿਸੀ ਅਪਣਾਈ ਜਾ ਰਹੀ ਹੈ । ਜੇਕਰ ਕਿਤੇ ਵੀ ਅੱਗ ਲਗਾਉਣ ਦੀ ਘਟਨਾ ਦਰਜ ਹੁੰਦੀ ਹੈ ਤਾਂ ਉਲੰਘਣਾ ਕਰਨ ਵਾਲਿਆਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਅਧਿਕਾਰੀ ਆਪਣੇ ਖੇਤਰਾਂ ਵਿੱਚ ਦਸ਼ਤ ਕਰਦਿਆਂ ਥਾਣਾ ਮੁਖੀਆਂ ਨਾਲ ਤਾਲਮੇਲ ਬਣਾਕੇ ਕੰਮ ਕਰਨ। ਬੇਲਰ ਮਾਲਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਆਪਣੀ ਮਸ਼ੀਨਰੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਤਿਆਰ ਰੱਖਣ। ਉਨ੍ਹਾਂ ਨੂੰ ਅਪੀਲ ਕੀਤੀ ਗਈ ਕਿ ਆਪਣੀ ਨੈਤਿਕ ਅਤੇ ਸਮਾਜਿਕ ਜਿੰਮੇਵਾਰੀ ਨੂੰ ਸਮਝਦੇ ਹੋਏ ਵੱਧ ਤੋਂ ਵੱਧ ਮਸ਼ੀਨਾਂ ਨੂੰ ਸਥਾਨਕ ਪੱਧਰ 'ਤੇ ਹੀ ਪਰਾਲੀ ਪ੍ਰਬੰਧਨ ਲਈ ਵਰਤਿਆ ਜਾਵੇ। ਖਾਸਕਰ ਉਹ ਹਾਟਸਪਾਟ ਪਿੰਡਾਂ ਵਿੱਚ ਤਰਜੀਹ ਦੇ ਆਧਾਰ 'ਤੇ ਆਪਣੀ ਮਸ਼ੀਨਰੀ ਲਗਾਕੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਯੋਗਦਾਨ ਪਾਉਣ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਕਿਹਾ - ਸਾਡੇ ਲਈ ਵਾਤਾਵਰਣ ਬਚਾਉਣਾ ਅਤੇ ਹਵਾ ਪ੍ਰਦੂਸ਼ਣ ਨੂੰ ਘਟਾਉਣਾ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ।
ਮੈਂ ਸਾਰੇ ਕਿਸਾਨ ਭਰਾਵਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ, ਉਪਲਬਧ ਮਸ਼ੀਨਰੀ ਦੀ ਵਰਤੋਂ ਕਰਨ। ਇਹ ਸਿਰਫ ਕਾਨੂੰਨੀ ਪਾਲਣਾ ਨਹੀਂ, ਸਗੋਂ ਭਵਿੱਖ ਦੀਆਂ ਪੀੜ੍ਹੀਆਂ ਲਈ ਸਿਹਤਮੰਦ ਵਾਤਾਵਰਣ ਦੀ ਵਿਰਾਸਤ ਛੱਡਣ ਵੱਲ ਵੱਡਾ ਕਦਮ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਸ.ਡੀ.ਐਮ ਸੁਰਿੰਦਰ ਕੌਰ, ਸਹਾਇਕ ਕਮਿਸ਼ਨਰ ਰਾਕੇਸ਼ ਗਰਗ, ਐਸ.ਪੀ ਰਾਜਨ ਸ਼ਰਮਾਂ, ਡੀ.ਐਸ.ਪੀ ਮਾਨਵਜੀਤ ਸਿੰਘ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਬੀ.ਡੀ.ਪੀ.ਓ ਜਸਮਿੰਦਰ ਸਿੰਘ, ਬੀ.ਡੀ.ਪੀ.ਓ ਬਬਲਜੀਤ ਕੌਰ, ਐਸ.ਈ.ਪੀ.ਓ ਗੁਰਪ੍ਰੀਤ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਧਰਮਿੰਦਰਜੀਤ ਸਿੰਘ,ਡਿਪਟੀ ਰਜਿਸਟਰਾਰ ਕੋਆਪ੍ਰੇਟਿਵ ਸਭਾਵਾਂ ਕਰਨਵੀਰ ਰੰਧਾਵਾ, ਸਹਾਇਕ ਰਜਿਸਟਰਾਰ ਸਿਮਰਨਪ੍ਰੀਤ ਕੌਰ ਤੋਂ ਇਲਾਵਾ ਵੱਖ - ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਵਿਧਾਇਕ ਜੌੜਾਮਾਜਰਾ ਵੱਲੋਂ ਸਮਾਣਾ ਸ਼ਹਿਰ 'ਚ 7.60 ਕਰੋੜ ਰੁਪਏ ਦੇ ਵਿਕਾਸ ਕੰਮਾਂ ਦਾ ਉਦਘਾਟਨ



**ਸਮਾਣਾ,8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਜਰਾ ਨੇ ਅੱਜ ਸਮਾਣਾ ਸ਼ਹਿਰ ਵਿੱਚ 7 ਕਰੋੜ 60 ਲੱਖ ਰੁਪਏ ਦੇ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਨੇ ਇੱਥੇ ਮਾਈਸਰ ਮੰਦਰ ਰੋਡ ਵਿਖੇ ਇਕ ਭਰਵੇ ਇੱਕਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਲ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਅੰਮਰੁਤ-2 ਸਕੀਮ ਤਹਿਤ 18.50 ਕਿਲੋਮੀਟਰ ਲੰਬੀ ਵਾਟਰ ਸਪਲਾਈ ਲਾਈਨ ਪਾਉਣ ਸਮੇਤ ਨਵੇਂ 2 ਟਿਊਬਵੈਲ ਪੰਪ ਲਗਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਕੰਮ ਨੂੰ ਆਉਂਦੇ 8 ਮਹੀਨਿਆਂ ਵਿੱਚ ਪੂਰਾ ਕੀਤਾ ਜਾਵੇਗਾ, ਇਸ ਕੰਮ ਦੇ ਮੁਕੰਮਲ ਹੋਣ ਨਾਲ ਸ਼ਹਿਰ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਮਿਲੇਗੀ। ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਵਿਕਾਸ ਕੰਮਾਂ ਨੂੰ ਹੋਰ ਤੇਜ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸੀਲ ਅਗਵਾਈ ਹੇਠ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਡਾ. ਰਵਜੋਤ ਸਿੰਘ ਨੇ ਸਮਾਣਾ ਸ਼ਹਿਰ ਲਈ ਲੋੜੀਂਦੇ ਵਿਕਾਸ ਕਾਰਜਾਂ ਲਈ ਵਿਸ਼ੇਸ਼ ਗ੍ਰਾਂਟਾਂ ਜਾਰੀ ਕੀਤੀਆਂ ਹਨ, ਜਿਸ ਤਹਿਤ ਵਿਕਾਸ ਕੰਮਾਂ ਨੂੰ ਜੰਗੀ ਪੱਧਰ 'ਤੇ ਸੁਰੂ ਕੀਤਾ ਹੋਇਆ ਹੈ। ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਿੱਚ ਪੰਜਾਬ ਤਰੱਕੀ ਕਰ ਰਿਹਾ ਹੈ, ਇਸੇ ਤਹਿਤ ਸਮਾਣਾ ਸ਼ਹਿਰ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਅਧੂਰੇ ਪਏ ਕੰਮਾਂ ਨੂੰ ਜਲਦੀ ਪੂਰਾ ਕਰਨ ਦੇ ਨਾਲ ਸ਼ਹਿਰ ਦੇ ਬਾਕੀ ਕੰਮ ਵੀ ਜਲਦੀ ਕੀਤੇ ਜਾਣਗੇ ਤੇ ਸ਼ਹਿਰ ਦੀ ਕਾਇਆ ਕਲਪ ਕੀਤੀ ਜਾਵੇਗੀ।
ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਪੀਏ ਗੁਰਦੇਵ ਸਿੰਘ ਟਿਵਾਣਾ, ਪਾਰਸ ਸ਼ਰਮਾ, ਕੁਲਜੀਤ ਰੰਧਾਵਾ, ਦੀਪਕ ਵਧਵਾ, ਸੁਰਜੀਤ ਸਿੰਘ ਦਇਆ, ਅੰਗਰੇਜ਼ ਸਿੰਘ ਭੁੱਲਰ, ਰਵਿੰਦਰ ਸੋਹਲ, ਕੁਲਦੀਪ ਵਿਰਕ, ਵਰਿੰਦਰ ਧਰਮੇਹੜੀ ਰਾਣਾ ਮਿਆਲਾ, ਸੰਜੇ ਕੁਮਾਰ, ਰੰਮੀ ਸ਼ਰਮਾ, ਰਾਜੇਸ਼ ਕੁਮਾਰ ਸਮੇਤ ਜਲ ਸਪਲਾਈ ਅਤੇ ਸੀਵਰੇਜ ਬੋਰਡ ਤੇ ਨਗਰ ਕੌਂਸਲ ਦੇ ਅਧਿਕਾਰੀ ਵੀ ਆਦਿ ਹਾਜ਼ਰ ਸਨ।

## ਪ੍ਰਦੂਸ਼ਣ ਘੱਟ ਹੋਣ ਨਾਲ ਸਿਹਤ ਸਬੰਧੀ ਸਮੱਸਿਆਵਾਂ ਘੱਟ ਹੋਣਗੀਆਂ




**ਤਰਨ ਤਾਰਨ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ ਏ ਐਸ ਅਤੇ ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ ਤੇਜਬੀਰ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸੂਚਨਾ, ਸਿੱਖਿਆ ਅਤੇ ਪ੍ਰਸਾਰ ਗਤੀਵਿਧੀਆਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਲਾਕ ਪੱਟੀ ਦੇ ਅਧਿਕਾਰੀਆਂ ਨੇ ਸਿਵਲ ਹਸਪਤਾਲ ਪੱਟੀ ਵਿਖੇ ਜਾਗਰੂਕਤਾ ਕੈਂਪ ਲਗਾਇਆ।ਇਸ ਮੌਕੇ ਪਰਾਲੀ ਸਾੜਨ ਦੇ ਕੁਪ੍ਰਭਾਵ ਅਤੇ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਸਬੰਧੀ ਜਾਣਕਾਰੀ ਦਿੱਤੀ ਗਈ।ਇਸ ਦੌਰਾਨ ਐਸ ਐਮ ਓ, ਪੱਟੀ ਡਾਕਟਰ ਆਸ਼ੀਸ਼ ਗੁਪਤਾ, ਬਲਾਕ ਖੇਤੀਬਾੜੀ ਅਫਸਰ ਪੱਟੀ ਡਾ ਭੁਪਿੰਦਰ ਸਿੰਘ, ਪ੍ਰਮਿੰਦਰ ਕੌਰ ਏਡੀਓ ਨੇ ਸਿਹਤ ਕਰਮੀਆਂ ਨੂੰ ਜਾਣਕਾਰੀ ਦਿੱਤੀ ਕਿ ਝੋਨੇ ਦੀ ਪਰਾਲੀ ਨੂੰ ਜੇਕਰ ਖੇਤ ਵਿੱਚ ਹੀ ਰੱਖ ਕੇ ਬਿਜਾਈ ਕੀਤੀ ਜਾਵੇ ਤਾਂ ਇਸ ਨਾਲ ਜ਼ਮੀਨ ਵਿੱਚ ਮਿੱਤਰ ਜੀਵਾਂ ਅਤੇ ਖੁਰਾਕੀ ਤੱਤਾਂ ਦਾ ਵਾਧਾ ਹੁੰਦਾ ਹੈ। ਜਿਸ ਨਾਲ ਜਮੀਨ ਦੀ ਉਪਜਾਊ ਸ਼ਕਤੀ ਵੱਧਦੀ ਹੈ। ਜਦ ਕਿ ਪਰਾਲੀ ਨੂੰ ਗੱਠਾਂ ਬਣਾਉਣ ਉਪਰੰਤ ਇਸ ਨਾਲ ਬਿਜਲੀ ਅਤੇ ਖਾਦ ਪੈਦਾ ਕੀਤੀ ਜਾ ਸਕਦੀ ਹੈ। ਜਦਕਿ ਇਸ ਦੇ ਉਲਟ ਪਰਾਲੀ ਨੂੰ ਅੱਗ ਲਗਾ ਦੇਣ ਨਾਲ ਪੈਦਾ ਹੋਈਆਂ ਜ਼ਹਿਰੀਲੀਆਂ ਗੈਸਾਂ ਮਨੁੱਖ, ਬਨਸਪਤੀ ਅਤੇ ਦੂਜੇ ਜੀਵ ਜੰਤੂਆਂ ਤੇ ਬਹੁਤ ਬੁਰਾ ਅਸਰ ਪਾਉਂਦੀਆਂ ਹਨ। ਇਸ ਨਾਲ ਸਾਹ ,ਅੱਖਾਂ ਅਤੇ ਚਮੜੀ ਦੀਆਂ ਬਿਮਾਰੀਆਂ ਵਿੱਚ ਵਾਧਾ ਹੋ ਜਾਂਦਾ ਹੈ । ਕਈ ਵਾਰ ਤਾਂ ਪੈਦਾ ਹੋਇਆ ਧੂੰਆਂ ਮਨੁੱਖੀ ਜਾਨ ਵੀ ਲੈ ਲੈਂਦਾ ਹੈ। ਇਸ ਲਈ ਸਾਨੂੰ ਸਭ ਨੂੰ ਚਾਹੀਦਾ ਹੈ ਕਿ ਸਮਾਜ ਵਿਚ ਇਕ ਨਰੋਈ ਸੋਚ ਪੈਦਾ ਕੀਤੀ ਜਾਵੇ ਜਿਸ ਨਾਲ ਸਾਡੀ ਧਰਤੀ ਅਤੇ ਮਨੁੱਖੀ ਸਿਹਤ ਤੰਦਰੁਸਤ ਰਹਿ ਸਕੇ। ਇਸ ਮੌਕੇ ਖੇਤੀਬਾੜੀ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਪਰਾਲੀ ਪ੍ਰਬੰਧਨ ਲਈ ਸਰਕਾਰ ਵੱਲੋਂ ਸਮੇਂ ਸਮੇਂ ਤੇ ਕਿਸਾਨਾਂ ਨੂੰ ਸਬਸਿਡੀ ਤੇ ਮਸ਼ੀਨਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ।

## ਭਾਸ਼ਾ ਵਿਭਾਗ ਵੱਲੋਂ ਹਰਪਾਲ ਸਿੰਘ ਦਾ ਪਲੇਠਾ ਨਾਵਲ ਇਨ ਦਾ ਸਪੇਸ ਬਿਟਵੀਨ ਲੋਕ ਅਰਪਣ



**ਹੁਸ਼ਿਆਰਪੁਰ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ ਭਾਸ਼ਾ ਵਿਭਾਗ ਵੱਲੋਂ ਹਰਪਾਲ ਸਿੰਘ ਦਾ ਪਲੇਠਾ ਅੰਗਰੇਜ਼ੀ ਨਾਵਲ 'ਇਨ ਦਾ ਸਪੇਸ ਬਿਟਵੀਨ' ਦਾ ਲੋਕ ਅਰਪਣ ਸਮਾਗਮ ਦਫ਼ਤਰ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਬਤੌਰ ਮੁਖ ਮਹਿਮਾਨ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਅਮਨਦੀਪ ਸ਼ਰਮਾ ਨੇ ਸ਼ਿਰਕਤ ਕੀਤੀ ਤੇ ਸਮਾਗਮ ਦੀ ਪ੍ਰਧਾਨਗੀ ਪ੍ਰੋ. ਕੁਲਵੰਤ ਸਿੰਘ ਨੇ ਕੀਤੀ। ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਸ਼ਬਦ ਆਖਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਕਿਹਾ ਕਿ ਭਾਸ਼ਾ ਵਿਭਾਗ ਸ਼ਬਦ ਸਾਧਨਾ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਕਿਸੇ ਲੇਖਕ ਦੀ ਨਵੀਂ ਕਿਤਾਬ ਛਪ ਕੇ ਆਉਂਦੀ ਹੈ, ਤਾਂ ਵਿਭਾਗ ਨੂੰ ਇਸ ਦਾ ਇੱਕ ਅਲੌਕਿਕ ਚਾਅ ਹੁੰਦਾ ਹੈ। ਉਨ੍ਹਾਂ ਨੇ ਵਿਭਾਗ ਦੀਆਂ ਗਤੀਵਿਧੀਆਂ ਵੀ ਦੋਸਤਾਂ ਨਾਲ ਸਾਂਝੀਆਂ ਕੀਤੀਆਂ। ਪ੍ਰੋ. ਕੁਲਵੰਤ ਸਿੰਘ ਨੇ ਹਰਪਾਲ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਾਵਲ ਗੜ੍ਹਦੀਵਾਲਾ ਦੀ ਰਹਿਤਲ ਨੂੰ ਪਿਆਰ ਮੁਹੱਬਤ ਦੀ ਕਹਾਣੀ ਰਾਹੀਂ ਬੜੇ ਵਧੀਆ ਅੰਦਾਜ਼ ਵਿੱਚ ਪੇਸ਼ ਕਰਨ ਵਾਲੀ ਕਿਰਤ ਹੈ।ਅਮਨਦੀਪ ਸ਼ਰਮਾ ਨੇ ਨਾਵਲਕਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੇਰੇ ਵਿਭਾਗ ਦਾ ਇੱਕ ਹੋਰ ਅਧਿਆਪਕ ਪੰਜਾਬੀ ਸਾਹਿਤ ਦੀ ਅਹਿਮ ਵਿਧਾ ਨਾਵਲ ਰਾਹੀਂ ਸਾਹਿਤਕ ਖੇਤਰ ਵਿੱਚ ਦਾਖ਼ਲ ਹੋਇਆ ਹੈ।ਇਸ ਨਾਲ ਅਧਿਆਪਨ ਦੇ ਖਿੱਤੇ ਵਿੱਚ ਹੋਰ ਨਿਖ਼ਾਰ ਆਵੇਗਾ।ਸ਼ਾਇਰ ਜਸਬੀਰ ਧੀਮਾਨ ਨੇ ਪੰਜਾਬੀ ਦੀ ਨਾਵਲ ਵਿਧਾ ਨੂੰ ਅੰਗਰੇਜ਼ੀ ਜ਼ੁਬਾਨ ਵਿੱਚ ਪੇਸ਼ ਕਰਨ ਲਈ ਹਰਪਾਲ ਸਿੰਘ ਨੂੰ ਵਧਾਈਆਂ ਦਿੱਤੀਆਂ।ਹਰਪਾਲ ਸਿੰਘ ਨੇ ਇਸ ਨਾਵਲ ਦੀ ਸਿਰਜਣ ਪ੍ਰਕਿਰਿਆ ਬਾਰੇ ਭਾਵਪੂਰਤ ਕਥਨ ਹਾਜ਼ਰਿਨ ਨਾਲ ਸਾਂਝੇ ਕੀਤੇ।

## ਪੰਜਾਬ ਭਾਜਪਾ ਮੰਡਲ ਵਲੋ ਖੇਤੀਬਾੜੀ ਸਟੂਡੈਂਟਸ ਐਸੋਸਿਏਸ਼ਨ ਆਫ ਪੰਜਾਬ ਦੇ ਵਿਦਿਆਰਥੀਆ ਨਾਲ ਮੁਲਾਕਾਤ ਕਰ ਉਹਨਾਂ ਦਾ ਸਾਥ ਦੇਣ ਦਾ ਕੀਤਾ ਫੈਸਲਾ



**ਲੁਧਿਆਣਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੀਐਚਡੀ ਪੰਜਾਬ, ਐਮਐਸਸੀ ਅਤੇ ਬੀਐਸਸੀ ਖੇਤੀਬਾੜੀ ਦੇ ਵਿਦਿਆਰਥੀਆਂ ਦੁਆਰਾ ਪੀਏਯੂ ਦੇ ਗੇਟ ਨੰਬਰ ਇੱਕ ਤੇ ਅਣਮਿੱਥੇ ਸਮੇਂ ਲਈ ਲਗਾਏ ਧਰਨੇ ਤੇ ਭਾਜਪਾ ਪ੍ਰਤੀਨਿਧੀ ਮੰਡਲ ਵਲੋ ਪੰਜਾਬ ਭਾਜਪਾ ਦੇ ਮਹਾ ਸਕੱਤਰ ਅਨਿਲ ਸਰੀਨ ਦੀ ਅਗੁਵਾਈ ਵਿਚ ਖੇਤਬਾੜੀ ਸਟੂਡੈਂਟਸ ਐਸੋਸੀਏਸ਼ਨ ਆਫ ਪੰਜਾਬ ਦੇ ਵਿਦਿਆਰਥਿਆ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਜਾਣਿਆ।ਇਸ ਮੌਕੇ ਵਿਦਿਆਰਥੀ ਨੇਤਾਵਾਂ ਵਲੋ ਅਨਿਲ ਸਰੀਨ ਨੂੰ ਜਾਣਕਾਰੀ ਦਿੰਦਿਆ ਕਿਹਾ ਕਿ ਭਗਵੰਤ ਮਾਨ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਪੰਜਾਬ ਦੇ ਵਿਦਿਆਰਥੀਆਂ ਨਾਲ ਵਾਦਾ ਕੀਤਾ ਕਿ ਸੱਤਾ 'ਚ ਆਉਣ 'ਤੇ ਪਿੰਡਾਂ 'ਚ ਖੇਤੀਬਾੜੀ ਮਾਸਟਰ ਵਿਭਾਗ ਦੀ ਨਿਯੁਕਤੀ ਕਰਨਗੇ ਅਤੇ ਖੇਤੀਬਾੜੀ 'ਚ ਖਾਲੀ ਅਹੁਦੇ ਭਰਨਗੇ, ਪਰ ਇਹਨਾਂ ਸਮਾਂ ਬੀਤ ਜਾਣ ਤੋਂ ਬਾਅਦ ਵੀ ਉਹ ਸੀਟਾਂ ਨਹੀਂ ਭਰਿਆ। ਇਸ ਲਈ ਖੇਤੀਬਾੜੀ ਪੱਧਰੀ ਪੰਜਾਬ ਦੇ ਬੇਰੋਜਗਾਰ ਬੇਟੇ--ਬੇਟੀਆਂ ਨੇ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਇਹ ਧਰਨਾ ਲਾਇਆ ਹੈ ਕਿ ਡੁੱਬਦੇ ਪੰਜਾਬ ਦੇ ਕਿਸਾਨਾਂ ਨੂੰ ਬਚਾਉਣ ਲਈ ਖੇਤੀਬਾੜੀ ਵਿਭਾਗ, ਮੰਡੀ ਬੋਰਡ, ਬਾਗਵਾਨੀ ਵਿਭਾਗ, ਮਾਰਕਫੈਡ, ਪਨਸੀਡ ਅਤੇ ਹੋਰ ਵਿਭਾਗਾਂ ਦੇ ਖਾਲੀ ਪਦ ਪੰਜਾਬ ਸਰਕਾਰ ਜਲਦੀ ਭਰੇ।

ਅਨਿਲ ਸਰੀਨ ਵਲੋ ਉਹਨਾਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ ਉਹਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ ਅਤੇ ਸਰਕਾਰ ਤੇ ਪੂਰਾ ਦਬਾਵ ਬਣਾ ਕੇ ਉਹਨਾਂ ਦੀਆਂ ਮੰਗਾਂ ਨੂੰ ਹੱਲ ਕਰਨ ਦਾ ਹਰ ਸੰਭਵ ਯਤਨ ਕਰੇਗੀ। ਭਾਜਪਾ ਖੇਤੀਬਾੜੀ ਵਿਦਿਆਰਥੀਆਂ ਨੂੰ ਉਹਨਾਂ ਦਾ ਹੱਕ ਦਿਲਵਾਕੇ ਹੀ ਰਹੇਗੀ। ਵਿਦਿਆਰਥੀਆਂ ਵੱਲੋਂ ਅਨਿਲ ਸਰੀਰ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ 'ਤੇ ਭਾਜਪਾ ਦੇ ਪ੍ਰਦੇਸ਼ ਮੀਤ ਪ੍ਰਧਾਨ ਜਤਿੰਦਰ ਮਿੱਤਲ, ਜਿਲਾ ਮਹਾਮੰਤਰੀ ਸਰਦਾਰ ਨਰਿੰਦਰ ਸਿੰਘ ਮਲੀ, ਮਨੀਸ਼ ਚੋਪੜਾ ਲਕੀ ਆਦਿ ਮੌਜੂਦ ਹਨ।

## 'ਯੁੱਧ ਨਸ਼ਿਆਂ ਵਿਰੁੱਧ': 216ਵੇਂ ਦਿਨ, ਪੰਜਾਬ ਪੁਲਿਸ ਵੱਲੋਂ 2.3 ਕਿਲੋਗ੍ਰਾਮ ਹੈਰੋਇਨ, 3.1 ਕਿਲੋਗ੍ਰਾਮ ਅਫੀਮ ਸਮੇਤ 47 ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ਯੁੱਧ ਨਸ਼ਿਆਂ ਵਿਰੁੱਧ ਨੂੰ ਲਗਾਤਾਰ 216ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 328 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 45 ਐਫਆਈਆਰਜ਼ ਦਰਜ ਕਰਕੇ 47 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਨਾਲ, 216 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 31,684 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 2.3 ਕਿਲੋ ਹੈਰੋਇਨ, 3.1 ਕਿਲੋ ਅਫੀਮ, 25 ਕਿਲੋ ਭੁੱਕੀ, 1584 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 3250 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਆਪਰੇਸ਼ਨ ਦੌਰਾਨ 67 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 328 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 351 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 14 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

**ਫੂਡ ਸੇਫਟੀ ਟੀਮ ਵੱਲੋਂ ਖੁਰਾਕੀ ਮਿਲਾਵਟ ਖ਼ਿਲਾਫ਼ ਵੱਡੀ ਕਾਰਵਾਈ, ਪਿੰਡ ਚੁਤਹਿਰਾ ਦੇ ਡੇਅਰੀ ਯੂਨਿਟ 'ਤੇ ਰੇਡ, 225 ਕਿਲੋਗ੍ਰਾਮ ਸ਼ੱਕੀ ਪਨੀਰ ਜ਼ਬਤ**

# ਤਿਉਹਾਰਾਂ ਦੇ ਮੱਦੇਨਜ਼ਰ ਖੁਰਾਕੀ ਮਿਲਾਵਟ ਖ਼ਿਲਾਫ਼ ਵੱਡੀ ਮੁਹਿੰਮ ਜਾਰੀ ਰਹੇਗੀ : ਡਾ ਗੁਰਪ੍ਰੀਤ ਕੌਰ



**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿੱਚ ਫੂਡ ਸੇਫਟੀ ਟੀਮ ਨੇ ਅੱਜ ਤੜਕਸਾਰ ਖੁਰਾਕੀ ਮਿਲਾਵਟ ਖਿਲਾਫ ਵੱਡੀ ਕਾਰਵਾਈ ਕੀਤੀ ਹੈ।ਇਸ ਦੌਰਾਨ ਨੇੜਲੇ ਪਿੰਡ ਚੁਤਹਿਰਾ ਵਿਖੇ ਇੱਕ ਡੇਅਰੀ ਯੂਨਿਟ ਉੱਤੇ ਰੇਡ ਦੌਰਾਨ 225 ਕਿਲੋਗ੍ਰਾਮ ਸ਼ੱਕੀ ਪਨੀਰ ਜ਼ਬਤ ਕੀਤਾ ਗਿਆ। ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਅਤੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ, ਕਮਿਸ਼ਨਰ ਦਿਲਰਾਜ ਸਿੰਘ ਦੇ ਸਖਤ ਹੁਕਮਾਂ @ਤੇ ਜ਼ਿਲ੍ਹਾ ਪਟਿਆਲਾ ਦੀ ਫੂਡ ਸੇਫਟੀ ਵਿੰਗ ਵੱਲੋਂ ਤਿਉਹਾਰੀ ਮੌਸਮ ਦੇ ਮੱਦੇਨਜ਼ਰ ਖੁਰਾਕੀ ਮਿਲਾਵਟ ਖ਼ਿਲਾਫ਼ ਵੱਡੀ ਮੁਹਿੰਮ ਚਲਾਈ ਗਈ ਹੈ।

ਜ਼ਿਲ੍ਹਾ ਹੈਲਥ ਅਫ਼ਸਰ ਅਤੇ ਫੂਡ ਸੇਫਟੀ ਅਫ਼ਸਰ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਭਰ 'ਚ ਭੋਜਨ ਸਮੱਗਰੀ ਦੀ ਗੁਣਵੱਤਾ ਅਤੇ ਸੁਰੱਖਿਆ ਯਕੀਨੀ ਬਣਾਉਣ ਲਈ ਵਾਧੂ ਨਿਰੀਖਣ ਅਤੇ ਨਮੂਨੇ ਲੈਣ ਦੀ ਕਾਰਵਾਈ ਜਾਰੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠਲੀ ਫੂਡ ਸੇਫਟੀ ਟੀਮ ਨੇ ਸਮਾਣਾ ਨੇੜਲੇ ਪਿੰਡ ਚੁਤਹਿਰਾ ਸਥਿਤ ਇੱਕ ਡੇਅਰੀ ਯੂਨਿਟ @ਤੇ ਰੇਡ ਕੀਤੀ, ਜਿਸ ਵਿੱਚ ਫੂਡ ਸੇਫਟੀ ਅਫਸਰ, ਪਟਿਆਲਾ ਜਸਵਿੰਦਰ ਸਿੰਘ ਅਤੇ ਗੌਰਵ ਕੁਮਾਰ ਸ਼ਾਮਲ ਸਨ।ਇਸ ਦੌਰਾਨ ਪਨੀਰ, ਦਹੀਂ ਅਤੇ ਸਕਿਮਡ ਮਿਲਕ ਪਾਊਡਰ ਦੇ ਤਿੰਨ ਨਮੂਨੇ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਅਧੀਨ ਲਏ ਗਏ। ਨਾਲ ਹੀ 225 ਕਿਲੋਗ੍ਰਾਮ ਸ਼ੱਕੀ ਮਿਲਾਵਟੀ ਪਨੀਰ ਮੌਕੇ @ਤੇ ਹੀ ਜ਼ਬਤ ਕੀਤਾ ਗਿਆ।ਇਹ ਸਾਰੇ ਨਮੂਨੇ ਰਾਜ ਫੂਡ ਲੈਬੋਰਟਰੀ, ਖਰੜ ਭੇਜੇ ਗਏ ਹਨ। ਜਾਂਚ ਦੀ ਰਿਪੋਰਟ ਆਉਣ ਉਪਰੰਤ ਹੋਰ ਕਾਰਵਾਈ ਕੀਤੀ ਜਾਵੇਗੀ।

ਜ਼ਿਲ੍ਹਾ ਫੂਡ ਸੇਫਟੀ ਅਫ਼ਸਰ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਬੀਤੇ ਦਿਨ ਵੀ ਫੂਡ ਸੇਫਟੀ ਟੀਮ ਨੇ ਨਾਭਾ ਅਤੇ ਰਾਜਪੁਰਾ ਸ਼ਹਿਰਾਂ ਵਿੱਚ ਵੀ ਮਿੱਠਾਈ ਦੀਆਂ ਦੁਕਾਨਾਂ, ਡੇਅਰੀਆਂ ਅਤੇ ਕਰਿਆਨੇ ਦੀਆਂ ਦੁਕਾਨਾਂ ਦਾ ਨਿਰੀਖਣ ਕਰਕੇ ਖਾਣ-ਪੀਣ ਦੀਆਂ ਵਸਤਾਂ ਦੇ ਨਮੂਨੇ ਲਏ ਸਨ। ਨਾਭਾ ਤੋਂ ਖੋਆ ਆਧਾਰਿਤ ਮਿੱਠਾਈਆਂ ਅਤੇ ਮਸਾਲਿਆਂ ਦੇ 7 ਨਮੂਨੇ ਤੇ ਰਾਜਪੁਰਾ ਤੋਂ ਖੋਏ ਤੇ ਮਸਾਲਿਆਂ ਦੇ 4 ਨਮੂਨੇ ਲਏ ਗਏ ਸਨ ਤੇ ਇਹ ਸਾਰੇ ਨਮੂਨੇ ਲੈਬ ਟੈਸਟ ਲਈ ਭੇਜੇ ਗਏ ਹਨ। ਜਾਂਚ ਨਤੀਜਿਆਂ ਦੇ ਆਧਾਰ @ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਤਿਉਹਾਰੀ ਮੌਸਮ ਦੌਰਾਨ ਲੋਕਾਂ ਨੂੰ ਸਾਫ਼ ਸੁਥਰਾ ਭੋਜਨ ਤੇ ਖਾਦ ਪਦਾਰਥ ਉਪਲਬਧ ਕਰਵਾਉਣ, ਖੁਰਾਕੀ ਮਿਲਾਵਟ ਰੋਕਣ ਅਤੇ ਗੁਣਵੱਤਾ ਦੀ ਨਿਗਰਾਨੀ ਲਈ ਪਹਿਲਾਂ ਹੀ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਖਾਣ-ਪੀਣ ਦੀਆਂ ਚੀਜ਼ਾਂ ਦੇ 69 ਨਮੂਨੇ ਇਕੱਠੇ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਫੂਡ ਸੇਫਟੀ ਵਿਭਾਗ, ਪਟਿਆਲਾ ਲੋਕਾਂ ਨੂੰ ਸੁਰੱਖਿਅਤ, ਸਾਫ਼-ਸੁਥਰੀ ਅਤੇ ਗੁਣਵੱਤਾ ਭਰੀ ਖੁਰਾਕ ਉਪਲਬਧ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਤਿਉਹਾਰਾਂ ਮੌਕੇ ਮੰਗ ਵਿੱਚ ਵਾਧਾ ਹੋਣ ਦੇ ਮੱਦੇਨਜ਼ਰ, ਵਿਭਾਗ ਵੱਲੋਂ ਸਖਤ ਨਿਰੀਖਣ ਜਾਰੀ ਰਹੇਗਾ ਅਤੇ ਜੋ ਵੀ ਵਿਅਕਤੀ, ਵਿਕਰੇਤਾ, ਵਪਾਰੀ ਜਾਂ ਦੁਕਾਨਦਾਰ ਖੁਰਾਕੀ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ, ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪੇਡਾ ਨੇ ਫ਼ਸਲੀ ਰਹਿੰਦ-ਖੂੰਹਦ ਤੋਂ ਗ੍ਰੀਨ ਹਾਈਡ੍ਰੋਜਨ ਦੇ ਉਤਪਾਦਨ ਲਈ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਨਾਲ ਹੱਥ ਮਿਲਾਇਆ

**ਬਾਇਓਮਾਸ ਤੋਂ ਗ੍ਰੀਨ ਹਾਈਡ੍ਰੋਜਨ ਦੇ ਉਤਪਾਦਨ ਲਈ ਸੂਬੇ ਵਿੱਚ ਆਪਣੀ ਕਿਸਮ ਦੇ ਪਹਿਲੇ ਪਾਇਲਟ ਪ੍ਰੋਜੈਕਟ ਨੂੰ ਸਥਾਪਤ ਕਰਨ ਲਈ ਕੀਤਾ ਸਮਝੌਤਾ ਸਹੀਬੱਧ**




**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਗਰੀਨ ਊਰਜਾ ਨੂੰ ਉਤਸ਼ਾਹਿਤ ਕਰਨ ਅਤੇ ਖੇਤੀਬਾੜੀ ਸੈਕਟਰ ਦੀ ਨੁਹਾਰ ਬਦਲਣ ਵੱਲ ਅਹਿਮ ਕਦਮ ਚੁੱਕਦਿਆਂ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ (ਆਈ.ਆਈ.ਐਸ.ਸੀ), ਬੰਗਲੌਰ ਨਾਲ ਸਮਝੌਤਾ (ਐਮ. ਓ. ਯੂ.) ਸਹੀਬੱਧ ਕੀਤਾ ਹੈ ਤਾਂ ਜੋ ਬਾਇਓਮਾਸ, ਖਾਸ ਤੌਰ ਉੱਤੇ ਪਰਾਲੀ ਤੋਂ ਗ੍ਰੀਨ ਹਾਈਡ੍ਰੋਜਨ ਦੇ ਉਤਪਾਦਨ ਲਈ ਸੂਬੇ ਵਿੱਚ ਆਪਣੀ ਕਿਸਮ ਦਾ ਪਹਿਲਾ ਪਾਇਲਟ ਡੈਮੋਨਸਟ੍ਰੇਸ਼ਨ ਪ੍ਰੋਜੈਕਟ ਸਥਾਪਤ ਕੀਤਾ ਜਾ ਸਕੇ।

ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ, ਸ਼੍ਰੀ ਅਮਨ ਅਰੋੜਾ ਦੀ ਦੂਰਅੰਦੇਸ਼ ਅਗਵਾਈ ਹੇਠ ਇਸ ਰਣਨੀਤਕ ਸਾਂਝੇਦਾਰੀ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਤਾਂ ਜੋ ਪਰਾਲੀ ਦੇ ਪ੍ਰਬੰਧਨ ਸਬੰਧੀ ਚੁਣੌਤੀਆਂ ਨੂੰ ਗਰੀਨ ਊਰਜਾ ਵਿਚ ਬਦਲਕੇ ਇੱਕ ਲਾਭਦਾਇਕ ਤੇ ਟਿਕਾਊ ਵਿਕਲਪ ਵਜੋਂ ਸੂਬੇ ਦੀ ਖੁਸ਼ਹਾਲੀ ਲਈ ਰਾਹ ਪੱਧਰਾ ਕੀਤਾ ਜਾ ਸਕੇ।

ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਸ਼੍ਰੀਮਤੀ ਨੀਲਿਮਾ ਅਤੇ ਆਈ.ਆਈ.ਐਸ.ਸੀ. ਬੰਗਲੌਰ ਦੇ ਰਜਿਸਟਰਾਰ ਵੱਲੋਂ ਇਸ ਸਮਝੌਤੇ ਉੱਤੇ ਹਸਤਾਖਰ ਕੀਤੇ 9 ਇਸ ਸਮਝੌਤੇ ਦੇ ਦਸਤਾਵੇਜ਼ਾਂ ਦੇ ਰਸਮੀ ਤੌਰ 'ਤੇ ਸ਼੍ਰੀਮਤੀ ਨੀਲਿਮਾ ਅਤੇ ਇੰਟਰਡਿਸਿਪਲਨਰੀ ਸੈਂਟਰ ਫਾਰ ਐਨਰਜੀ ਰਿਸਰਚ (ਆਈ.ਸੀ.ਈ.ਆਰ.), ਆਈ.ਆਈ.ਐਸ.ਸੀ. ਦੇ ਪ੍ਰੋਫੈਸਰ ਐਸ. ਦਾਸੱਪਾ ਦਰਮਿਆਨ ਅਦਾਨ- ਪ੍ਰਦਾਨ ਸਮੇਂ ਨਵੀਂ ਅਤੇ ਨਵਿਆਉਣਯੋਗ ਊਰਜਾ ਅਤੇ ਬਿਜਲੀ ਮੰਤਰਾਲੇ ਦੇ ਰਾਜ ਮੰਤਰੀ ਸ਼੍ਰੀ ਸ਼੍ਰੀਪਦ ਨਾਇਕ ਵੀ ਮੌਜੂਦ ਸਨ। ਇਹ ਸਮਝੌਤਾ ਕਪੂਰਥਲਾ ਵਿਖੇ ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ (ਐਸਐਸਐਸ-ਐਨਆਈਬੀਈ) ਵਿੱਚ ਰੀਸੈਂਟ ਐਡਵਾਂਸ ਇਨ ਬਾਇਓ-ਐਨਰਜੀ ਰਿਸਰਚ ਵਿਸ਼ੇ ਉੱਤੇ ਕਰਵਾਈ ਗਈ 5ਵੀਂ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਕੀਤਾ ਗਿਆ।

ਇਸ ਪਰਿਵਰਤਨਸ਼ੀਲ ਸਹਿਯੋਗ ਲਈ ਪੇਡਾ ਨੂੰ ਵਧਾਈ ਦਿੰਦੇ ਹੋਏ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇੱਕ ਊਰਜਾ ਕ੍ਰਾਂਤੀ ਦੀ ਸਿਰਜਣਾ ਕਰ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਈ.ਆਈ.ਐਸ.ਸੀ. ਨਾਲ ਸਾਂਝੇਦਾਰੀ ਰਾਜ ਦੀ ਸਵੱਛ ਊਰਜਾ ਨਵੀਨਤਾ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ, ਜਿਸ ਤਹਿਤ ਫਸਲੀ ਰਹਿੰਦ-ਖੂੰਹਦ ਤੋਂ ਗ੍ਰੀਨ ਹਾਈਡ੍ਰੋਜਨ ਤਿਆਰ ਕਰਨ ਲਈ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਇੱਕ ਮਜ਼ਬੂਤ ਅਰਥਵਿਵਸਥਾ ਬਣਾਉਣ ਲਈ ਮਹੱਤਵਪੂਰਨ ਹੈ,ਜੋ ਨਾ ਸਿਰਫ ਕਿਸਾਨਾਂ ਨੂੰ ਸਸ਼ਕਤ ਬਣਾਵੇਗੀ ਸਗੋਂ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਤੋਂ ਇਲਾਵਾ ਕਾਰਬਨ-ਮੁਕਤ ਊਰਜਾ ਦੇ ਰੂਪ ਵਿੱਚ ਉਦਯੋਗਾਂ ਨੂੰ ਈਂਧਣ ਪ੍ਰਦਾਨ ਕਰੇਗੀ। ਇਸ ਤਰ੍ਹਾਂ ਮਜ਼ਬੂਤ ਅਤੇ ਊਰਜਾ ਲਈ ਸਵੈਨਿਰਭਰ ਪੰਜਾਬ ਦਾ ਨਿਰਮਾਣ ਕਰਦੀ ਹੈ।

ਸ਼੍ਰੀ ਅਮਨ ਅਰੋੜਾ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਇਹ ਸਾਂਝੇਦਾਰੀ ਫਸਲੀ ਰਹਿੰਦ-ਖੂੰਹਦ ਤੋਂ ਗ੍ਰੀਨ ਹਾਈਡ੍ਰੋਜਨ ਉਤਪਾਦਨ ਦੀ ਤਕਨੀਕੀ ਅਤੇ ਵਪਾਰਕ ਵਿਵਹਾਰਕਤਾ ਨੂੰ ਦਰਸਾਉਣ ਲਈ ਨਿਵੇਕਲਾ ਪ੍ਰਾਜੈਕਟ ਸਥਾਪਤ ਕਰੇਗੀ। ਇਹ ਪ੍ਰੋਜੈਕਟ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਕਿਸਾਨਾਂ ਲਈ ਨਵੇਂ ਆਮਦਨ ਸਰੋਤ ਪੈਦਾ ਕਰਨ ਦੇ ਨਾਲ-ਨਾਲ ਗ੍ਰੀਨ ਊਰਜਾ ਖੇਤਰ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਕੇ ਪੇਂਡੂ ਅਰਥਵਿਵਸਥਾ ਨੂੰ ਹੁਲਾਰਾ ਦੇਵੇਗਾ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਭਾਰਤ ਦੇ ਰਾਸ਼ਟਰੀ ਗ੍ਰੀਨ ਹਾਈਡ੍ਰੋਜਨ ਮਿਸ਼ਨ ਨੂੰ ਮਹੱਤਵਪੂਰਨ ਤੌਰ 'ਤੇ ਅੱਗੇ ਵਧਾਏਗੀ ਅਤੇ ਪੰਜਾਬ ਦੇ ਮਹੱਤਵਾਕਾਂਸ਼ੀ ਨਵਿਆਉਣਯੋਗ ਊਰਜਾ ਟੀਚੇ ਹਾਸਿਲ ਕਰਨ ਵਿਚ ਅਹਿਮ ਯੋਗਦਾਨ ਨਿਭਾਵੇਗੀ।

**ਪੰਜਾਬ ਮੰਡੀ ਬੋਰਡ ਵੱਲੋਂ ਝੋਨੇ ਦੀ ਸੁਚਾਰੂ ਖਰੀਦ ਲਈ ਕੰਟਰੋਲ ਰੂਮ ਸਥਾਪਤ**

# ਮੰਡੀਆਂ ਨਾਲ ਸਬੰਧਤ ਮਸਲਿਆਂ ਦੇ ਤੁਰੰਤ ਨਿਪਟਾਰੇ ਵਿੱਚ ਮਦਦ ਲਈ ਕੀਤਾ ਉਪਰਾਲਾ: ਗੁਰਮੀਤ ਸਿੰਘ ਖੁੱਡੀਆਂ



**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ ਚੱਲ ਰਹੇ ਝੋਨੇ ਦੇ ਖ਼ਰੀਦ ਸੀਜ਼ਨ ਦੌਰਾਨ ਨਿਰਵਿਘਨ ਖ਼ਰੀਦ ਅਤੇ ਸੁਚੱਜੇ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਅਹਿਮ ਕਦਮ ਚੁੱਕਦਿਆਂ ਪੰਜਾਬ ਮੰਡੀ ਬੋਰਡ ਨੇ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਹੈ, ਜੋ ਸੂਬੇ ਭਰ ਦੀਆਂ ਅਨਾਜ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੇ ਮੁੱਦਿਆਂ ਨੂੰ ਤੁਰੰਤ ਨਿਪਟਾਉਣ ਵਿੱਚ ਮਦਦ ਕਰੇਗਾ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੁਚਾਰੂ ਖਰੀਦ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਇਸ ਕੰਟਰੋਲ ਰੂਮ ਵਿੱਚ ਚਾਰ ਸਮਰਪਿਤ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਇਨ੍ਹਾਂ ਅਧਿਕਾਰੀਆਂ ਨੂੰ ਦੋ ਟੀਮਾਂ ਵਿੱਚ ਵੰਡਿਆ ਗਿਆ ਹੈ ,ਜੋ ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਵਿੱਚ ਕੰਮ ਕਰ ਰਹੇ ਹਨ ਤਾਂ ਜੋ ਕਿਸਾਨਾਂ ਅਤੇ ਹੋਰ ਭਾਈਵਾਲਾਂ ਨੂੰ ਨਿਰੰਤਰ ਸਹਿਯੋਗ ਅਤੇ ਸਥਿਤੀ ਅਨੁਸਾਰ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਇਸ ਅਹਿਮ ਕਾਰਜ ਦੌਰਾਨ ਕਿਸੇ ਨੂੰ ਵੀ ਕੋਈ ਦਿੱਕਤ ਨਾ ਆਵੇ।

ਇਸ ਪਹਿਲਕਦਮੀ ਬਾਰੇ ਵਿਸਥਾਰ ਵਿੱਚ ਦੱਸਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਕਿਸਾਨ ਅਤੇ ਹੋਰ ਭਾਈਵਾਲ ਕੰਟਰੋਲ ਰੂਮ ਨਾਲ 0172-5101649 ਅਤੇ 0172-5101704 ਉਤੇ ਸੰਪਰਕ ਕਰ ਸਕਦੇ ਹਨ। ਇਹ ਪਹਿਲਕਦਮੀ ਸਮੇਂ ਸਿਰ ਖ਼ਰੀਦ ਅਪਡੇਟ ਪ੍ਰਦਾਨ ਕਰਕੇ ਅਤੇ ਅੰਤਰ-ਏਜੰਸੀ ਤਾਲਮੇਲ ਨੂੰ ਸੁਵਿਧਾਜਨਕ ਤੇ ਹੋਰ ਕੁਸ਼ਲ ਬਣਾ ਕੇ ਪੰਜਾਬ ਭਰ ਦੀਆਂ ਮੰਡੀਆਂ ਵਿੱਚ ਸੁਚਾਰੂ ਖਰੀਦ ਪ੍ਰਬੰਧਾਂ ਨੂੰ ਯਕੀਨੀ ਬਣਾਏਗੀ ਤਾਂ ਜੋ ਕਾਰਵਾਈ ਵਿੱਚ ਦੇਰੀ ਨੂੰ ਘਟਾ ਕੇ ਕਿਸਾਨਾਂ ਦੇ ਅਨੁਕੂਲ ਖੇਤੀਬਾੜੀ ਮੰਡੀਕਰਨ ਨੂੰ ਬਰਕਰਾਰ ਰੱਖਿਆ ਜਾ ਸਕੇ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਪਣੇ ਅੰਨਦਾਤਾ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਖੁੱਡੀਆਂ ਨੇ ਕਿਹਾ ਕਿ ਹਰੇਕ ਖਰੀਦ ਸੀਜ਼ਨ ਦੀ ਸਫ਼ਲਤਾ ਪੰਜਾਬ ਦੀ ਸਫ਼ਲਤਾ ਹੈ। ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਕੋਈ ਕਸਰ ਨਹੀਂ ਛੱਡ ਰਹੀ ਹੈ ਕਿ ਸਾਡੇ ਕਿਸਾਨ, ਆੜ੍ਹਤੀਏ ਅਤੇ ਮਜ਼ਦੂਰਾਂ ਲਈ ਸਭ ਤੋਂ ਸੁਚਾਰੂ ਅਤੇ ਪਾਰਦਰਸ਼ੀ ਖ਼ਰੀਦ ਪ੍ਰਕਿਰਿਆ ਉਪਲਬਧ ਹੋਵੇ। ਇਹ ਕੰਟਰੋਲ ਰੂਮ ਸਰਗਰਮ ਕਮਾਂਡ ਸੈਂਟਰ ਹੈ, ਜਿੱਥੇ ਸਾਡੇ ਭਾਈਵਾਲਾਂ ਦੇ ਕਿਸੇ ਵੀ ਮੁੱਦੇ- ਭਾਵੇਂ ਉਹ ਲੌਜਿਸਟਿਕਸ, ਭੁਗਤਾਨ ਨਾਲ ਸਬੰਧਤ ਹੋਣ ਜਾਂ ਮੰਡੀਆਂ ਵਿੱਚ ਸਹੂਲਤਾਂ ਬਾਰੇ ਹੋਣ, ਨੂੰ ਤੁਰੰਤ ਅਤੇ ਪ੍ਰਭਾਵੀ ਢੰਗ ਨਾਲ ਨਜਿੱਠਣ ਲਈ ਇੱਕ ਸਿੱਧੀ ਸੰਪਰਕ ਲਾਈਨ ਦਿੱਤੀ ਗਈ ਹੈ।

# ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਵਲੋਂ ਦਰਸਾਏ ਮਾਰਗਾਂ ਤੇ ਚੱਲ ਕੇ ਸਾਨੂੰ ਸੇਵਾ ਕਰਨੀ ਚਾਹੀਦੀ: ਰਣਜੀਤ ਸਿੰਘ ਗਿੱਲ



**ਖਰੜ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਮੰਦਰ ਕਪੂਰ ਚੌਕ ਖਰੜ ਵਿਖੇ ਬੜੀ ਸ਼ਰਧਾ ਤੇ ਉਤਸ਼ਹ ਨਾਲ ਮਨਾਇਆ ਗਿਆ ਜਿਸ ਵਿਚ ਭਾਰਤੀ ਜਨਤਾ ਪਾਰਟੀ ਦੇ ਖਰੜ ਹਲਕੇ ਤੋਂ ਆਗੂ ਰਣਜੀਤ ਸਿੰਘ ਗਿੱਲ ਨੇ ਭਗਵਾਨ ਮਹਾਂਰਿਸ਼ੀ ਵਾਲਮੀਕ ਮੰਦਰ ਖਰੜ ਵਿਖੇ ਨਤਮਸਤਕ ਹੋ ਕੇ ਮੱਥਾ ਟੇਕਿਆ ਅਤੇ ਹਾਜ਼ਰੀ ਲਗਵਾਈ। ਉਨ੍ਹਾਂ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਇਹੋ ਜਿਹੇ ਸਮਾਗਮਾਂ ਵਿਚ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਭਗਵਾਨ ਮਹਾਂਰਿਸ਼ੀ ਵਾਲਮੀਕ ਜੀ ਦੇ ਪੂਰਨਿਆਂ ਤੇ ਚੱਲ ਕੇ ਸੇਵਾ ਕਰਨੀ ਚਾਹੀਦੀ ਹੈ। ਭਗਵਾਨ ਮਹਾਂਰਿਸ਼ੀ ਵਾਲਮੀਕ ਮੰਦਰ ਜੀ ਖਰੜ ਦੇ ਅਹੁਦੇਦਾਰਾਂ ਵਲੋਂ ਰਣਜੀਤ ਸਿੰਘ ਗਿੱਲ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਇਸੇ ਦੌਰਾਨ ਉਨ੍ਹਾਂ ਪਿੰਡ ਬਡਾਲਾ ਆਿਂ ਸ਼ਹਿਰ, ਥਾਣਾ ਗੋਬਿੰਦਗੜ੍ਹ, ਮੁੱਲਾਂਪੁਰ ਗਰੀਬ ਦਾਸ ਸਮੇਤ ਹੋਰ ਵੱਖ ਵੱਖ ਥਾਵਾਂ ਤੇ ਸਮਾਗਮਾਂ ਵਿਚ ਪੁੱਜ ਕੇ ਹਾਜ਼ਰੀ ਲਗਵਾਈ। ਇਸ ਮੌਕੇ ਭਾਜਪਾ ਪੰਜਾਬ ਦੇ ਆਗੂ ਨਰਿੰਦਰ ਸਿੰਘ ਰਾਣਾ, ਭੁਪਿੰਦਰ ਸਿੰਘ ਕਾਲਾ,ਕੌਸਲਰ ਜਸਵੀਰ ਸਿੰਘ ਜੋਨੀ ਰਾਣਾ, ਪਰਮਿੰਦਰ ਸਿੰਘ, ਨਰੇਸ਼, ਸੁੱਖ ਸਵਾੜਾ ਸਮੇਤ ਹੋਰ ਆਗੂ ਅਤੇ ਪ੍ਰਬੰਧਕ ਹਾਜ਼ਰ ਸਨ।

# ਅਭਿਨਵ ਮਿਸ਼ਰਾ ਨੇ ਦਿੱਲੀ ਵਿੱਚ ਇੱਕ ਸ਼ਾਨਦਾਰ ਸਮਾਗਮ ਵਿੱਚ ਆਪਣੇ ਨਵੇਂ ਸੰਗ੍ਰਹਿ 'ਦ ਸ਼ਰਾਈਨ' ਦਾ ਉਦਘਾਟਨ ਕੀਤਾ

**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸਿੱਧ ਕਾਊਚਰੀਅਰ ਅਭਿਨਵ ਮਿਸ਼ਰਾ ਨੇ ਛਤਰਪੁਰ ਦੇ ਹਰੇ ਭਰੇ ਬਾਗਾਂ ਵਿੱਚ, ਤਾਰਿਆਂ ਦੇ ਹੇਠਾਂ, ਦ ਸ਼ਰਾਈਨ ਦੇ ਨਾਲ ਆਪਣੇ ਬਹੁ-ਉਡੀਕਯੋਗ ਸਾਲਾਨਾ ਕਾਊਚਰ ਰਨਵੇ ਸ਼ੋਅਕੇਸ ਦਾ ਉਦਘਾਟਨ ਕੀਤਾ। । ਇਹ ਸੰਗ੍ਰਹਿ ਸਾਰਾ ਅਲੀ ਖਾਨ ਅਤੇ ਉਸਦੇ ਭਰਾ, ਇਬਰਾਹਿਮ ਅਲੀ ਖਾਨ ਦੁਆਰਾ ਸਾਲਾਨਾ ਰਨਵੇਅ ਪ੍ਰੋਗਰਾਮ ਵਿੱਚ ਪੇਸ਼ ਕੀਤਾ ਗਿਆ ਸੀ। ਸਾਰਾ ਨੇ ਦੂਜੀ ਵਾਰ ਮਿਸ਼ਰਾ ਦੇ ਮਿਊਜ਼ ਅਤੇ ਸ਼ੋਅ ਸਟਾਪਰ ਵਜੋਂ ਰੈਂਪ ਵਾਕ ਕੀਤੀ।

ਮਿਸ਼ਰਾ ਹਰ ਸ਼ੋਅਕੇਸ ਨੂੰ ਸ਼ਾਨਦਾਰ ਢੰਗ ਨਾਲ ਪੇਸ਼ ਕਰਦਾ ਹੈ। ਸ਼ਰਾਈਨ ਲਾਂਚ ਵੀ ਓਨਾ ਹੀ ਸ਼ਾਨਦਾਰ ਸੀ। ਇਸ ਸੰਗ੍ਰਹਿ ਨੇ ਅਭਿਨਵ ਮਿਸ਼ਰਾ ਦੀ ਕਲਾ ਨੂੰ ਜੀਵਨ ਦਿੱਤਾ, ਜੋ ਆਪਣੇ ਬੇਮਿਸਾਲ ਰਨਵੇ ਅਨੁਭਵ ਲਈ ਮਸ਼ਹੂਰ ਸੀ। ਸਜਾਵਟ ਰਾਣੀ ਪਿੰਕ ਦੁਆਰਾ ਕੀਤੀ ਗਈ ਸੀ। ਇਹ ਸਮਾਗਮ ਤਾਰਿਆਂ ਦੇ ਹੇਠਾਂ ਇੱਕ ਬਾਗ਼ ਵਿੱਚ ਸੈੱਟ ਕੀਤਾ ਗਿਆ ਸੀ, ਜਿਸ ਨਾਲ ਪੱਥਰਾਂ ਵਿੱਚ ਉੱਕਰਿਆ ਇੱਕ ਸੁਪਨਾ ਦਿਖਾਈ ਦਿੰਦਾ ਸੀ। ਪੌੜੀਆਂ ਦੀ ਖੂਬਸੂਰਤ ਆਰਕੀਟੈਕਚਰ, ਇਸਦੀ ਛੱਤ ਦੀ ਅਨੰਤ ਡੂੰਘਾਈ ਦੇ ਨਾਲ, ਸ਼ਾਂਤ ਸ਼ਾਨ ਦਾ ਅਹਿਸਾਸ ਪ੍ਰਦਾਨ ਕਰਦੀ ਸੀ। ਹਰ ਪੱਧਰ 'ਤੇ ਸ਼ੀਸ਼ੇ ਚਮਕਦੇ ਸਨ, ਸਦੀਆਂ ਪੁਰਾਣੀਆਂ ਕਹਾਣੀਆਂ ਨੂੰ ਦਰਸਾਉਂਦੇ ਸਨ। ਛਤਰੀਆਂ ਦੇ ਝੁੰਡਾਂ ਦੇ ਕਿਨਾਰਿਆਂ ਨੇ ਅੱਗ ਦੀਆਂ ਲਾਟਾਂ ਦਾ ਪ੍ਰਭਾਵ ਦਿੱਤਾ, ਜਦੋਂ ਕਿ ਵਿਹੜਾ ਹਜ਼ਾਰਾਂ ਮੋਮਬੱਤੀਆਂ ਨਾਲ ਪ੍ਰਕਾਸ਼ਮਾਨ ਸੀ। ਪ੍ਰਾਚੀਨ ਪੌੜੀਆਂ 'ਤੇ ਟਿਮਟਿਮਾਉਂਦੀ ਰੌਸ਼ਨੀ ਇੱਕ ਕਾਵਿਕ ਮਾਹੌਲ ਦਾ ਪ੍ਰਭਾਵ ਦਿੰਦੀ ਸੀ, ਜੋ ਕਿ ਰੌਸ਼ਨੀ ਦੇ ਇੱਕ ਮੰਚ 'ਤੇ ਡੂੰਘਾਈ ਅਤੇ ਕੋਮਲਤਾ, ਬਣਤਰ ਅਤੇ ਕੋਮਲਤਾ ਦਾ ਸੁਮੇਲ ਸੀ। ਸੰਗੀਤਕਾਰਾਂ ਦੀਆਂ ਮਿੱਠੀਆਂ ਧੁਨਾਂ ਨੇ ਅਭਿਨਵ ਦੇ ਸ਼ੀਸ਼ੇ ਦੇ ਕੰਮ, ਕਲਾ, ਸੰਗੀਤ, ਸ਼ਿਲਪਕਾਰੀ, ਜਸ਼ਨ ਅਤੇ ਪਿਆਰ ਲਈ ਸਦੀਵੀ ਪਿਆਰ ਲਈ ਸੁਰ ਸਥਾਪਤ ਕੀਤੀ।

ਦ ਸ਼ਰਾਈਨ ਵਿੱਚ, ਅਭਿਨਵ ਭਾਰਤੀ ਆਰਕੀਟੈਕਚਰ ਦੀ ਮਹਾਨਤਾ ਅਤੇ ਸਦੀਵੀ ਕਲਾਤਮਕ ਪਰੰਪਰਾਵਾਂ ਨੂੰ ਸ਼ਰਧਾਂਜਲੀ ਦਿੰਦੇ ਹਨ। ਉਸਨੇ ਸ਼ੀਸ਼ੇ ਦੇ ਕੰਮ ਅਤੇ ਗੋਟਾ ਦੇ ਆਪਣੇ ਦਸਤਖਤ ਸ਼ਿਲਪਾਂ ਨੂੰ ਜੀਵਨ ਵਿੱਚ ਲਿਆਂਦਾ ਹੈ, ਜੋ ਕਿ ਰੌਸ਼ਨੀ, ਪ੍ਰਤੀਬਿੰਬ ਅਤੇ ਨਿਰੰਤਰਤਾ ਦੇ ਸਥਾਈ ਪ੍ਰਤੀਕ ਬਣ ਜਾਂਦੇ ਹਨ, ਜਦੋਂ ਕਿ ਡਿਜੀਟਲ ਕਹਾਣੀ ਸੁਣਾਉਣ ਨੇ ਉਨ੍ਹਾਂ ਨੂੰ ਨਵੀਂ ਪੀੜ੍ਹੀ ਲਈ ਆਕਰਸ਼ਕ ਬਣਾਇਆ ਹੈ।

ਇਹ ਸੰਗ੍ਰਹਿ ਕਲਾ ਅਤੇ ਯਾਦਾਂ ਤੋਂ ਪ੍ਰੇਰਿਤ ਹੈ, ਨਾਲ ਹੀ ਮਕਬਰੇ, ਮਹਿਲਾਂ ਅਤੇ ਮੰਦਰ ਵੀ ਹਨ। ਇਹ ਉੱਕਰੇ ਹੋਏ ਥੰਮ੍ਹਾਂ, ਸ਼ੀਸ਼ੇ ਵਾਲੀਆਂ ਕੰਧਾਂ ਅਤੇ ਫਿੱਕੇ ਪੈ ਰਹੇ ਫ੍ਰੈਸਕੋ ਨੂੰ ਦਰਸਾਉਂਦਾ ਹੈ, ਜੋ ਪਿਛਲੀਆਂ ਪੀੜ੍ਹੀਆਂ ਦੀਆਂ ਕਹਾਣੀਆਂ ਨੂੰ ਸੰਭਾਲਦੇ ਹਨ। ਮਿਸ਼ਰਾ ਨੇ ਇਨ੍ਹਾਂ ਪ੍ਰਤੀਕਾਂ ਨੂੰ ਆਪਣੇ ਰੂਪਾਂ, ਪੈਲੇਟ ਅਤੇ ਕੱਪੜਿਆਂ ਵਿੱਚ ਸ਼ਾਨ ਅਤੇ ਕੋਮਲਤਾ ਦਾ ਸੰਪੂਰਨ ਸੰਤੁਲਨ ਬਣਾਉਣ ਲਈ ਵਰਤਿਆ ਹੈ।

ਮਿਸ਼ਰਾ ਨੇ ਤਿੰਨ ਕੇਂਦਰੀ ਵਿਚਾਰ ਪੇਸ਼ ਕੀਤੇ ਹਨ। ਇਨਚੈਂਟਿੰਗ ਬਲੂਮਜ਼ ਕੋਮਲਤਾ ਅਤੇ ਪੁਨਰਜਨਮ ਦਾ ਪ੍ਰਤੀਕ ਹੈ। ਵਾਟਰਕਲਰ ਕਲਾਤਮਕਤਾ ਫਰੈਸਕੋਸ ਦੀ ਕਵਿਤਾ ਨੂੰ ਉਜਾਗਰ ਕਰਦੀ ਹੈ। ਨਾਜ਼ੁਕ ਹਾਰਮੋਨੀ ਕੋਮਲਤਾ ਅਤੇ ਚਮਕ ਅਤੇ ਬਣਤਰ ਅਤੇ ਤਰਲਤਾ ਦੇ ਸੁਮੇਲ ਨੂੰ ਦਰਸਾਉਂਦੀ ਹੈ। ਰੰਗਾਂ ਵਿੱਚ ਗਰਮ ਪੇਸਟਲ ਅਤੇ ਮਿਊਟ ਕੀਤੇ ਟੋਨ ਸੂਰਜ ਨਾਲ ਭਰੀਆਂ ਕੰਧਾਂ ਅਤੇ ਪ੍ਰਾਚੀਨ ਪੱਥਰ ਨੂੰ ਉਜਾਗਰ ਕਰਦੇ ਹਨ, ਜਦੋਂ ਕਿ ਮੋਟਿਫਾਂ ਵਿੱਚ ਫੁੱਲਦਾਰ, ਤਰਲ ਅਤੇ ਜਿਓਮੈਟ੍ਰਿਕ ਪ੍ਰਗਟਾਵੇ ਸ਼ਾਮਲ ਹਨ।

ਇਹ ਸੰਗ੍ਰਹਿ ਪੂਰੀ ਤਰ੍ਹਾਂ ਕਾਰੀਗਰੀ 'ਤੇ ਕੇਂਦ੍ਰਿਤ ਹੈ। ਪ੍ਰਿੰਟਸ ਵਿੱਚ ਵਾਟਰ ਕਲਰ ਵਾਸ਼, ਐਬਸਟਰੈਕਟ ਐਕਸਪ੍ਰੈਸ਼ਨ, ਜਿਓਮੈਟ੍ਰਿਕ ਰੀਪੀਟ ਅਤੇ ਫੁੱਲਦਾਰ ਸਕੈਚ ਸ਼ਾਮਲ ਹਨ। ਕੱਪੜਿਆਂ ਦੀ ਸ਼ਾਨ ਨੂੰ ਵਧਾਉਣ ਲਈ ਸਜਾਵਟ ਦੀ ਵਰਤੋਂ ਕੀਤੀ ਜਾਂਦੀ ਹੈ। ਮੋਤੀ, ਸੀਕੁਇਨ ਡੋਰੀ, ਅਤੇ ਕਿਰਕਿਰੀ ਕਢਾਈ ਟੈਕਸਟਚਰ ਅਤੇ ਚਮਕ ਵਧਾਉਂਦੀ ਹੈ। ਇਸ ਸਭ ਦੇ ਵਿਚ, ਮਿਸ਼ਰਾ ਦਾ ਸਿਗਨੇਚਰ ਮਿਰਰ ਵਰਕ ਅਤੇ ਗੋਟਾ ਵਰਕ ਵਿਆਹ ਦੀਆਂ ਲਹਿੰਗਿਆਂ, ਵਹਿੰਦੀਆਂ ਅਨਾਰਕਲੀਆਂ ਅਤੇ ਸਮਕਾਲੀ ਪਹਿਰਾਵੇ ਨਾਲ ਪਰੰਪਰਾ ਨੂੰ ਮੁੜ ਸੁਰਜੀਤ ਕਰਦਾ ਹੈ, ਪੁਰਾਣੀਆਂ ਯਾਦਾਂ ਨੂੰ ਉਜਾਗਰ ਕਰਦਾ ਹੈ ਅਤੇ ਉਹਨਾਂ ਨੂੰ ਆਧੁਨਿਕ ਪੀੜ੍ਹੀ ਦੇ ਅਨੁਕੂਲ ਬਣਾਉਂਦਾ ਹੈ। ਆਰਗੇਨਜ਼ਾ, ਸ਼ਿਫਨ, ਸਿਲਕ ਅਤੇ ਜਾਰਜੇਟ ਵਰਗੇ ਫੈਬਰਿਕ ਕਲਾ ਦੀਆਂ ਬਾਰੀਕੀਆਂ ਨਾਲ ਸਮਕਾਲੀ ਟੈਕਸਟਾਈਲ ਦੀ ਸੌਖ ਦੀ ਪੇਸ਼ਕਸ਼ ਕਰਦੇ ਹਨ।

ਸਾਰਾ ਅਤੇ ਇਬਰਾਹਿਮ ਅਲੀ ਖਾਨ ਨੇ ਪਹਿਲੀ ਵਾਰ ਇਕੱਠੇ ਰੈਂਪ 'ਤੇ ਵਾਕ ਕੀਤਾ ਤਾਂ ਜੋ ਅਭਿਨਵ ਮਿਸ਼ਰਾ ਦੀਆਂ ਰਚਨਾਵਾਂ ਦੀ ਕਲਾ, ਕਾਰੀਗਰੀ ਅਤੇ ਖੁਸ਼ੀ ਨੂੰ ਪ੍ਰਦਰਸ਼ਿਤ ਕੀਤਾ ਜਾ ਸਕੇ, ਜੋ ਪਰੰਪਰਾ, ਆਧੁਨਿਕਤਾ, ਭਾਵਨਾਵਾਂ ਅਤੇ ਪ੍ਰਗਟਾਵੇ ਨੂੰ ਮਿਲਾਉਂਦੀਆਂ ਹਨ।

ਸਾਰਾ ਅਲੀ ਖਾਨ ਨੇ ਅਭਿਨਵ ਮਿਸ਼ਰਾ ਦੇ ਸਿਗਨੇਚਰ ਮਿਰਰ ਵਰਕ, ਸੀਕੁਇਨ, ਜ਼ਰੀ ਅਤੇ ਰੇਸ਼ਮ ਦੇ ਸਜਾਵਟ ਨਾਲ ਹੱਥ ਨਾਲ ਤਿਆਰ ਕੀਤੇ ਇੱਕ ਸ਼ਾਹੀ ਰੰਗ ਦੇ ਸੰਤਰੀ ਪਹਿਰਾਵੇ ਵਿੱਚ ਸ਼ੋਅ ਨੂੰ ਬੰਦ ਕੀਤਾ। ਇਹ ਚਮਕਦਾਰ ਕ੍ਰਿਸਟਲ ਫਰਿੰਜ ਨਾਲ ਹੋਰ ਵੀ ਖੂਬਸੂਰਤ ਲੱਗ ਰਹੀ ਸੀ। ਮੁਗਲ ਧਾਰਮਿਕ ਸਥਾਨਾਂ ਦੀ ਆਰਕੀਟੈਕਚਰ ਤੋਂ ਪ੍ਰੇਰਿਤ, ਦ ਸ਼ਰਾਈਨ ਕਲੈਕਸ਼ਨ, ਆਪਣੇ ਆਦਰਸ਼ ਵਾਕ ਦੇ ਅਨੁਸਾਰ, ਸ਼ਾਨਦਾਰ ਪ੍ਰਤਿਭਾ ਨੂੰ ਦਰਸਾਉਂਦਾ ਹੈ, ਇਸ ਸਦੀਵੀ ਕਲਾ ਨੂੰ ਇੱਕ ਆਧੁਨਿਕ ਸ਼ਰਧਾਂਜਲੀ।

ਇਬਰਾਹਿਮ ਅਲੀ ਖਾਨ ਨੇ ਸੁਨਹਿਰੀ ਕਟਾਨ ਸਿਲਕ ਦੀ ਬਣੀ ਬੇਜ ਰੰਗ ਦੀ ਸ਼ਾਹੀ ਸ਼ੇਰਵਾਨੀ ਪਹਿਨੀ ਸੀ, ਜਿਸ ਨੂੰ ਸ਼ੀਸ਼ੇ, ਰੇਸ਼ਮ ਅਤੇ ਜ਼ਰੀ ਦੇ ਕੰਮ ਨਾਲ ਸਜਾਇਆ ਗਿਆ ਸੀ। ਉਸਦਾ ਬੋਲਡ ਅਤੇ ਸ਼ਾਨਦਾਰ ਲੁੱਕ ਮਿਸ਼ਰਾ ਦੇ ਜਸ਼ਨ ਅਤੇ ਸ਼ਾਨ ਲਈ ਜਨੂੰਨ ਨੂੰ ਦਰਸਾਉਂਦਾ ਸੀ। ਇਹ ਸ਼ੇਰਵਾਨੀ ਮਿਸ਼ਰਾ ਦੇ ਦੁਰਲੱਭ ਟੁਕੜਿਆਂ ਵਿੱਚੋਂ ਇੱਕ ਸੀ, ਜੋ ਉਸਦੇ ਗੁੰਝਲਦਾਰ ਸਜਾਵਟੀ ਕੁੜਤਿਆਂ ਲਈ ਜਾਣੀ ਜਾਂਦੀ ਹੈ। ਇਹ ਸ਼ੇਰਵਾਨੀ ਉਸਦੇ ਪੁਰਸ਼ਾਂ ਦੇ ਪਹਿਰਾਵੇ ਦੇ ਸੰਗ੍ਰਹਿ ਨੂੰ ਹੋਰ ਵਧਾਉਂਦੀ ਹੈ।

ਪ੍ਰਦਰਸ਼ਨੀ ਬਾਰੇ ਬੋਲਦਿਆਂ, ਅਭਿਨਵ ਮਿਸ਼ਰਾ ਨੇ ਕਿਹਾ, ÷ਮੇਰਾ ਧਾਰਮਿਕ ਸੰਗ੍ਰਹਿ ਪਵਿੱਤਰਤਾ ਨੂੰ ਦਰਸਾਉਂਦਾ ਹੈ। ਇਹ ਸਾਡੀ ਕਲਾ, ਸਾਡੀਆਂ ਕਹਾਣੀਆਂ ਅਤੇ ਸਾਡੇ ਆਪਣੇਪਣ ਦੀ ਭਾਵਨਾ ਨੂੰ ਪ੍ਰਦਰਸ਼ਿਤ ਕਰਦਾ ਹੈ। ਉੱਕਰੇ ਹੋਏ ਥੰਮ੍ਹ, ਫਿੱਕੇ ਹੋਏ ਫ੍ਰੈਸਕੋ, ਅਤੇ ਸ਼ੀਸ਼ੇ ਵਾਲੀਆਂ ਕੰਧਾਂ ਪੀੜ੍ਹੀਆਂ ਤੋਂ ਯਾਦਾਂ ਨੂੰ ਸੰਭਾਲਦੀਆਂ ਹਨ। ਮੈਂ ਚਾਹੁੰਦਾ ਸੀ ਕਿ ਇਹ ਸੰਗ੍ਰਹਿ ਇਤਿਹਾਸ ਨੂੰ ਚੁੱਪਚਾਪ ਦਰਸਾਉਣ ਅਤੇ ਇਸਨੂੰ ਕੋਮਲਤਾ, ਪ੍ਰਤਿਭਾ ਅਤੇ ਭਾਵਨਾ ਨਾਲ ਦੁਬਾਰਾ ਬਣਾਉਣ ਲਈ ਉਹਨਾਂ ਦੀ ਵਰਤੋਂ ਕਰੇ। ਜੌਨੀ ਵਾਕਰ ਲਕਸ ਬਲੈਂਡਡ ਵਾਟਰ ਇਸ ਪ੍ਰੋਗਰਾਮ ਦਾ ਸੈਲੀਬ੍ਰੇਸ਼ਨ ਪਾਰਟਨਰ ਹੈ, ਐਮਰਾਲਡ ਜਵੇਲਜ਼ ਗਹਿਣਿਆਂ ਦਾ ਪਾਰਟਨਰ ਹੈ, ਅਤੇ ਐਮਬ੍ਰੀਓਲਿਸ ਐਂਡ ਟੈਂਪਟੂ ਬਿਊਟੀ ਪਾਰਟਨਰ ਹੈ। ਮਿਸ਼ਰਾ ਦਾ ਸਦੀਵੀ ਗਲੈਮਰ ਹਰੇਕ ਸਾਥੀ ਦੇ ਨਾਲ ਵਧਦਾ ਹੈ।

ਰੁਚਿਰਾ ਜੇਤਲੀ, ਸੀਐਮਓ, ਡਿਆਜੀਓ ਇੰਡੀਆ ਨੇ ਕਿਹਾ, ਅਸੀਂ ਆਪਣੇ 'ਕੀਪ ਵਾਕਿੰਗ' ਫਲਸਫੇ ਦੇ ਤਹਿਤ ਅਭਿਨਵ ਨਾਲ ਭਾਈਵਾਲੀ ਕੀਤੀ ਹੈ। ਇਸਦਾ ਅਰਥ ਹੈ ਲਗਾਤਾਰ ਵਿਕਾਸ ਕਰਨਾ, ਸੀਮਾਵਾਂ ਨੂੰ ਅੱਗੇ ਵਧਾਉਣਾ ਅਤੇ ਅੱਗੇ ਵਧਣਾ। ਅਭਿਨਵ ਦੇ ਡਿਜ਼ਾਈਨ ਦਲੇਰ, ਅਗਾਂਹਵਧੂ, ਅਤੇ ਰਚਨਾਤਮਕ ਅਤੇ ਪ੍ਰਯੋਗਾਤਮਕ ਹਨ। ਇਸ ਲਈ, ਉਹ ਸਾਡੇ ਫਲਸਫੇ ਨੂੰ ਜੀਵਨ ਵਿੱਚ ਲਿਆਉਂਦਾ ਹੈ। ਅਸੀਂ ਇੱਕ ਵਾਰ ਫਿਰ ਉਸਦੇ ਨਾਲ ਭਾਈਵਾਲੀ ਕਰਨ ਲਈ ਉਤਸ਼ਾਹਿਤ ਹਾਂ। ਅਸੀਂ ਇਹ ਦੇਖਣ ਲਈ ਉਤਸੁਕ ਹਾਂ ਕਿ ਉਹ ਕਿਵੇਂ ਅੱਗੇ ਵਧਦਾ ਰਹਿੰਦਾ ਹੈ।

ਐਮਰਾਲਡ ਜਵੇਲਜ਼ ਦੀ ਸੰਸਥਾਪਕ ਧਾਰਾ ਪਟੇਲ ਨੇ ਕਿਹਾ, ਐਮਰਾਲਡ ਜਵੇਲਜ਼ ਦਾ ਹਰ ਡਿਜ਼ਾਈਨ ਪੋਲਕੀ ਅਤੇ ਕਹਾਣੀ ਸੁਣਾਉਣ ਦੀ ਭਾਵਨਾ ਨਾਲ ਸ਼ੁਰੂ ਹੁੰਦਾ ਹੈ। ਅਭਿਨਵ ਦੇ ਸ਼ੀਸ਼ੇ-ਵਰਕ ਦੇ ਪਹਿਰਾਵੇ ਨੇ ਸਾਨੂੰ ਉਸ ਨਾਲ ਸਾਂਝੇਦਾਰੀ ਕਰਨ ਲਈ ਪ੍ਰੇਰਿਤ ਕੀਤਾ। ਸਾਡਾ ਸਹਿਯੋਗ ਦੋ ਕਲਾਵਾਂ ਦੇ ਸੰਯੋਜਨ ਅਤੇ ਗਹਿਣਿਆਂ ਦੀ ਸਿਰਜਣਾ ਨੂੰ ਦਰਸਾਉਂਦਾ ਹੈ ਜੋ ਚਮਕਦਾਰ ਰੌਸ਼ਨੀ, ਜਸ਼ਨ ਅਤੇ ਵਿਰਾਸਤ ਦੀ ਭਾਵਨਾ ਨੂੰ ਉਜਾਗਰ ਕਰਦਾ ਹੈ।

# ਉੱਤਰ ਭਾਰਤ ਵਿਚ ਠੰਢ ਦੀ ਅਗਾਊਂ ਦਸਤਕ

**ਬਰਫ਼ਬਾਰੀ ਤੇ ਭਾਰੀ ਮੀਂਹ ਨਾਲ ਮੌਸਮ ਨੇ ਮਾਰੀ ਪਲਟੀ, ਪੰਜਾਬ ਵਿਚ 415% ਵੱਧ ਮੀਂਹ, ਪੂਰਬੀ ਜ਼ਿਲ੍ਹਿਆਂ ਵਿਚ ਭਾਰੀ ਮੀਂਹ ਦੀ ਚੇਤਾਵਨੀ**



ਹਿਮਾਚਲ ਪ੍ਰਦੇਸ਼ ਦੇ ਲਾਹੌਲ ਅਤੇ ਸਪਿਤੀ ਜ਼ਿਲ੍ਹੇ ਦੇ ਕੇਲੋਂਗ ਵਿੱਚ ਸੀਜ਼ਨ ਦੀ ਪਹਿਲੀ ਤਾਜ਼ਾ ਬਰਫ਼ਬਾਰੀ ਵਿੱਚ ਢਕੇ ਹੋਏ ਵਾਹਨ।

**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਭਾਰਤ ਵਿਚ ਠੰਢ ਨੇ ਐਤਕੀਂ ਅਗਾਊਂ ਦਸਤਕ ਦੇ ਦਿੱਤੀ ਹੈ। ਹਿਮਾਚਲ ਦੀਆਂ ਪਹਾੜੀਆਂ ਵਿੱਚ ਬੇਮੌਸਮੀ ਬਰਫ਼ਬਾਰੀ ਅਤੇ ਪੰਜਾਬ ਅਤੇ ਹਰਿਆਣਾ ਵਿੱਚ ਰੁਕ-ਰੁਕ ਕੇ ਭਾਰੀ ਮੀਂਹ ਨੇ ਅਕਤੂਬਰ ਦੇ ਪਹਿਲੇ ਹਫ਼ਤੇ ਮੌਸਮ ਵਿਚ ਠੰਢਕ ਲੈ ਆਂਦੀ ਹੈ। ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਦੇ ਕਈ ਜ਼ਿਲ੍ਹਿਆਂ ਲਈ ਪੀਲਾ ਅਲਰਟ ਜਾਰੀ ਕੀਤਾ ਹੈ। ਤਾਪਮਾਨ ਵਿੱਚ ਗਿਰਾਵਟ, ਫਸਲਾਂ 'ਤੇ ਨਮੀ ਦੇ ਪ੍ਰਭਾਵ ਅਤੇ ਖੇਤਾਂ ਵਿੱਚ ਪਾਣੀ ਭਰਨ ਨਾਲ ਕਿਸਾਨਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ।

ਭਾਰਤੀ ਮੌਸਮ ਵਿਭਾਗ (9$4) ਮੁਤਾਬਕ ਮੰਗਲਵਾਰ ਨੂੰ ਪੂਰਬੀ ਪੰਜਾਬ ਦੇ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੁਹਾਲੀ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ) ਦੇ ਨਾਲ ਹਲਕੇ ਤੋਂ ਦਰਮਿਆਨੇ ਮੀਂਹ ਦੀ ਸੰਭਾਵਨਾ ਹੈ। ਪੱਛਮੀ ਜ਼ਿਲ੍ਹਿਆਂ ਵਿੱਚ ਹਲਕੀ ਬੂੰਦਾਬਾਂਦੀ ਹੋ ਸਕਦੀ ਹੈ।

ਹਰਿਆਣਾ ਦੇ ਸਿਰਸਾ, ਫਤਿਹਾਬਾਦ, ਹਿਸਾਰ, ਭਿਵਾਨੀ ਅਤੇ ਚਰਖੀ ਦਾਦਰੀ ਵਿੱਚ ਵੀ ਰੁਕ ਰੁਕ ਕੇ ਮੀਂਹ ਪੈਣ ਦੀ ਸੰਭਾਵਨਾ ਹੈ। ਮੀਂਹ ਦਾ ਇਹ ਦੌਰ ਨਾ ਸਿਰਫ਼ ਝੋਨੇ ਦੀ ਕਟਾਈ ਨੂੰ ਰੋਕ ਰਿਹਾ ਹੈ, ਸਗੋਂ ਖੇਤਾਂ ਵਿੱਚ ਪਾਣੀ ਵੀ ਭਰ ਰਿਹਾ ਹੈ, ਜਿਸ ਨਾਲ ਅਗਲੇ ਬਿਜਾਈ ਸੀਜ਼ਨ ਦੀਆਂ ਤਿਆਰੀਆਂ ਵਿਚ ਅੜਿੱਕਾ ਪੈ ਰਿਹਾ ਹੈ। ਕਿਸਾਨ ਖੁੱਲ੍ਹੇ ਵਿੱਚ ਸਟੋਰ ਕੀਤੇ ਝੋਨੇ ਅਤੇ ਪਰਾਲੀ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ।

ਹਿਮਾਚਲ ਪ੍ਰਦੇਸ਼ ਵਿੱਚ ਮੌਸਮ ਨੇ ਅਚਾਨਕ ਕਰਵਟ ਲਈ ਹੈ। ਪਿਛਲੇ ਦੋ ਦਿਨਾਂ ਤੋਂ ਕਿੰਨੌਰ, ਲਾਹੌਲ-ਸਪਿਤੀ, ਕੁੱਲੂ ਅਤੇ ਕਾਂਗੜਾ ਵਿੱਚ ਬਰਫ਼ਬਾਰੀ ਹੋ ਰਹੀ ਹੈ, ਜਦੋਂ ਕਿ ਸ਼ਿਮਲਾ, ਮੰਡੀ ਅਤੇ ਬਿਲਾਸਪੁਰ ਵਿੱਚ ਲਗਾਤਾਰ ਮੀਂਹ ਪੈਣ ਨਾਲ ਠੰਢ ਵਧ ਗਈ ਹੈ। ਮੌਸਮ ਵਿਭਾਗ ਅਨੁਸਾਰ 8 ਅਕਤੂਬਰ ਨੂੰ ਰਾਜ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਗਰਜ ਅਤੇ ਮੀਂਹ ਜਾਰੀ ਰਹੇਗਾ, ਜਦੋਂ ਕਿ 8 ਅਕਤੂਬਰ ਨੂੰ ਕੁਝ ਇਲਾਕਿਆਂ ਵਿੱਚ ਹਲਕਾ ਮੀਂਹ ਪੈਣ ਦੀ ਸੰਭਾਵਨਾ ਹੈ।

ਇਹਪੱਛਮੀ ਗੜਬੜੀ ਦੇ ਪ੍ਰਭਾਵ ਕਾਰਨ, ਅਕਤੂਬਰ ਦੇ ਪਹਿਲੇ ਹਫ਼ਤੇ ਪਹਿਲਾਂ ਹੀ ਰਿਕਾਰਡਤੋੜ ਮੀਂਹ ਪੈ ਚੁੱਕਾ ਹੈ। ਮੌਸਮ ਵਿਭਾਗ ਦੇ ਅੰਕੜਿਆਂ ਮੁਤਾਬਕ 6 ਅਕਤੂਬਰ ਤੱਕ ਪੰਜਾਬ ਵਿੱਚ 415 ਫੀਸਦ ਮੀਂਹ ਪੈ ਚੁੱਕਾ ਹੈ। ਪੰਜਾਬ ਵਿਚ 415 ਫੀਸਦ, ਹਿਮਾਚਲ ਪ੍ਰਦੇਸ਼ ਵਿਚ 248 ਫੀਸਦ ਤੇ ਹਰਿਆਣਾ ਵਿਚ 129 ਫੀਸਦ ਵਧ ਮੀਂਹ ਪੈ ਚੁੱਕੇ ਹਨ। ਪਿਛਲੇ ਕਈ ਸਾਲਾਂ ਵਿੱਚ ਮੌਨਸੂਨ ਤੋਂ ਬਾਅਦ ਦੇ ਮੀਂਹ ਦਾ ਸਭ ਤੋਂ ਵੱਡਾ ਅੰਤਰ ਮੰਨਿਆ ਜਾ ਰਿਹਾ ਹੈ। ਮੌਸਮ ਵਿਗਿਆਨੀਆਂ ਅਨੁਸਾਰ ਇਸ ਮੀਂਹ ਨਾਲ ਆਉਣ ਵਾਲੇ ਹਫ਼ਤਿਆਂ ਵਿੱਚ ਤਾਪਮਾਨ ਆਮ ਨਾਲੋਂ ਤਿੰਨ ਤੋਂ ਚਾਰ ਡਿਗਰੀ ਘੱਟ ਸਕਦਾ ਹੈ।

ਲਗਾਤਾਰ ਮੀਂਹ ਨਾਲ ਖੇਤਰ ਦੇ ਮੁੱਖ ਜਲ ਭੰਡਾਰਾਂ, ਭਾਖੜਾ ਅਤੇ ਪੌਂਗ ਡੈਮਾਂ ਵਿੱਚ ਪਾਣੀ ਦੇ ਪੱਧਰ ਵਿੱਚ ਵਾਧਾ ਹੋਣ ਦੀ ਉਮੀਦ ਹੈ। ਮੌਜੂਦਾ ਸਮੇਂ ਦੋਵਾਂ ਡੈਮਾਂ ਵਿੱਚ ਪਾਣੀ ਦਾ ਪੱਧਰ ਜ਼ਿਆਦਾ ਮੀਂਹ ਦੌਰਾਨ ਅਚਾਨਕ ਕਿਸੇ ਵੀ ਵਹਾਅ ਨੂੰ ਸੰਭਾਲਣ ਲਈ ਸੁਰੱਖਿਆ ਹੱਦ ਤੋਂ ਹੇਠਾਂ ਹੈ। ਅਗਸਤ-ਸਤੰਬਰ ਵਿੱਚ ਪੌਂਗ ਡੈਮ ਉਪਰਲੀ ਹੱਦ ਤੋਂ ਪੰਜ ਫੁੱਟ ਉੱਪਰ ਪਹੁੰਚ ਗਿਆ ਸੀ, ਅਤੇ ਹੁਣ ਇਹ ਦੁਬਾਰਾ ਵਧਣ ਲੱਗਾ ਹੈ। ਮੌਸਮ ਵਿਭਾਗ ਮੁਤਾਬਕ 6 ਅਕਤੂਬਰ ਤੱਕ ਕੁੱਲੂ ਵਿੱਚ 5353 ਫੀਸਦ, ਮੰਡੀ ਵਿੱਚ 1963 ਫੀਸਦ ਅਤੇ ਕਾਂਗੜਾ ਵਿੱਚ 1367 ਫੀਸਦ ਵੱਧ ਮੀਂਹ ਦਰਜ ਕੀਤਾ ਗਿਆ ਹੈ। ਸ਼ਿਮਲਾ ਵਿੱਚ 554 ਫੀਸਦ ਵਧ ਮੀਂਹ, ਬਿਲਾਸਪੁਰ ਵਿੱਚ 1417 ਫੀਸਦ ਅਤੇ ਕਿਨੌਰ ਵਿੱਚ 73 ਫੀਸਦ ਘੱਟ ਮੀਂਹ ਦਰਜ ਕੀਤੇ ਗਏ ਹਨ।

**ਡੇਵੋ ਨੇ ਜਲੰਧਰ ਵਿੱਚ ਨਵੇਂ ਸਟੋਰ ਦਾ ਸ਼ਾਨਦਾਰ ਉਦਘਾਟਨ ਕੀਤਾ**

# ਸਾਬਕਾ ਭਾਰਤੀ ਕ੍ਰਿਕਟਰ ਅਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਨੇ ਆਪਣੀ ਮੌਜੂਦਗੀ ਨਾਲ ਇਸ ਸਮਾਗਮ ਦੀ ਸ਼ੋਭਾ ਵਧਾਈ

**ਜਲੰਧਰ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਆਰਾਮਸ ਦੀ ਇੱਕ ਪਹਿਲ ਨੇ ਮਾਡਲ ਟਾਊਨ, ਜਲੰਧਰ ਵਿੱਚ ਆਪਣਾ ਨਵਾਂ ਸਟੋਰ ਲਾਂਚ ਕੀਤਾ ਹੈ। ਫੈਬਰਿਕ ਅਤੇ ਫੈਸ਼ਨ ਦੀ ਦੁਨੀਆ ਵਿੱਚ ਸਿਆਰਾਮਸ ਦੀ ਮਾਣਮੱਤੀ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ, ਡੇਵੋ ਨੇ ਪਰੰਪਰਾ ਅਤੇ ਆਧੁਨਿਕਤਾ ਦੇ ਇੱਕ ਵਿਲੱਖਣ ਮਿਸ਼ਰਣ ਦੁਆਰਾ ਅੱਜ ਦੇ ਭਾਰਤੀ ਮਰਦਾਂ ਲਈ ਇੱਕ ਸੂਝਵਾਨ ਅਤੇ ਪ੍ਰਭਾਵਸ਼ਾਲੀ ਪਛਾਣ ਬਣਾਈ ਹੈ।

ਇਹ ਨਵਾਂ ਸੰਗ੍ਰਹਿ ਆਉਣ ਵਾਲੀ ਦੀਵਾਲੀ ਅਤੇ ਵਿਆਹ ਦੇ ਸੀਜ਼ਨ ਲਈ ਬਿਲਕੁਲ ਸਹੀ ਹੈ, ਜਦੋਂ ਖਾਸ ਮੌਕੇ ਅਤੇ ਤਿਉਹਾਰਾਂ ਦੇ ਕੱਪੜਿਆਂ ਦੀ ਮੰਗ ਆਪਣੇ ਸਿਖਰ 'ਤੇ ਹੈ। ਆਧੁਨਿਕ ਭਾਰਤੀ ਮਰਦਾਂ ਲਈ ਤਿਆਰ ਕੀਤੀ ਗਈ ਇਹ ਬਹੁਪੱਖੀ ਅਤੇ ਸ਼ਾਨਦਾਰ ਰੇਂਜ, ਹਰ ਜਸ਼ਨ ਅਤੇ ਖਾਸ ਮੌਕੇ ਲਈ ਸੰਪੂਰਨ ਪਹਿਰਾਵੇ ਅਤੇ ਕੱਪੜਿਆਂ ਦੀ ਚੋਣ ਪੇਸ਼ ਕਰਦੀ ਹੈ। ਇਸ ਮੌਕੇ 'ਤੇ ਸਾਬਕਾ ਭਾਰਤੀ ਕ੍ਰਿਕਟਰ ਅਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਆਪਣਾ ਬਚਪਨ ਜਲੰਧਰ ਵਿੱਚ ਬਿਤਾਇਆ। ਉਨ੍ਹਾਂ ਨੇ ਸਿਆਰਾਮਸ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਗੌਰਵ ਪੋਦਾਰ, ਸਿਆਰਾਮਸ ਦੇ ਉਪ ਪ੍ਰਧਾਨ ਸ਼੍ਰੀ ਵਿਕਾਸ ਮਲਹੋਤਰਾ ਅਤੇ ਦੇਵੋ ਬ੍ਰਾਂਡ ਮੁਖੀ ਸ਼੍ਰੀ ਗਿਆਨ ਪ੍ਰਕਾਸ਼ ਸ਼੍ਰੀਵਾਸਤਵ ਦੇ ਨਾਲ ਮਿਲ ਕੇ ਰਵਾਇਤੀ ਰਿਬਨ ਕੱਟ ਕੇ ਅਤੇ ਦੀਵੇ ਜਗਾ ਕੇ ਸਮਾਗਮ ਦਾ ਉਦਘਾਟਨ ਕੀਤਾ। ਜਲੰਧਰ ਦੀਆਂ ਪ੍ਰਮੁੱਖ ਸ਼ਖਸੀਅਤਾਂ, ਪ੍ਰਸਿੱਧ ਸੋਸ਼ਲ ਮੀਡੀਆ ਪ੍ਰਭਾਵਕਾਂ ਅਤੇ ਬ੍ਰਾਂਡ ਦੇ ਲੰਬੇ ਸਮੇਂ ਤੋਂ ਗਾਹਕਾਂ ਦੀ ਮੌਜੂਦਗੀ ਨੇ ਸਮਾਗਮ ਨੂੰ ਹੋਰ ਵੀ ਯਾਦਗਾਰੀ ਬਣਾ ਦਿੱਤਾ।

ਪੰਜਾਬ ਵਿੱਚ ਦੇਵੋ ਦੇ ਵਿਸਥਾਰ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਸ਼੍ਰੀ ਗੌਰਵ ਪੋਦਾਰ ਨੇ ਕਿਹਾ, ਦੇਵੋ ਦਾ ਉਦੇਸ਼ ਭਾਰਤੀ ਪਰੰਪਰਾਵਾਂ ਦਾ ਜਸ਼ਨ ਮਨਾਉਂਦੇ ਹੋਏ ਆਧੁਨਿਕ ਸ਼ੈਲੀ ਨੂੰ ਅਪਣਾਉਣਾ ਹੈ। ਆਪਣੀ ਸੱਭਿਆਚਾਰਕ ਅਮੀਰੀ ਅਤੇ ਸ਼ਾਨਦਾਰ ਕਾਰੀਗਰੀ ਲਈ ਮਸ਼ਹੂਰ ਜਲੰਧਰ, ਸਾਡੇ ਬ੍ਰਾਂਡ ਦੇ ਵਿਸਥਾਰ ਲਈ ਇੱਕ ਆਦਰਸ਼ ਸ਼ਹਿਰ ਹੈ। ਇਸ ਵਿਸ਼ੇਸ਼ ਮੌਕੇ 'ਤੇ ਪੰਜਾਬ ਦੇ ਪ੍ਰਤੀਕ ਸ਼ਖਸੀਅਤ ਹਰਭਜਨ ਸਿੰਘ ਦੀ ਮੌਜੂਦਗੀ ਨੇ ਲਾਂਚ ਨੂੰ ਹੋਰ ਵੀ ਖਾਸ ਬਣਾ ਦਿੱਤਾ। ਪੰਜਾਬ ਸਾਡੇ ਲਈ ਇੱਕ ਬਹੁਤ ਮਹੱਤਵਪੂਰਨ ਬਾਜ਼ਾਰ ਹੈ, ਅਤੇ ਇਹ ਸਟੋਰ ਇੱਥੇ ਸਾਡੇ ਵਿਸਥਾਰ ਵੱਲ ਪਹਿਲਾ ਕਦਮ ਹੈ।

ਜਲੰਦ ਦੇ ਪ੍ਰਸਿੱਧ ਪ੍ਰਭਾਵਕਾਂ, ਸਥਾਨਕ ਪਤਵੰਤਿਆਂ ਅਤੇ ਲੰਬੇ ਸਮੇਂ ਤੋਂ ਗਾਹਕਾਂ ਨੇ ਸ਼ਾਮ ਦੇ ਸੁਹਜ ਵਿੱਚ ਵਾਧਾ ਕੀਤਾ। ਮਹਿਮਾਨਾਂ ਦਾ ਬਾਲੀਵੁੱਡ ਅਤੇ ਪੰਜਾਬੀ ਸੰਗੀਤ ਦੇ ਲਾਈਵ ਪ੍ਰਦਰਸ਼ਨਾਂ ਦੁਆਰਾ ਮਨੋਰੰਜਨ ਕੀਤਾ ਗਿਆ, ਜੋ ਪੰਜਾਬ ਦੇ ਮਜ਼ੇ ਅਤੇ ਊਰਜਾ ਨੂੰ ਪੂਰੀ ਤਰ੍ਹਾਂ ਕੈਪਚਰ ਕਰਦੇ ਹਨ। ਢੋਲ ਅਤੇ ਭੰਗੜੇ ਦੇ ਪ੍ਰਦਰਸ਼ਨਾਂ ਨੇ ਮਾਹੌਲ ਨੂੰ ਹੋਰ ਵੀ ਵਧਾ ਦਿੱਤਾ, ਜਿਸ ਨਾਲ ਲਾਂਚ ਸ਼ਹਿਰ ਦੇ ਪ੍ਰਚੂਨ ਦ੍ਰਿਸ਼ ਵਿੱਚ ਇੱਕ ਯਾਦਗਾਰੀ ਮੌਕਾ ਬਣ ਗਿਆ।

ਤਿਉਹਾਰਾਂ ਦੀ ਭਾਵਨਾ ਨੂੰ ਜੋੜਦੇ ਹੋਏ, ਸ਼ਾਮ ਦੇ ਵਿਸ਼ੇਸ਼ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਨੇ ਪੰਜਾਬ ਦੀ ਅਮੀਰ ਮਹਿਮਾਨਨਿਵਾਜ਼ੀ ਨੂੰ ਪ੍ਰਦਰਸ਼ਿਤ ਕੀਤਾ। ਲਾਂਚ ਦਾ ਜੀਵੰਤ ਅਤੇ ਜੀਵੰਤ ਮਾਹੌਲ ਸ਼ਹਿਰ ਦੀ ਸੱਭਿਆਚਾਰਕ ਵਿਰਾਸਤ ਦੇ ਅਨੁਸਾਰ ਸੀ। ਮਹਿਮਾਨਾਂ ਨੇ ਇਸ ਸਮਾਗਮ ਨੂੰ ਜਲੰਧਰ ਦੇ ਨਿੱਘ ਅਤੇ ਭਾਵਨਾ ਦਾ ਪ੍ਰਤੀਬਿੰਬ ਦੱਸਿਆ।

ਇਸ ਨਵੇਂ ਡੇਵੋ ਸਟੋਰ ਨੂੰ ਵਿਸ਼ੇਸ਼ ਤੌਰ 'ਤੇ ਗਾਹਕਾਂ ਨੂੰ ਇੱਕ ਆਲੀਸ਼ਾਨ ਅਤੇ ਸਵਾਗਤਯੋਗ ਖਰੀਦਦਾਰੀ ਅਨੁਭਵ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸਦਾ ਸਜਾਵਟੀ ਅੰਦਰੂਨੀ, ਵਿਅਕਤੀਗਤ ਸਟਾਈਲਿੰਗ ਸਹਾਇਤਾ, ਅਤੇ ਹਰ ਵੇਰਵੇ ਵੱਲ ਧਿਆਨ ਬ੍ਰਾਂਡ ਦੀ ਪ੍ਰੀਮੀਅਮ ਪਛਾਣ ਨੂੰ ਦਰਸਾਉਂਦਾ ਹੈ। ਇੱਥੇ, ਗਾਹਕ ਇੱਕ ਸੰਪੂਰਨ ਪਹਿਰਾਵੇ ਦਾ ਅਨੁਭਵ ਅਨੁਭਵ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਦੀ ਖਰੀਦਦਾਰੀ ਹੋਰ ਵੀ ਪ੍ਰੇਰਨਾਦਾਇਕ ਅਤੇ ਸੁਵਿਧਾਜਨਕ।

# ਪੰਜਾਬੀ ਸ਼ਬਦ ਜੋੜਾਂ ਬਾਰੇ ਭਾਸ਼ਾ ਵਿਭਾਗ ਦੀ ਗੋਸ਼ਟੀ ਅੱਜ

**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਸਬੰਧੀ 'ਪ੍ਰਮਾਣਿਕ ਸ਼ਬਦ-ਜੋੜ: ਇੱਕ ਸੰਵਾਦ' ਵਿਸ਼ੇ ਤਹਿਤ ਇੱਕ ਦਿਨਾ ਗੋਸ਼ਟੀ ਭਲਕੇ 8 ਅਕਤੂਬਰ ਨੂੰ ਭਾਸ਼ਾ ਭਵਨ ਪਟਿਆਲਾ ਵਿਖੇ ਕਰਵਾਈ ਜਾ ਰਹੀ ਹੈ। ਸਵੇਰੇ 10 ਵਜੇ ਸ਼ੁਰੂ ਹੋਣ ਵਾਲੀ ਇਸ ਗੋਸ਼ਟੀ ਦੌਰਾਨ ਸ਼ਬਦ ਜੋੜਾਂ ਸਬੰਧੀ ਵੱਖ-ਵੱਖ ਪਹਿਲੂਆਂ ਬਾਰੇ ਉੱਘੇ ਵਿਦਵਾਨ ਵਿਚਾਰ ਚਰਚਾ 'ਚ ਹਿੱਸਾ ਲੈਣਗੇ।

ਦੋ ਸੈਸ਼ਨਾਂ 'ਚ ਹੋਣ ਵਾਲੀ ਇਸ ਗੋਸ਼ਟੀ ਦੇ ਪਹਿਲੇ ਸੈਸ਼ਨ ਦੌਰਾਨ ਡਾ. ਸੁਖਵਿੰਦਰ ਸਿੰਘ ਸੰਘਾ, ਸੁਲੱਖਣ ਸਰਹੱਦੀ, ਡਾ. ਪਰਮਜੀਤ ਸਿੰਘ ਢੀਂਗਰਾ, ਡਾ. ਆਸ਼ਾ ਕਿਰਨ ਤੇ ਜਗਤਾਰ ਸਿੰਘ ਸੋਖੀ ਵਿਚਾਰ ਚਰਚਾ 'ਚ ਸ਼ਮੂਲੀਅਤ ਕਰਨਗੇ। ਦੂਸਰੇ ਸੈਸ਼ਨ ਦੌਰਾਨ ਡਾ. ਜੋਗਾ ਸਿੰਘ, ਡਾ. ਬੂਟਾ ਸਿੰਘ ਬਰਾੜ, ਡਾ. ਸੁਖਵਿੰਦਰ ਸਿੰਘ ਤੇ ਰਬਿੰਦਰ ਸਿੰਘ ਰੱਬੀ ਹਿੱਸਾ ਲੈਣਗੇ।

ਇਸ ਸਮਾਗਮ 'ਚ ਹਿੱਸਾ ਲੈਣ ਲਈ ਭਾਸ਼ਾ ਪ੍ਰੇਮੀਆਂ ਨੂੰ ਵਿਭਾਗ ਵੱਲੋਂ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਸਮਾਗਮ ਦਾ ਵਿਭਾਗ ਦੇ ਫੇਸਬੁੱਕ ਪੇਜ 'ਤੇ ਨਾਲੋ-ਨਾਲ ਪ੍ਰਸਾਰਣ ਵੀ ਕੀਤਾ ਜਾਵੇਗਾ।

# ਮਨੁੱਖਤਾ ਨੂੰ ਸੇਧ ਦਿੰਦੇ ਨੇ ਸਾਹਿਤ ਤੇ ਕਾਨੂੰਨ

## ਮੋਹਨ ਲਾਲ ਫਿਲੌਰੀਆ



• ਹਰਮੀਤ ਸਿੰਘ ਅਟਵਾਲ
98155-05287

ਕਹਾਣੀਆਂ ਲਿਖਦਾ-ਲਿਖਦਾ ਮੋਹਨ ਲਾਲ ਫਿਲੌਰੀਆ ਵਕੀਲ ਬਣ ਗਿਆ। ਇਸ ਸਮੇਂ ਜਲੰਧਰ ਦੀ ਕਚਹਿਰੀ 'ਚ ਵਕਾਲਤ ਕਰਦਾ ਹੈ। ਪੰਜਾਬੀ 'ਚ ਉਸ ਦੇ ਪੰਜ ਕਹਾਣੀ ਸੰਗ੍ਰਹਿ- 'ਸਰਕਾਰੀ ਵਰਦੀ', 'ਤਲਾਸ਼ੀ', 'ਮਿੱਟੀ ਦਾ ਬੋਝ', 'ਮੇਰੀ ਦਾ ਪੁੱਤ' ਅਤੇ 'ਕੱਚਾ ਮਾਸ' ਛਪ ਚੁੱਕੇ ਹਨ। ਕਹਾਣੀਆਂ ਦੀ ਇਕ ਪੁਸਤਕ 'ਮੇਰੀ ਕਾ ਬੇਟਾ' ਹਿੰਦੀ 'ਚ ਵੀ ਅਨੁਵਾਦ ਹੋ ਕੇ ਛਪੀ ਹੈ। ਕਹਾਣੀ 'ਮੇਰੀ ਦਾ ਪੁੱਤ' 'ਤੇ ਭਾਅ ਜੀ ਗੁਰਸ਼ਰਨ ਸਿੰਘ ਨਾਟਕ ਖੇਡਦੇ ਰਹੇ। ਅਜੇ ਵੀ ਪੁਰਤੀ ਕਲਾ ਕੇਂਦਰ ਲਾਂਧੜਾਂ ਵਾਲੇ ਕਹਾਣੀ 'ਮੇਰੀ ਦਾ ਪੁੱਤ' 'ਤੇ ਨਾਟਕ ਖੇਡਦੇ ਹਨ। ਉਨ੍ਹਾਂ ਨੇ ਇਸ ਕਹਾਣੀ 'ਤੇ ਅਧਾਰਤ ਟੈਲੀ ਫਿਲਮ ਵੀ ਬਣਾਈ ਜਿਹੜੀ ਕਿ ਦੇਸ਼ ਵਿਦੇਸ਼ 'ਚ ਸਲਾਹੀ ਗਈ। ਉਨ੍ਹਾਂ ਨੂੰ ਕਚਹਿਰੀ 'ਚ ਮਿਲਣ ਗਏ ਤਾਂ ਉਹ ਕੋਰਟ ਦੇ ਬਾਹਰ ਇਕ ਬੋਹੜ ਦੇ ਦਰਖ਼ਤ ਥੱਲੇ ਬੈਠੇ ਹਵਾ ਖਾ ਰਹੇ ਸਨ। ਬੋਹੜ ਦੇ ਨਾਲ ਇਕ ਪਿੱਪਲ ਦਾ ਦਰਖ਼ਤ ਵੀ ਹੈ।

ਪਹਿਲਾਂ ਚੁੱਪ ਰਹੇ ਫਿਰ ਬੋਲੇ ਕਿ ਸੁਣਦੇ ਹਾਂ ਮਹਾਤਮਾ ਬੁੱਧ ਨੂੰ ਬੋਹੜ ਦੇ ਪੇੜ ਥੱਲੇ ਗਿਆਨ ਹੋਇਆ ਸੀ ਸ਼ਾਇਦ ਏਥੇ ਗਿਆਨ ਮੈਨੂੰ ਵੀ ਮਿਲ ਜਾਵੇ। ਦੂਸਰਾ ਆਹ ਪਿੱਪਲ ਦਾ ਦਰਖ਼ਤ ਬਹੁਤ ਸਾਫ਼ ਸੁਥਰੀ ਹਵਾ ਦਿੰਦਾ ਹੈ। ਤੀਸਰਾ ਔਹ ਦੇਖੋ ਦੁਨੀਆ ਤੁਰੀ ਜਾਂਦੀ ਹੈ ਅਦਾਲਤਾਂ ਵੱਲ ਨੂੰ। ਔਰਤਾਂ, ਮਰਦ, ਕੁੜੀਆਂ, ਮੁੰਡੇ, ਪੁਲਸੀਏ ਦੌੜੇ ਜਾ ਰਹੇ ਹਨ। ਅੰਦਰ ਆਵਾਜ਼ਾਂ ਪੈ ਰਹੀਆਂ ਹਨ- ਮੈਂ ਬਨਾਮ ਤੂੰ- ਤੂੰ ਬਨਾਮ ਮੈਂ- ਪਿਓ-ਪੁੱਤ ਦੇ ਝਗੜੇ ਹਨ। ਭਰਾਵਾਂ-ਭਰਾਵਾਂ ਅਤੇ ਭੈਣਾਂ-ਭੈਣਾਂ ਦੇ ਝਗੜੇ ਹਨ। ਚਿੱਟੇ ਦਾ ਰੌਲ਼ਾ ਹੈ ਕਾਲੇ ਦਾ ਰੌਲ਼ਾ ਹੈ - ਜਾਤਾਂ ਪਾਤਾਂ ਦੇ ਝਗੜੇ ਹਨ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ :

**• ਇਹ ਵਕੀਲ ਬਣਨ ਦਾ ਸਬੱਬ ਕਿਵੇਂ ਬਣਿਆ?**

ਇਹ ਵੀ ਅਜੀਬ ਇਤਫ਼ਾਕ ਹੈ। ਮੈਂ ਸੱਤ ਜਗ੍ਹਾ 'ਤੇ 40 ਸਾਲ ਨੌਕਰੀ ਕਰ ਕੇ ਰਿਟਾਇਰ ਹੋ ਕੇ 60 ਸਾਲ ਦੀ ਉਮਰ 'ਚ ਵਕੀਲ ਬਣਿਆ। ਵਕੀਲ ਬਣਨ ਤੋਂ ਪਹਿਲਾਂ ਮੈਂ ਬੈਂਕ ਦਾ ਮੈਨੇਜਰ ਸੀ। ਮੈਨੇਜਰ ਤੋਂ ਪਹਿਲਾਂ ਮੈਂ ਪੰਜਾਬ ਸਰਕਾਰ ਦਾ ਬਾਬੂ (ਕਲਰਕ) ਸੀ। ਕਲਰਕ ਬਣਨ ਤੋਂ ਪਹਿਲਾਂ ਪਿੰਡ 'ਚ ਦਿਹਾੜੀਦਾਰ ਮਜ਼ਦੂਰ ਸੀ। ਜਿੱਥੇ ਮੇਰੇ ਪਰਿਵਾਰ ਦੇ ਮੈਂਬਰ ਅਜੇ ਵੀ ਦਿਹਾੜੀ ਲਾਉਂਦੇ 'ਚ ਰਮੇ ਹੋਏ ਹਨ।

**• ਵਕੀਲ ਬਣਨ ਲਈ ਤਾਂ ਕੋਰਸ ਕਰਨਾ ਪੈਂਦਾ ਹੈ?**

ਹਾਂ ਵਕੀਲ ਬਣਨ ਲਈ ਪੜ੍ਹਾਈ ਤਾਂ ਕਰਨੀ ਪੈਂਦੀ ਹੈ। ਮੇਰੀ ਪੜ੍ਹਾਈ ਦੀ ਕਹਾਣੀ ਅਲੱਗ ਹੈ। ਮੇਰੇ ਘਰ 'ਚ ਨਾ ਪਹਿਲਾਂ ਤੇ ਨਾ ਬਾਅਦ 'ਚ ਕੋਈ ਪੜ੍ਹਿਆ। ਨਾਨ੍ਹਹਿਲ 'ਤੇ 1966 'ਚ ਦਸਵੀਂ ਪਾਸ ਕੀਤੀ, ਦੋ ਸਾਲ ਫਗਵਾੜੇ ਕਾਲਜ 'ਚ ਪੜ੍ਹਿਆ। ਬੀ.ਏ. ਕਰਦਾ ਸੀ ਚੰਡੀਗੜ੍ਹ ਨੌਕਰੀ ਮਿਲ ਗਈ। ਕਿਸੇ ਟੀਚਰ ਨੇ ਸਲਾਹ ਦਿੱਤੀ ਈਵ ਜਾ। ਮੈਂ ਉਥੇ ਜਾ ਕੇ ਯੂਨੀਵਰਸਿਟੀ ਈਵਨਿੰਗ ਕਾਲਜ 'ਚੋਂ ਪਹਿਲਾਂ ਬੀਏ ਕੀਤੀ ਫਿਰ ਐੱਲਐੱਲਬੀ ਫਿਰ ਪਰਸੋਨਲ ਮੈਨੇਜਮੈਂਟ ਪੰਜਾਬੀ ਦੀ ਐਮਏ ਕੀਤੀ। ਐੱਲਐੱਲਬੀ ਈਵਨਿੰਗ ਕਾਲਜ ਤੋਂ ਕੀਤੀ। 1977 'ਚ ਬੈਂਕ 'ਚ ਅਫ਼ਸਰ ਭਰਤੀ ਹੋ ਗਿਆ ਨਹੀਂ ਤਾਂ ਮੈਂ ਉਦੋਂ 'ਚ ਹੀ ਵਕੀਲ ਬਣ ਜਾਣਾ ਸੀ। ਇਕ ਗੱਲ ਹੋਰ ਮੈਂ 59 ਸਾਲ ਦੀ ਉਮਰ 'ਚ ਪੰਜਾਬੀ 'ਵਰਸਿਟੀ ਪਟਿਆਲਾ ਤੋਂ ਐਮਏ ਜਰਨਲਿਜ਼ਮ ਵੀ ਕੀਤੀ।

**• ਸਾਹਿਤ ਵੱਲ ਝੁਕਾਅ ਕਿਵੇਂ ਬਣਿਆ?**

ਅਸਲ 'ਚ ਕੁਝ ਪਤਾ ਹੀ ਨਹੀਂ ਸੀ - ਅਸੀਂ ਕਿਥੇ ਜਾਣਾ - ਕਿਵੇਂ ਜਾਣਾ - ਕਿਉਂ ਜਾਣਾ। ਘਰ 'ਚ ਮੱਝ ਹੁੰਦੀ ਜਾਂ ਪਿੱਛੇ ਕੋਈ ਕਟੜੂ ਦੋ ਵੇਲੇ ਰੰਬਾ ਲੈ ਕੇ ਘਾਹ ਖੋਤਣ ਜਾਣਾ। ਓਹੀ ਰੰਬਾ ਅੱਗੋਂ ਨਿਆਣਿਆਂ ਦੇ ਹੱਥ ਤੇ ਅੱਗੋਂ ਅਗਲੀ ਪੀੜ੍ਹੀ। ਫਗਵਾੜੇ ਪੜ੍ਹਨ ਲੱਗੇ ਤਾਂ ਕਾਲਜ ਦੇ ਅੱਗੇ ਵਿਦਿਆਰਥੀ ਜਥੇਬੰਦੀਆਂ ਨਾਹਰੇ ਮਾਰਦੀਆਂ ਹੋਣੀਆਂ। ਗੰਨੇ ਵਾਲੀ ਮਿੱਲ ਦੇ ਬਾਹਰ ਕਿਸਾਨ ਯੂਨੀਅਨ ਵਾਲੇ, ਕੱਪੜੇ ਵਾਲੀ ਮਿੱਲ ਦੇ ਬਾਹਰ ਮਜ਼ਦੂਰ ਯੂਨੀਅਨ ਵਾਲੇ ਨਾਹਰੇ ਮਾਰਦੇ ਹੋਣੇ। ਫਿਰ ਇਕ ਦਿਨ ਕੱਪੜੇ ਵਾਲੀ ਮਿੱਲ ਦੇ ਬਾਹਰ ਧਰਨੇ 'ਤੇ ਬੈਠੇ ਮਜ਼ਦੂਰਾਂ ਤੇ ਪਾਰਸਲ ਕੀਤੇ ਬੰਬ ਫਟੇ। ਚਾਰ ਮਜ਼ਦੂਰ ਮਰ ਗਏ ਕੁਝ ਫੱਟੜ ਹੋਏ। ਇਹ ਘਟਨਾ ਨੇੜੇ ਤੋਂ ਦੇਖੀ। ਮਨ ਵਲੂੰਧਰਿਆ ਗਿਆ। ਇਹੋ ਜਿਹੀਆਂ ਘਟਨਾਵਾਂ ਅਕਸਰ ਵਾਪਰਦੀਆਂ ਸਨ। ਵਧੀਕੀਆਂ ਹੁੰਦੀਆਂ ਦੇਖੀਆਂ, ਪੜ੍ਹੀਆਂ, ਸੁਣੀਆਂ। ਇੰਜ ਵਧੀਕੀਆਂ ਕਰਨ ਵਾਲੇ ਬੁਰੇ ਲੱਗਣ ਲੱਗੇ। ਜਿਨ੍ਹਾਂ ਨਾਲ ਹੋ ਰਹੀਆਂ ਸੀ ਉਹ ਆਪਣੇ ਲੱਗਣ ਲੱਗੇ। ਇਹ ਗੱਲਾਂ ਪੇਸ਼ ਕਰਨ ਵਾਲਾ ਸਾਹਿਤ ਚੰਗਾ ਲੱਗਦਾ ਤੇ ਮਨ ਕਰਦਾ ਇਹੋ ਜਿਹਾ ਲਿਖਿਆ ਵੀ ਜਾਵੇ।

**• ਚੰਡੀਗੜ੍ਹ ਉਦੋਂ ਕਿਹੋ ਜਿਹਾ ਸੀ?**

1969 'ਚ ਚੰਡੀਗੜ੍ਹ ਨੌਕਰੀ ਲੱਗੀ ਸੀ। ਸਤਾਰਾਂ ਸੈਕਟਰ 'ਚ ਦਫ਼ਤਰ ਸੀ। ਇਕ ਦਿਨ 17 ਸੈਕਟਰ 'ਚ ਸ਼ਿਵ ਕੁਮਾਰ ਬਟਾਵਲੀ ਖੜ੍ਹਾ ਦੇਖਿਆ ਉਦੋਂ ਉਹਦੀ ਚੜ੍ਹਤ ਸੀ। ਉਹ ਐੱਸਬੀਆਈ 'ਚ ਨੌਕਰੀ ਕਰਦਾ ਸੀ। ਚੰਡੀਗੜ੍ਹ ਅਜੇ ਬਣਦਾ ਸੀ। ਵੱਡੀਆਂ-ਵੱਡੀਆਂ ਸਾਹਿਤਕ ਤੇ ਸਿਆਸੀ ਸ਼ਖ਼ਸੀਅਤਾਂ ਦੇਖੀਆਂ। ਵੱਡੇ-ਵੱਡੇ ਅਫ਼ਸਰ ਦੇਖੇ। ਪਰ ਇਨ੍ਹਾਂ ਨੂੰ ਦੇਖਣ ਤੋਂ ਬਾਅਦ ਦਿਲ ਦਿਮਾਗ਼ 'ਚ ਘਟੀਆਪਣ ਦਾ ਮਹਿਸੂਸ ਹੋਣਾ ਜੇ ਕੁਝ ਕੀਤਾ ਵੀ ਹੋਣਾ ਤਾਂ ਹਿੰਮਤ ਨਾ ਪੈਣੀ ਕਿ ਪ੍ਰਗਟ ਕਰ ਸਕੀਏ।

**• ਪੰਜਾਬ ਤੋਂ ਬਾਹਰ ਕਿੱਥੇ-ਕਿੱਥੇ ਰਹੇ?**

ਚੰਡੀਗੜ੍ਹ ਰਹਿ ਕੇ ਨੌਕਰੀ ਕੀਤੀ, ਪੜ੍ਹਾਈ ਕੀਤੀ, ਦਫ਼ਤਰਾਂ 'ਚ ਜਾਤੀ ਅਧਾਰਤ ਵਿਤਕਰਾ ਬਰਦਾਸ਼ਤ ਕੀਤਾ। ਵਿਜਯਾ ਬੈਂਕ 'ਚ ਨੌਕਰੀ ਬੰਗਲੌਰ ਲੱਗੀ। ਛੇ ਮਹੀਨੇ ਕੱਟੇ। ਦੂਰ ਸੀ। ਭਾਸ਼ਾ ਦੀ ਵੀ ਸਮੱਸਿਆ, ਦੂਸਰਾ ਦੇਸ਼ ਲੱਗਦਾ ਸੀ। ਦਿੱਲੀ ਤੋਂ ਲਖਨਊ, ਫਿਰ ਬਨਾਰਸ, ਫਿਰ ਜਲੰਧਰ, ਫਿਰ ਜਲੰਧਰ ਤੋਂ ਜਬਲਪੁਰ, ਭੋਪਾਲ, ਫਿਰ ਲਖਨਊ। ਬਨਾਰਸ ਤੇ ਚੰਡੀਗੜ੍ਹ ਘੁੰਮਦੇ ਰਹੇ। ਏਸੇ ਦੌਰਾਨ ਬੰਬਈ-ਕਲਕੱਤੇ ਵੀ ਆਉਣ ਜਾਣ ਬਣਿਆ ਰਿਹਾ। ਪੂਰਾ ਭਾਰਤ ਦੇਖ ਹੋ ਗਿਆ।

**• ਪੰਜਾਬ 'ਚ ਜਾਤ ਪਾਤ ਦੀ ਸਮੱਸਿਆ ਘੱਟ ਹੈ ਬਾਹਰ ਜ਼ਿਆਦਾ?**

ਨਹੀਂ ਅਜਿਹਾ ਨਹੀਂ। ਜਾਤ ਪਾਤ ਦੀ ਸਮੱਸਿਆ ਨਾ ਪੰਜਾਬ 'ਚ ਘੱਟ ਹੈ ਨਾ ਬਾਹਰ ਜ਼ਿਆਦਾ ਹੈ ਹਰ ਜਗ੍ਹਾ ਹੈ। ਜੇ ਬੰਦਾ ਸਪਸ਼ਟ ਹੋ ਕੇ ਰਹਿੰਦਾ ਹੈ ਤਾਂ ਕੋਈ ਸਮੱਸਿਆ ਨਹੀਂ। ਜੇ ਕੁੰਗੜ ਕੇ ਰਹੇਗਾ ਤਾਂ ਜਾਤ ਖਾ ਜਾਏਗੀ। ਹੁਣ ਝਾੜੂ ਦੇਣ ਵਾਲੇ ਨੂੰ ਉੱਚੀ ਜਾਤ ਵਾਲਾ ਕੋਈ ਕੁਝ ਨਹੀਂ ਕਹਿੰਦਾ। ਹਾਂ ਜੇ ਝਾੜੂ ਦੇਣ ਵਾਲੇ ਦੇ ਪਰਿਵਾਰ 'ਚੋਂ ਕਿਸੇ ਦਫ਼ਤਰ 'ਚ ਕਿਤੇ ਨੌਕਰੀ ਲੱਗ ਜਾਵੇ ਤਾਂ ਉਸ ਗ਼ਰੀਬ ਨੂੰ ਉੱਚੀ ਜਾਤ ਖਾ ਜਾਏਗੀ। ਰਿਜ਼ਰਵੇਸ਼ਨ ਦੇ ਮਿਹਣੇ ਮਾਰੇ ਜਾਣਗੇ। ਜਾਂ ਇਹ ਵੀ ਹੈ ਕਿ ਛੋਟੀ ਜਾਤ ਵਾਲਾ ਆਪਣੀ ਕਲੋਨੀ ਛੱਡ ਕੇ ਵਧੀਆ ਕਲੋਨੀ 'ਚ ਰਹਿਣ ਦਾ ਉਪਰਾਲਾ ਕਰੂਗਾ ਤਾਂ ਉਸ ਨੂੰ ਕਠਿਨਾਈ ਹੋਵੇਗੀ। ਹਾਲ ਹੀ 'ਚ ਇਕ ਪਿੰਡ ਇਕ ਗੁਰਦੁਆਰੇ ਦਾ ਨਾਹਰਾ ਉਠਿਆ ਸੀ ਜੋ ਮੱਠਾ ਪੈ ਗਿਆ। ਹੋਰ ਤਾਂ ਹੋਰ ਸ਼ਮਸਾਨ ਭੂਮੀਆਂ ਵੀ ਇੱਕਠੀਆਂ ਨਹੀਂ ਹੋ ਸਕੀਆਂ।

**• ਭਾਰਤ 'ਚ ਰਿਜ਼ਰਵੇਸ਼ਨ ਵੀ ਜਾਤ ਪਾਤ ਖ਼ਤਮ ਨਹੀਂ ਕਰ ਸਕੀ?**

ਨਹੀਂ ਰਿਜ਼ਰਵੇਸ਼ਨ ਨਾਲ ਜਾਤ ਪਾਤ ਖ਼ਤਮ ਨਹੀਂ ਹੋ ਸਕੀ। ਡਾ. ਅੰਬੇਡਕਰ ਦੀ ਅਗਵਾਈ 'ਚ ਅੰਗਰੇਜ਼ਾਂ ਨਾਲ ਸਿੱਧਾ ਰਾਬਤਾ ਕਾਇਮ ਕਰ ਕੇ ਜਿਹੜਾ ਦਲਿਤ ਮੁਕਤੀ ਦਾ ਅੰਦੋਲਨ ਉਠਿਆ ਸੀ ਉਹ ਰਿਜ਼ਰਵੇਸ਼ਨ ਦੇ ਲਾਰੇ ਨਾਲ ਸ਼ਾਂਤ ਕਰ ਦਿੱਤਾ। ਸਮੱਸਿਆ ਜਿਓਂ ਦੀ ਤਿਓਂ ਖੜ੍ਹੀ ਹੈ।

**• ਜਾਤ ਪਾਤ ਦੀ ਸਮੱਸਿਆ ਦਾ ਹੱਲ ਕੀ ਹੈ?**

ਇਹ ਸਮੱਸਿਆ ਹੱਲ ਹੋ ਸਕਦੀ ਹੈ। ਸਰਕਾਰ ਦੀ ਨੀਯਤ ਸਾਫ਼ ਹੋਵੇ। ਜਿੰਨੇ ਵੀ ਕਾਨੂੰਨ ਬਣੇ ਹਨ ਉਹ ਲਾਗੂ ਕੀਤੇ ਜਾਣ। ਕਾਨੂੰਨ ਲਾਗੂ ਨਾ ਕੀਤੇ ਜਾਣ ਦੀ ਸੂਰਤ 'ਚ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ। ਸਿੱਖਿਆ ਮੁਫ਼ਤ ਦਿੱਤੀ ਜਾਵੇ ਅਤੇ ਇਕੋ ਜਿਹੀ ਦਿੱਤੀ ਜਾਵੇ। ਇੰਗਲਿਸ਼ ਮੀਡੀਆ ਦੇ ਸਕੂਲ ਬੰਦ ਕੀਤੇ ਜਾਣ। ਸਭ ਤੋਂ ਛੋਟੀਆਂ ਜਾਤਾਂ ਵਾਲੇ ਆਪਣੀ ਜਾਤ ਅਤੇ ਆਪਣੇ ਆਪ ਨੂੰ ਮਜ਼ਬੂਤ ਕਰਨ। ਤਕਨੀਕ ਦਾ ਯੁਗ ਹੈ। ਪਰੰਪਰਾ ਜਾਂ ਜਾਤ ਦਾ ਯੁਗ ਹੈ। ਸਾਹਿਤ ਇਸ ਵਿਚ ਬੜਾ ਯੋਗਦਾਨ ਪਾ ਸਕਦਾ ਹੈ।

**• ਜਾਤਪਾਤ ਦੇ ਖ਼ਾਤਮੇ ਲਈ ਸਾਹਿਤ ਆਪਣੀ ਭੂਮਿਕਾ ਕਿਵੇਂ ਨਿਭਾਅ ਸਕਦਾ ਹੈ?**

ਕਿਸੇ ਵੀ ਸਮੱਸਿਆ ਦੀ ਪੇਸ਼ਕਾਰੀ ਸਮੇਂ ਸਾਹਿਤਕਾਰ ਨੂੰ ਇਮਾਨਦਾਰ ਹੋਣਾ ਪਵੇਗਾ। ਭਗਤੀ ਲਹਿਰ ਦੇ ਮਹਾਨ ਬਾਣੀਕਾਰ ਪੰਦਰਵੀਂ ਸੋਲ੍ਹਵੀਂ ਸਦੀ ਦੇ ਨਾਇਕ ਸਤਿਗੁਰ ਕਬੀਰ, ਗੁਰੂ ਰਵਿਦਾਸ, ਭਗਤ ਨਾਮਦੇਵ ਤੇ ਹੋਰ ਮਹਾਂਪੁਰਸ਼ ਅੱਜ ਵੀ ਅਣਗੌਲੇ ਪਏ ਹਨ। ਅੱਜ ਦੇ ਯੁਗ ਦੀ ਗੱਲ ਛੱਡੋ ਦਲਿਤਾਂ ਬਾਰੇ ਗੱਲ ਕਰਨ ਵਾਲੇ ਸਾਡੇ ਆਧੁਨਿਕ ਯੁਗ ਵਿਚ ਵੀ ਅਣਗੌਲੇ ਪਏ ਹਨ। ਦਲਿਤ ਲੇਖਕਾਂ ਤੇ ਦਲਿਤ ਸਾਹਿਤਕਾਰ ਹੋਣ ਦਾ ਫੱਟਾ ਲੱਗ ਜਾਂਦਾ ਹੈ।

**• ਆਪਣੀ ਲਿਖਣ ਪ੍ਰਕਿਰਿਆ ਬਾਰੇ ਗੱਲ ਦੱਸੋ।**

ਮੈਂ ਜੋ ਦੇਖਦਾ ਹਾਂ ਲਿਖਦਾ ਹਾਂ। ਚੋਰਬਜ਼ਾਰੀ, ਰਿਸ਼ਵਤਖੋਰੀ- ਹਰਾਮਖੋਰੀ ਹਰ ਜਗ੍ਹਾ ਹੈ। ਪੈਸਾ ਪੈਸੇ ਦਾ ਮਿੱਤਰ ਜਾਤਾਂ ਤੋਂ ਵੀ ਉੱਪਰ ਉੱਚੀ ਜਾਤ ਤੇ ਨੀਵੀਂ ਜਾਤ ਦੇ ਬੰਦਿਆ ਦਾ ਇਕੋ ਗੋਲ ਹੈ- ਪੈਸਾ। ਇਸ ਪੈਸੇ ਦੀ ਦੌੜ ਨੇ ਕਈ ਲਹਿਰਾਂ ਠੰਢੀਆਂ ਕਰ ਦਿੱਤੀਆਂ ਹਨ। ਨਵੀਂ ਪੁਸਤਕ "ਕੱਚਾ ਮਾਸ" ਵਿਚ ਕਈ ਕਹਾਣੀਆਂ ਏਸੇ ਰੰਗ ਦੀਆਂ ਹਨ। ਇਕ ਦਿਨ ਦੇਖਿਆ ਕੋਈ ਬਾਹਰੀ ਬੰਦਾ ਕਿਸੇ ਕਚਹਿਰੀ ਦੇ ਸਟਾਫ਼ ਨੂੰ ਪੈਸੇ ਦੇ ਰਿਹਾ ਸੀ। ਦੋਵਾਂ ਦੇ ਹੱਥਾਂ 'ਤੇ ੧ਓਂ ਉਕਰਿਆ ਹੋਇਆ ਸੀ ' ਹੇ ਵਾਹਿਗੁਰੂ-' ਕਹਾਣੀ ਲਿਖੀ। ਲਿਖਣ ਲਈ ਜਦ ਰਚਨਾ ਬਾਹਰ ਆਵੇ ਜਦੋਂ ਸਮਾਂ ਮਿਲੇ ਲਿਖ ਲੈਂਦਾ ਹਾਂ।

**• ਸਾਹਿਤ ਅਤੇ ਕਾਨੂੰਨ ਦਾ ਆਪਸ ਵਿਚ ਸਬੰਧ?**

ਸਾਹਿਤ ਵੀ ਕਾਨੂੰਨ ਹੈ ਤੇ ਕਾਨੂੰਨ ਵੀ ਸਾਹਿਤ। ਦੋਵੇਂ ਮਨੁੱਖਤਾ ਨੂੰ ਸੇਧ ਦੇਂਦੇ ਹਨ। ਸਮੱਸਿਆ ਹੈ ਸਮੱਸਿਆ ਦਾ ਹੱਲ ਹੈ-ਗੁਨਾਹਗਾਰ ਲਈ ਸਜ਼ਾ ਹੈ-ਪਛਤਾਵਾ ਹੈ, ਪਸ਼ਚਾਤਾਪ ਹੈ ਜੇਕਰ ਸਾਹਿਤ ਉੱਚ ਦਰਜੇ ਦਾ ਹੈ ਅਤੇ ਟੁੰਬਦਾ ਹੈ ਤਾਂ ਕਾਨੂੰਨ ਜਿੰਨਾ ਹੀ ਅਸਰ ਕਰੇਗਾ। ਅਜੇ ਕੁਝ ਦਿਨ ਪੁਰਾਣੀ ਗੱਲ ਹੈ, ਚੰਡੀਗੜ੍ਹ ਦੀ ਸੀਬੀਆਈ ਅਦਾਲਤ ਨੇ ਇਕ ਪੁਲਿਸ ਅਫ਼ਸਰ ਨੂੰ ਰਿਸ਼ਵਤ ਦੇ ਕੇਸ ਵਿਚ 3 ਸਾਲ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਸਾਹਿਬ ਨੇ ਦੋਸ਼ੀ ਨੂੰ ਮੁਨਸ਼ੀ ਪ੍ਰੇਮ ਚੰਦ ਦੀ -'ਨਮਕ ਕਾ ਦਰੋਗਾ'- ਕਹਾਣੀ ਸੁਣਾਈ। ਮੁਨਸ਼ੀ ਪ੍ਰੇਮ ਚੰਦ ਨੂੰ ਉਨ੍ਹਾਂ ਦੀਆਂ ਰਚਨਾਵਾਂ ਕਰਕੇ ਯਾਦ ਕੀਤਾ ਜਾਂਦਾ ਹੈ। 'ਨਮਕ ਕਾ ਦਰੋਗਾ' ਕਹਾਣੀ ਨੇ ਜੱਜ ਨੂੰ ਪ੍ਰਭਾਵਤ ਕੀਤਾ ਜੱਜ ਨੇ ਅੱਗੇ ਫ਼ੈਸਲਾ ਸੁਣਾਇਆ।

**• ਕਚਹਿਰੀ ਨਾਲ ਸਬੰਧਤ ਸਾਹਿਤ**

ਕਚਹਿਰੀ ਨਾਲ ਸਬੰਧਤ ਸਾਹਿਤ ਖ਼ਬਰਾਂ ਦੇ ਰੂਪ ਵਿਚ ਮਿਲਦਾ ਹੈ। ਸੁਪਰੀਮ ਕੋਰਟ-ਹਾਈ ਕੋਰਟ ਦੇ ਫ਼ੈਸਲੇ ਛਪਦੇ ਹਨ। ਸਾਡੇ ਸਾਹਿਤ ਅਕਾਡਮੀ ਐਵਾਰਡ ਪ੍ਰਾਪਤ ਲੇਖਕ ਮਿੱਤਰ ਸੈਨ ਮੀਤ ਦੇ ਸਾਰੇ ਨਾਵਲ-ਕਹਾਣੀਆਂ ਕਚਹਿਰੀ ਅਤੇ ਨਿਆਂ ਪ੍ਰਣਾਲੀ ਨਾਲ ਸਬੰਧਤ ਹਨ। ਮਿੱਤਰ ਸੈਨ ਮੀਤ ਜ਼ਿਲ੍ਹਾ ਅਟਾਰਨੀ ਸਨ ਪਰ ਨਿੰਦਰ ਘੁਗਿਆਣਵੀ ਦੀਆਂ ਲਿਖਤਾਂ ਹੋਰ ਵੀ ਰੋਚਕ ਹਨ। ਉਹ ਵਧਾਈ ਦੇ ਹੱਕਦਾਰ ਹਨ। •

**ਪੁਸਤਕ 'ਕੱਚਾ ਮਾਸ' ਵਿਚਲੀਆਂ ਕਹਾਣੀਆਂ ਬਾਰੇ ਕੁਝ ਦੱਸੋ।**

ਪੁਸਤਕ ਵਿਚਲੀਆਂ ਕਹਾਣੀਆਂ ਬਾਰੇ ਨਿਰਣਾ ਪਾਠਕਾਂ ਦੇ ਹੱਥ ਹੈ। ਸਾਡੀਆਂ ਕਚਹਿਰੀਆਂ ਨਿਆਂ ਕਰਦੀਆਂ ਹਨ ਕਿ ਨਹੀਂ ਫ਼ੈਸਲੇ ਜ਼ਰੂਰ ਕਰਦੀਆਂ ਹਨ। ਉਹ ਵੀ ਦੇਰੀ ਨਾਲ-ਤਰੀਕਾਂ 'ਤੇ ਤਰੀਕਾਂ। ਪਰੇਸ਼ਾਨ ਹੁੰਦੇ ਹਨ ਲੋਕ। ਦਰੱਖ਼ਤ ਵੀ ਕਹਿੰਦੇ ਬਿਰਧ ਹੋ ਗਏ ਫ਼ੈਸਲੇ ਸੁਣਦੇ-ਸੁਣਦੇ। ਫਿਰ ਵੀ ਗਵਾਹੀ ਅੱਗੇ ਤੁਰਦੀ ਹੈ।



ਰੂਬਰੂ

*ਚੰਡੀਗੜ੍ਹ ਦੀ ਸੀਬੀਆਈ ਅਦਾਲਤ ਨੇ ਇਕ ਪੁਲਿਸ ਅਫਸਰ ਨੂੰ ਰਿਸ਼ਵਤ ਦੇ ਕੇਸ ਵਿਚ 3 ਸਾਲ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਦੋਸ਼ੀ ਨੂੰ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਨਮਕ ਕਾ ਦਰੋਗਾ' ਸੁਣਾਈ। ਇਹ ਹੈ ਮੁਨਸ਼ੀ ਪ੍ਰੇਮ ਚੰਦ ਦੀਆਂ ਕਹਾਣੀਆਂ ਦੀ ਅਮੀਰੀ ...*

---

*ਪੰਜਾਬ ਦੀ ਵੰਡ ਬੜੀ ਖ਼ਤਰਨਾਕ ਤੇ ਦਰਦਨਾਕ ਸੀ। ਅਸੀਂ ਹਿੰਦੂ, ਸਿੱਖ, ਮੁਸਲਿਮ ਆਦਿ ਸਦੀਆਂ ਤੋਂ ਇਕੱਠੇ ਰਹਿ ਰਹੇ ਸੀ। ਦੋਵਾਂ ਪਾਸਿਆਂ ਦੀ ਆਬਾਦੀ ਦਾ ਉਜਾੜਾ, ਤਬਾਦਲਾ ਤੇ ਕਤਲੋਗਾਰਤ ਬੜੀ ਅਜੀਬ ਲੱਗੀ...*

# ਸੁਭਿ ਅਮਲਾ ਬਾਝਹੁ ਦੋਨੋ ਰੋਈ

• ਡਾ. ਸਤਬੀਰ ਸਿੰਘ
98880-29401

(ਲੜੀ ਜੋੜਨ ਲਈ ਸੰਡੇ ਦਾ ਪਿਛਲਾ ਅੰਕ ਦੇਖੋ)

ਇਕ ਖੋਤੀ 'ਤੇ ਸਾਮਾਨ ਲੱਦੀ ਅਸੀ ਇਕ ਗੂੜ੍ਹੇ ਮਿੱਤਰ ਦਿਲ-ਮੁਹੰਮਦ ਦੀ ਅਗਵਾਈ ਵਿਚ ਹਿੰਦੋਸਤਾਨ ਵੱਲ ਵੱਧ ਰਹੇ ਸਾਂ। ਇਕ ਉੱਚੇ ਲੰਮੇ ਗੱਭਰੂ ਨੇ ਮੇਰੇ ਤਾਇਆ ਜੀ ਦੇ ਮੋਢੇ 'ਤੇ ਛਵੀ ਰੱਖ ਕੇ ਵਾਰ ਕਰਨਾ ਚਾਹਿਆ ਪਰ ਦਿਲ ਮੁਹੰਮਦ ਨੇ ਛਵੀ ਦੀ ਡਾਂਗ ਫੜ ਕੇ ਧਾੜਵੀਆਂ ਦੇ ਹਾੜ੍ਹੇ ਕੱਢਣੇ ਸ਼ੁਰੂ ਕਰ ਦਿੱਤੇ। ਧਾੜਵੀ ਕਹਿਣ ਕਿ ਇਹ ਕਾਫ਼ਰ ਨੇ। ਤੂੰ ਅੱਲਾ ਰਸੂਲ ਦਾ ਬੰਦਾ ਕਿਉਂ ਵਿਚ ਆਣ ਖਲੋਤਾ ਏਂ ?' 'ਜਿਨ੍ਹਾਂ ਨੂੰ ਤੁਸੀ ਕਾਫ਼ਿਰ ਕਹਿ ਕੇ ਮਾਰਨ ਲੱਗੇ ਹੋ ਇਹ ਵੀ ਅੱਲ੍ਹਾ ਰਸੂਲ ਤਕ ਪਹੁੰਚੇ ਹੋਏ ਨੇ ਜੋ ਅੱਲ੍ਹਾ ਤਾਲਾ ਦੀ ਸਾਰੀ ਲੁਕਾਈ ਨੂੰ ਸਕੂਲ 'ਚ ਤਾਲੀਮ ਦਿੰਦੇ ਨੇ। ਇਹ ਮਾਸਟਰ ਮਿਹਰ ਸਿੰਘ ਹੈ ਜੋ ਗੁਰਦੁਆਰੇ ਵੀ ਜਾਂਦਾ ਏ ਤੇ ਸਾਡੇ ਨਾਲ ਮਸੀਤ 'ਚ ਨਮਾਜ਼ ਵੀ ਪੜ੍ਹਨ ਜਾਂਦਾ ਹੈ। ਜਿਸ ਨੂੰ ਤੁਸੀ ਕਾਫ਼ਿਰ ਸਮਝ ਰਹੇ ਹੋ, ਉਹ ਬਾਬੇ ਨਾਨਕ ਤੇ ਹਜ਼ਰਤ ਮੁਹੰਮਦ ਦਾ ਸੱਚਾ ਪੈਰੋਕਾਰ ਏ। ਅੱਲ੍ਹਾ ਤਾਲਾ ਮਿਹਰ ਕਰੇਗਾ ਤੁਹਾਡੇ 'ਤੇ ਵੀ, ਇਨ੍ਹਾਂ 'ਤੇ ਵੀ।'

'ਇਨ੍ਹਾਂ ਮਾਸੂਮ ਲੋਕਾਂ 'ਤੇ ਖ਼ੈਰ ਮਿਹਰ ਕਰੋ।' ਹੰਝੂ ਕੇਰ ਕੇ ਦਿਲ ਮੁਹੰਮਦ ਦੀ ਗੱਲ ਸੁਣ ਕੇ ਧਾੜਵੀ ਦਾ ਦਿਲ ਪਸੀਜ ਗਿਆ ਤੇ ਉਸ ਨੇ ਤਾਇਆ ਜੀ ਦੇ ਮੋਢੇ ਤੋਂ ਛਵੀ ਚੁੱਕ ਲਈ ਤੇ ਪਰਿਵਾਰ ਨੂੰ ਅੱਗੇ ਵਧਣ ਦੀ ਆਗਿਆ ਦੇ ਦਿੱਤੀ। ਧਾਹਾਂ ਮਾਰ ਕੇ ਰੋਂਦੇ ਮੇਰੇ ਬਾਬਾ ਜੀ ਤੇ ਦਿਲ ਮੁਹੰਮਦ ਮੁੜ ਕਦੇ ਵੀ ਨਾ ਮਿਲਣ ਲਈ ਵਿਛੜ ਗਏ। ਪਰ ਸਮਾਂ ਬੜਾ ਬੀਤ ਗਿਆ ਏ। ਬੜਾ ਪਾਣੀ ਪੁਲਾਂ ਹੇਠੋਂ ਲੰਘ ਗਿਆ ਏ। ਅਜੇ ਵੀ ਵੇਲਾ ਮੁਹੱਬਤ ਦੇ ਖ਼ਜ਼ਾਨੇ ਲਕੋਈ ਬੈਠਾ ਏ। ਆਓ ਇਨ੍ਹਾਂ ਨੂੰ ਲੱਭੀਏ।

*ਅੰਮ੍ਰਿਤਾ ਠੀਕ ਲਿਖਦੀ ਏ-*
*ਜਿੱਥੇ ਵੱਜਦੀ ਸੀ ਫੂਕ ਪਿਆਰ ਦੀ,*
*ਉਹ ਵੰਝਲੀ ਗਈ ਗੁਆਚ।*
ਅਸੀ ਇਕ ਨਵੀ ਪੀੜ੍ਹੀ ਦੇ ਨੌਜਵਾਨ ਹਾਂ।

'ਕੌੜੀ ਯਾਦ ਵਤਨ ਦੀ'



ਮੈਨੂੰ ਮੁਹੰਮਦ ਰਫ਼ੀ ਦਾ 'ਉਸਤਾਦੋਂ ਕੇ ਉਸਤਾਦ' ਫਿਲਮ ਦਾ ਗਾਇਆ ਗੀਤ ਵੀ ਹਿੰਦ-ਪਾਕਿ ਰਿਸ਼ਤਿਆਂ ਲਈ ਢੁੱਕਵਾਂ ਲਗਦਾ ਏ।

*ਸੌ ਬਾਰ ਜਨਮ ਲੇਂਗੇ, ਸੌ ਬਾਰ ਫਨਾਅ ਹੋਂਗੇ।*
*ਐ ਜਾਨੇ ਵਫ਼ਾ ਫਿਰ ਵੀ, ਹਮ ਤੁਮ ਨਾ ਜੁਦਾ ਹੋਂਗੇ।*
*ਰੇਸ਼ਮਾ ਵੀ ਮੇਰੇ ਕੰਨਾਂ 'ਚ ਗੂੰਜਦੀ ਰਹਿੰਦੀ ਏ,*
*ਸੱਜਣਾ ਬਾਝੋਂ ਹੋਇਆ ਹਨੇਰਾ,*
*ਹਾਇ ਓਏ ਰੱਬਾ ਨਹੀਂ ਲਗਦਾ ਦਿਲ ਮੇਰਾ।*

ਪਾਕਿਸਤਾਨੀ ਸ਼ਾਇਰ ਤਾਮਿਰਗੋਜਰ ਦੀ ਇਹ ਨਜ਼ਮ ਦੋਵਾਂ ਪਾਸਿਆਂ ਦੇ ਆਵਾਮ ਨੂੰ ਬੜਾ ਸਕੂਨ ਦਿੰਦੀ ਹੈ।

*ਜੜ੍ਹਾਂ ਸਲਾਮਤ ਨੇ...*
*ਅਸੀ ਆਂ ਆਪਣੇ ਆਪ 'ਤੇ*
*ਬੜਾ ਜ਼ੁਲਮ ਕੀਤਾ*
*ਆਪਣੀ ਹੱਥੀਂ*
*ਆਪਣੀਆਂ ਸ਼ਾਖ਼ਾਂ ਕੱਟੀਆਂ*
*ਕਰੂੰਬਲਾਂ ਵੱਢੀਆਂ*
*ਫੇਰ ਆਪਣੇ ਵਜੂਦ ਦੇ ਟੋਟੇ*
*ਚਾਰ ਚੁਫੇਰੇ ਖਿਲਾਰ ਦਿੱਤੇ*
*ਕਰੂੰਬਲਾਂ ਵੱਢ ਹੋਣ ਤੋਂ ਬਾਅਦ ਵੀ*
*ਜੜ੍ਹਾਂ ਸਲਾਮਤ ਨੇ*
*ਜੜ੍ਹਾਂ ਸਲਾਮਤ ਨੇ*
*ਉਸ ਧਰਤੀ 'ਚ*
*ਜ਼ਿੰਦੀ ਮਿੱਟੀ ਨੂੰ*
*ਪੰਜ ਪਾਣੀਆਂ ਨੇ ਗੁੰਨ੍ਹਿਆ ਏ।*
*(ਰਵੇਲ ਲਾਹੌਰ)*

ਜੜ੍ਹਾਂ ਸਲਾਮਤ ਨੇ ਤੇ ਮੇਰੇ ਵੀਰ ਆਵਾਨ! ਤੁਸੀ ਮਿੱਟੀ ਦਾ ਮੋਹ ਜ਼ਾਹਿਰ ਕੀਤਾ। ਜੜ੍ਹਾਂ ਸਲਾਮਤ ਨੇ ਤਾਂ ਮਾਧੋਪੁਰੀ ਜੀ ਤੇ ਤੁਸੀ ਮੈਨੂੰ ਕਈ ਫੋਨ ਕੀਤੇ। ਤਰਸ ਰਹੀ ਏ ਨਵੀ ਤੇ ਤੀਜੀ ਪੀੜ੍ਹੀ ਵੀ ਪਿਆਰੇ ਵਤਨ ਤੇ ਪਿਆਰੀ ਜੰਮਣ ਭੋਇੰ ਨੂੰ ਵੇਖਣ ਲਈ। ਮੈਂ ਤੇ ਮੇਰੇ ਪਾਪਾ ਵੀ ਟਾਂਡੇ ਕਿਲ੍ਹੇ 'ਤੇ ਮੋਟੇ ਦੀਆਂ ਹਲਟੀਆਂ ਤੇ ਹਵੇਲੀਆਂ ਵੇਖਣ ਨੂੰ ਤਰਸ ਰਹੇ ਹਾਂ। ਇੰਜ ਲਗਦਾ ਹੈ ਕਿ ਟਾਂਡੇ ਸਾਨੂੰ ਪਿਆਰ ਕਰਨ ਤੇ ਸਾਡੇ ਤੋਂ ਕੁਰਬਾਨ ਹੋਣ ਵਾਲਾ ਦਿਲ ਮੁਹੰਮਦ ਜ਼ਿੰਦਾ ਨਹੀ ਮਿਲੇਗਾ। ਉਸ ਦੇ ਪੁੱਤ-ਪੋਤਰੇ ਪਛਾਣਨ ਨਾ ਪਛਾਣਨ। ਮਨੁੱਖ ਦੀ ਪਛਾਣ ਧੁੰਦਲੀ ਪੈ ਜਾਂਦੀ ਏ, ਜਦੋਂ ਉਹ ਬਹੁਤ ਦੇਰ ਆਪਸੀ ਮੇਲ ਜੋਲ ਨਹੀ ਕਰ ਸਕਦਾ। ਮਾਂ-ਬੋਲੀ ਤੇ ਮਾਂ ਭੂਮੀ ਤੇ ਸਾਂਝੀ ਤਹਿਜ਼ੀਬ ਸਾਨੂੰ ਸਦਾ ਹੀ ਨੇੜੇ ਰੱਖਦੀਆਂ ਹਨ। ਸ਼ਾਇਰ ਉਸਤਾਦ ਦਾਮਨ ਦੇ ਲਫ਼ਜ਼ ਕਿੰਨੇ ਢੁੱਕਵੇਂ ਨੇ ਸਾਡੇ ਦੋਵਾਂ ਪਾਸਿਆਂ ਲਈ-

*ਜਾਗਣ ਵਾਲਿਆਂ ਰੱਜ ਕੇ ਲੁਟਿਆ ਏ,*
*ਸੋਏ ਤੁਸੀ ਵੀ ਓ ਸੋਏ ਅਸੀ ਵੀ ਆਂ।*
*ਲਾਲੀ ਅੱਖੀਆਂ ਦੀ ਪਈ ਦੱਸਦੀ ਏ*
*ਰੋਏ ਤੁਸੀ ਵੀ ਓ ਰੋਏ ਅਸੀ ਵੀ ਆਂ।*
ਆਮੀਨ! •

---

• ਅਵਤਾਰ ਸਿੰਘ ਸੌਜਾ
98784 29005

ਜਦੋਂ ਵੀ ਘਰ ਵਿਚ ਕੋਈ ਨਵਾਂ ਕੰਮ ਸ਼ੁਰੂ ਹੋਣ ਲਗਦਾ, ਛੋਟੇ ਹੁੰਦਿਆਂ ਤੋਂ ਹੀ ਅਕਸਰ ਘਰ ਵਿਚ ਆਪਣੇ ਬਜ਼ੁਰਗਾਂ ਤੋਂ ਜਾਂ ਸਕੇ ਸਬੰਧੀਆਂ, ਦੋਸਤਾਂ ਤੋਂ ਇਕ ਗੱਲ ਜੋ ਆਮ ਸੁਣਨ ਨੂੰ ਮਿਲਦੀ ਰਹੀ ਉਹ ਸੀ ਲੋਕੀ ਕੀ ਆਖਣਗੇ? ਬਚਪਨ ਤੋਂ ਲੈ ਕੇ ਹੁਣ ਤਕ ਇਹੀ ਸੋਚਦਾ ਰਿਹਾ ਕਿ ਆਖਰ ਇਹ ਲੋਕੀ ਕੌਣ ਹਨ?ਇਹ ਲੋਕ ਰਹਿੰਦੇ ਕਿੱਥੇ ਹਨ? ਇਹ ਕਹਿਣ, ਆਖਣ ਤੋਂ ਬਿਨਾਂ ਕੁੱਝ ਹੋਰ ਕਿਉਂ ਨਹੀਂ ਕਰਦੇ? ਕੀ ਇਹ ਕਹਿਣ,ਆਖਣ ਲਈ ਸਾਰਾ ਦਿਨ ਵਿਹਲੇ ਹੀ ਰਹਿੰਦੇ ਹਨ? ਹੌਲੀ-ਹੌਲੀ ਸਮਾਜ ਵਿਚ ਵਿਚਰੇ ਤਾਂ ਇਨ੍ਹਾਂ ਲੋਕਾਂ ਦੇ ਚਿਹਰੇ ਸਾਹਮਣੇ ਆਉਣ ਲੱਗੇ, ਜਿਨ੍ਹਾਂ ਨੂੰ ਬਚਪਨ ਤੋਂ ਲੱਭਦਾ ਰਿਹਾ,ਉਹ ਤਾਂ ਆਸੇ ਪਾਸੇ ਹੀ ਮਿਲ ਗਏ ਜਿਵੇਂ ਕਹਿੰਦੇ ਨੀ ਹੁੰਦੇ ਕਿ 'ਕੁੱਛੜ ਕੁੜੀ ਸ਼ਹਿਰ ਢੰਡੋਰਾ'। ਹੌਲੀ-ਹੌਲੀ ਇਨ੍ਹਾਂ ਦੇ ਹਾਵ ਭਾਵਾਂ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ, ਕਈ ਵਾਰ ਜਾਣ ਬੁੱਝ ਕੇ ਵੱਖ-ਵੱਖ ਹਾਲਾਤ ਵਿਚ ਇਨ੍ਹਾਂ ਨੂੰ ਪਰਖਿਆ ਫਿਰ ਕਿਤੇ ਜਾ ਕੇ ਇਨ੍ਹਾਂ ਲੋਕਾਂ ਦਾ ਕਾਰਜ ਖੇਤਰ ਤੇ ਇਹ ਕਿਸ ਤਰ੍ਹਾਂ ਸੋਚਦੇ ਹਨ, ਕਿਸ ਤਰ੍ਹਾਂ ਕੰਮ ਕਰਦੇ ਹਨ ਜਾਂ ਕਹਿ ਲਓ ਕਿਸ ਤਰ੍ਹਾਂ 'ਕਹਿੰਦੇ ਜਾਂ ਆਖਦੇ ਹਨ' ਜਿਵੇਂ ਆਮ ਤੌਰ 'ਤੇ ਕਿਹਾ ਜਾਂਦਾ ਕਿ ਲੋਕੀ ਕੀ ਕਹਿਣਗੇ? ਦੀ ਸਮਝ ਆਉਣ ਲੱਗੀ। ਜਿੰਨਾ ਕੁ ਇਨ੍ਹਾਂ ਬਾਰੇ ਜਾਣਿਆ ਉਸ ਅਨੁਸਾਰ ਇਹ ਲੋਕ ਆਮ ਤੌਰ 'ਤੇ ਤੁਹਾਡੇ ਆਲੇ-ਦੁਆਲੇ ਹੀ ਕਾਰਜ ਕਰਦੇ ਹਨ। ਇਨ੍ਹਾਂ ਦੀ ਕਾਰਜ ਸ਼ੈਲੀ ਦੇ ਆਧਾਰ 'ਤੇ ਇਨ੍ਹਾਂ ਦੀਆਂ ਕੁੱਝ ਵੱਖ-ਵੱਖ ਸ਼੍ਰੇਣੀਆਂ ਬਣਾਈਆਂ ਜਾ ਸਕਦੀਆਂ ਹਨ।

ਆਓ ਪਹਿਲੀ ਸ਼੍ਰੇਣੀ ਭਾਵ 'ਲੋਕੀ ਕੀ ਕਹਿਣਗੇ' ਵਾਲੇ ਲੋਕਾਂ ਦੀ ਪਹਿਲੀ ਵੰਨਗੀ ਬਾਰੇ ਗੱਲ ਕਰੀਏ। ਜੇ ਤੁਸੀਂ ਆਪਣੀ ਜ਼ਿੰਦਗੀ ਵਿਚ ਆਪਣੀ ਮਿਹਨਤ ਤੇ ਪਰਮਾਤਮਾ ਦੀ ਮਿਹਰ ਸਦਕਾ ਵਧੀਆ ਰੁਤਬਾ ਹਾਸਲ ਕਰ ਚੁੱਕੇ ਹੋ ਜਾਂ ਵਧੀਆ ਪੈਸਾ ਕਮਾ ਲਿਆ ਹੈ, ਤਾਂ ਇਹ ਲੋਕ ਤੁਹਾਡੇ ਆਸ ਪਾਸ ਪ੍ਰਗਟ ਹੁੰਦੇ ਹਨ ਅਤੇ ਇਨ੍ਹਾਂ ਨੂੰ ਇਸ ਗੱਲ ਦਾ ਬਹੁਤ ਜ਼ਿਆਦਾ ਸ਼ਿਕਵਾ ਰਹਿੰਦਾ ਹੈ ਕਿ ਆਖਿਰ ਇਹ ਸਭ ਕੁੱਝ ਤੁਹਾਨੂੰ ਹੀ ਕਿਉਂ ਮਿਲਿਆ? ਇਹ ਤੁਹਾਡੀ ਤਰੱਕੀ ਜਾਂ ਪੈਸੇ ਨੂੰ ਦੋ ਨੰਬਰ ਦਾ ਭਾਵ ਬਲੈਕ ਮਨੀ ਜਾਂ ਠੱਗੀਆਂ ਮਾਰ ਕੇ ਕਮਾਇਆ ਦੱਸਦੇ ਹਨ ਭਾਵੇਂ ਤੁਸੀਂ ਇਸ ਤਰੱਕੀ ਲਈ ਦਿਨ ਰਾਤ ਭੱਜ-ਦੌੜ,ਹੱਡ ਭੰਨਵੀਂ ਮਿਹਨਤ ਕਿਉਂ ਨਾ ਕੀਤੀ ਹੋਵੇ, ਉਹ ਸਭ ਇਨ੍ਹਾਂ ਦੀਆਂ ਨਜ਼ਰਾਂ ਜਾਂ ਸਮਝ ਤੋਂ ਪਰੇ ਹੁੰਦਾ ਹੈ। ਇਨ੍ਹਾਂ ਦਾ ਤੁਹਾਡੇ ਤੋਂ ਬਿਨਾਂ ਇਕ ਰੋਸਾ ਰੱਬ ਨਾਲ ਵੀ ਰਹਿੰਦਾ ਹੈ ਕਿ ਰੱਬਾ ਫਲਾਣੇ ਨੂੰ ਤੂੰ ਛੱਪਰ ਪਾੜ ਕੇ ਦਿੱਤਾ ਹੈ ਪਰ ਸਾਡੀ ਵਾਰੀ? ਇਹ ਦਿਨ-ਰਾਤ ਉਠਦੇ ਬੈਠਦੇ ਰੱਬ ਨੂੰ ਤੇ ਦੂਜਿਆਂ ਨੂੰ ਕੋਸਦੇ ਰਹਿੰਦੇ ਹਨ ਪਰ ਆਪ ਆਪਣੀ ਤਰੱਕੀ ਲਈ ਡੱਕਾ ਨਹੀਂ ਤੋੜਦੇ। ਇਨ੍ਹਾਂ ਦੀ ਇਕ ਵਿਰੋਧੀ ਵੰਨਗੀ ਵੀ ਪਾਈ ਜਾਂਦੀ ਹੈ। ਇਸ ਵਿਚ ਉਹ ਲੋਕ ਆਉਂਦੇ ਹਨ ਕਿ ਪਰਮਾਤਮਾ ਨਾ ਕਰੇ, ਤੁਹਾਨੂੰ ਕਾਰੋਬਾਰ ਵਿਚ ਕੋਈ ਘਾਟਾ ਪੈ ਜਾਵੇ, ਕਿਧਰੇ ਰੁਜ਼ਗਾਰ ਨਾ ਮਿਲੇ, ਕੋਈ ਦੁੱਖ ਤਕਲੀਫ਼ ਘੇਰ ਲਵੇ ਤਾਂ ਇਨ੍ਹਾਂ ਲੋਕਾਂ ਦੀ ਚੱਕਰੀ ਘੁੰਮਦੀ ਹੈ ਅਤੇ ਤੁਸੀਂ ਇਨ੍ਹਾਂ ਦੀ ਨਜ਼ਰ ਵਿਚ ਦੁਨੀਆ ਦੇ ਸਭ ਤੋਂ ਨਿਕੰਮੇ ਅਤੇ ਬਦਕਿਸਮਤ ਵਿਅਕਤੀ ਬਣ ਜਾਂਦੇ ਹੋ। ਇਸ ਤਰ੍ਹਾਂ ਦੇ ਲੋਕ ਹਰ ਰੋਜ਼ ਤੁਹਾਨੂੰ ਦੇਖ ਦੇਖ ਮਸ਼ਕਰੀਆਂ ਕਰਦੇ ਹਨ। ਲੰਘਦੇ ਵੜਦੇ ਤਾਹਨੇ ਮਿਹਣੇ ਦਿੰਦੇ ਰਹਿੰਦੇ ਹਨ।

ਇਕ ਹੋਰ ਅਗਲੀ ਵੰਨਗੀ ਵਿਚ ਉਹ ਲੋਕ ਪਾਏ ਜਾਂਦੇ ਹਨ, ਜੋ ਕਹਿੰਦੇ ਹਨ ਜਾਂ ਆਖਦੇ ਹਨ,ਉਹ ਸਾਹਮਣੇ ਆ ਕੇ ਨਹੀਂ ਕਹਿੰਦੇ। ਇਹ ਕਹਿਣ ਲਈ ਜਾਂ ਆਖਣ ਲਈ ਕੋਈ ਹੋਰ ਮੋਢਾ ਲੱਭਦੇ ਹਨ ਭਾਵ ਕਿਸੇ ਦੀ ਬੁਰਾਈ ਲਈ ਦੂਜਿਆਂ ਨੂੰ ਸਾਧਨ ਵਜੋਂ ਵਰਤਦੇ ਹਨ। ਇਹ ਲੋਕ ਹੌਲੀ-ਹੌਲੀ ਦੂਜਿਆਂ ਦੇ ਕੰਨਾਂ ਵਿਚ ਤੁਹਾਡੇ ਪ੍ਰਤੀ ਜ਼ਹਿਰ ਘੋਲਦੇ ਰਹਿੰਦੇ ਹਨ। ਇਹ ਸ਼੍ਰੇਣੀ ਬਹੁਤ ਘਾਤਕ ਹੁੰਦੀ ਹੈ ਕਿਉਂਕਿ ਇਨ੍ਹਾਂ ਨੂੰ ਪਛਾਣਨਾ ਸਮੁੰਦਰ ਵਿੱਚੋਂ ਬੂੰਦ ਅਲੱਗ ਕਰਨ ਬਰਾਬਰ ਹੁੰਦਾ ਹੈ। ਇਹ ਲੋਕ ਕਈ ਵਾਰੀ ਸਾਰੀ ਸਾਰੀ ਉਮਰ ਸਾਹਮਣੇ ਨਹੀਂ ਆਉਂਦੇ। ਇਨ੍ਹਾਂ ਦਾ ਕਿਸੇ ਦੇ ਖ਼ੁਸ਼ਹਾਲ ਜੀਵਨ ਵਿਚ ਘੋਲਿਆ ਜ਼ਹਿਰ ਕਈ ਵਾਰ ਕਿਸੇ ਦਾ ਹੱਸਦਾ ਵਸਦਾ ਘਰ ਉਜਾੜ ਕੇ ਰੱਖ ਦਿੰਦਾ ਹੈ। ਜੇ ਕਦੇ ਇਨ੍ਹਾਂ ਦੀ ਕਹੀ ਜਾਂ ਬੋਲੀ ਗੱਲ ਫੜੀ ਵੀ ਜਾਵੇ ਜਾਂ ਸਾਹਮਣੇ ਆ ਜਾਵੇ ਤਾਂ ਇਹ ਸਾਫ਼ ਮੁਕਰ ਜਾਂਦੇ ਹਨ ਅਤੇ ਅਜਿਹੇ ਡਰਾਮੇ ਕਰਦੇ ਹਨ ਕਿ ਫਿਲਮੀ ਐਕਟਰਾਂ ਜਾਂ ਟੀ.ਵੀ ਸੀਰੀਅਲਾਂ ਦੀਆਂ ਸੱਸ-ਬਹੂਆਂ ਨੂੰ ਵੀ ਕਲਾਕਾਰੀ ਵਿਚ ਪਿੱਛੇ ਛੱਡ ਦਿੰਦੇ ਹਨ। ਸ਼ਾਇਦ ਇਸ ਵੰਨਗੀ ਦੇ ਲੋਕਾਂ ਕਰਕੇ ਹੀ ਅੱਜ ਕਲ੍ਹ ਗਿਰਗਿਟਾਂ ਰੰਗ ਬਦਲਣਾ ਛੱਡ ਦਿੱਤਾ ਹੈ।

ਇਕ ਹੋਰ ਵੰਨਗੀ ਵਿਚ ਅਜਿਹੇ ਲੋਕ ਆਉਂਦੇ ਹਨ ਜੋ ਸਾਡੇ ਮੂੰਹ 'ਤੇ ਬਹੁਤ ਮਿੱਠੇ ਬਣ ਕੇ ਰਹਿੰਦੇ ਹਨ, ਸਾਡੀ ਜੀ ਹਜ਼ੂਰੀ ਕਰਦੇ ਹਨ,ਵਾਹੀ ਵਾਹੀ ਕਰਦੇ ਹਨ,ਪਰ ਅੰਦਰੋਂ ਸਾੜਾ ਵੀ ਰੱਖਦੇ ਹਨ। ਇਸ ਕਿਸਮ ਦੇ ਲੋਕੀ ਸਾਡੀ ਛੋਟੀ ਜਿਹੀ ਗ਼ਲਤੀ ਦੀ ਤਾਕ ਵਿਚ ਰਹਿੰਦੇ ਹਨ ਕਿ ਕਦੋਂ ਅਸੀਂ ਕੋਈ ਅਣਚਾਹੀ ਗ਼ਲਤੀ ਕਰੀਏ ਅਤੇ ਫਿਰ ਇਹ ਸਾਨੂੰ ਰੱਜ ਕੇ ਕੋਸਣ ਜਾਂ ਕਹਿ ਲਓ ਆਪਣੇ ਮਨ ਅੰਦਰ ਸਾਡੇ ਪ੍ਰਤੀ ਭਰੀ ਭੜਾਸ ਕੱਢਣ। ਇਨ੍ਹਾਂ ਦੀ ਪਛਾਣ ਕਰਨੀ ਸੌਖੀ ਹੈ,ਆਮ ਤੌਰ 'ਤੇ ਇਹ ਸਾਡੇ ਬਹੁਤ ਨੇੜਲੇ ਸਾਥੀਆਂ 'ਚੋਂ ਹੁੰਦੇ ਹਨ। •

*ਇਨ੍ਹਾਂ ਲੋਕਾਂ ਦੀ ਪਛਾਣ ਇਸ ਗੱਲ ਤੋਂ ਕੀਤੀ ਜਾ ਸਕਦੀ ਹੈ ਕਿ ਇਹ ਪਤਾ ਹੁੰਦੇ ਹੋਏ ਵੀ ਕਦੇ ਆਪਣੀ ਗ਼ਲਤੀ ਨਹੀਂ ਮੰਨਦੇ। ਨਾ ਹੀ ਦੂਜੇ ਦੀ ਕੋਈ ਕਹੀ ਗੱਲ ਸਮਝਦੇ ਹਨ ਨਾ ਸੁਣਦੇ ਹਨ ਪਰ ਆਪਣੀ ਗੱਲ ਸਾਰਿਆਂ ਨੂੰ ਸੁਣਾਉਣਾ ਚਾਹੁੰਦੇ ਹਨ। ਸੋਚਦੇ ਹਨ ਕਿ ਮੈਂ ਤੇ ਸਿਰਫ਼ ਮੈਂ ਹੀ ਸਹੀ ਹਾਂ ...*

# ਕੌਣ ਹਨ 'ਲੋਕੀਂ ਕੀ ਆਖਣਗੇ' ਵਾਲੇ ਲੋਕ ?



---

## ਪੁਸਤਕ ਚਰਚਾ

ਰਿਸ਼ੀ ਪਰੰਪਰਾ ਦੇ ਵਾਹਕ ਲੜੀ ਅਧੀਨ ਇਹ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਹੈ ਜਿਵੇਂ ਕਿ ਟਾਈਟਲ ਤੋਂ ਹੀ ਜ਼ਾਹਿਰ ਹੈ ਕਿ ਇਸ ਵਿਚ ਮਦਨ ਲਾਲ ਢੀਂਗਰਾ ਦੀ ਜੀਵਨੀ ਨੂੰ ਅੰਕਿਤ ਕੀਤਾ ਹੋਵੇਗਾ। ਪੁਸਤਕ ਨੂੰ ਕੇਵਲ ਚਾਰ ਭਾਗਾਂ ਵਿਚ ਵੰਡ ਕੀਤਾ ਗਿਆ ਹੈ। ਮੁੱਢਲਾ ਜੀਵਨ ਅਤੇ ਦੇਸ਼ ਪ੍ਰੇਮ ਦੀ ਜਾਗ, ਇਨਕਲਾਬੀ ਰਾਹਾਂ ਦੇ ਆਦਰਸ਼, ਸੰਕਲਪ ਪੂਰਤੀ ਲਈ ਜੱਦੋ-ਜਹਿਦ ਅਤੇ ਕਤਲ ਤੋਂ ਸ਼ਹਾਦਤ ਤਕ। ਮੁਢਲੇ ਜੀਵਨ ਵਿਚ ਮਦਨ ਦੇ ਬਚਪਨ ਦਾ ਵੇਰਵਾ ਹੈ ਕਿ ਉਨ੍ਹਾਂ ਦੇ ਪਿਤਾ ਦਾ ਪੇਸ਼ਾ ਕੀ ਸੀ, ਉਸ ਦੇ ਕਿੰਨੇ ਭੈਣ ਭਰਾ ਸਨ। ਢੀਂਗਰਾ ਦੇ ਪੁਰਖੇ ਸਰਗੋਧਾ ਜ਼ਿਲ੍ਹੇ ਜੋ ਪਾਕਿਸਤਾਨ ਨਾਲ ਸਬੰਧਤ ਸਨ। 1850 ਵਿਚ ਢੀਂਗਰਾ ਹੁਰਾਂ ਦਾ ਪਰਿਵਾਰ ਸਾਹੀਵਾਲ (ਸਰਗੋਧਾ) ਛੱਡ ਕੇ ਅੰਮ੍ਰਿਤਸਰ ਆ ਵਸਿਆ। ਉਸ ਦੇ ਪਿਤਾ ਨੇ ਮੈਡੀਕਲ ਦੀ ਉਚੇਰੀ ਵਿੱਦਿਆ ਹਾਸਲ ਕੀਤੀ ਅਤੇ ਸਰਕਾਰੀ ਡਾਕਟਰ ਬਣੇ। ਮਦਨ ਲਾਲ ਦੇ ਸਾਰੇ ਹੀ ਭਰਾਵਾਂ ਨੇ ਉੱਚ ਵਿੱਦਿਆ ਹਾਸਲ ਕੀਤੀ ਤੇ ਚੰਗੇ ਰੁਤਬੇ ਗ੍ਰਹਿਣ ਕੀਤੇ। ਉਸ ਦੇ ਪਿਤਾ ਜੀ ਉਸ ਨੂੰ ਬਹੁਤ ਉੱਚੇ ਰੁਤਬੇ ਤੇ ਦੇਖਣ ਦੇ ਚਾਹਵਾਨ ਸਨ, ਪਰ ਮਦਨ ਹੁਰਾਂ ਨੂੰ ਤਾਂ ਆਪਣੇ ਵਤਨ ਦਾ ਫ਼ਿਕਰ ਸਤਾ ਰਿਹਾ ਸੀ ਕਿ ਅੰਗਰੇਜ਼ ਉਨ੍ਹਾਂ ਨੂੰ ਗ਼ੁਲਾਮ ਬਣਾ ਕੇ ਉਨ੍ਹਾਂ 'ਤੇ ਰਾਜ ਕਿਵੇਂ ਕਰ ਰਹੇ ਹਨ? ਇਸ ਮੰਤਵ ਲਈ ਉਹ ਇੰਗਲੈਂਡ ਵੀ ਗਿਆ, ਪਰ ਉਸਦੇ ਪਿਤਾ ਨੇ ਉਸ ਨੂੰ ਨਾਲਾਇਕ ਜਾਣਦਿਆਂ ਆਰਥਿਕ ਸਹਾਇਤਾ ਦੇਣੀ ਵੀ ਬੰਦ ਕਰ ਦਿੱਤੀ। ਉਸ ਨੇ ਪੈਸੇ ਕਮਾਉਣ ਲਈ ਸਖ਼ਤ ਮਿਹਨਤ ਕੀਤੀ ਤਾਂ ਕਿ ਉਹ ਵੀ ਦੂਸਰੇ ਕ੍ਰਾਂਤੀਕਾਰਾਂ ਵਾਂਗ ਇਕ ਕ੍ਰਾਂਤੀਕਾਰੀ ਬਣ ਸਕੇ ਅਤੇ ਆਪਣੇ ਦੇਸ਼ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾ ਸਕੇ। ਇਸ ਪਵਿੱਤਰ ਕਾਰਜ ਦੀ ਪੂਰਤੀ ਲਈ ਉਸ ਹਰ ਤਰ੍ਹਾਂ ਨਾਲ ਆਪਣੇ ਆਪ ਨੂੰ ਯੋਗ ਬਣਾਇਆ। ਆਪਣੇ ਦ੍ਰਿੜ ਸੰਕਲਪ ਨੂੰ ਉਹ ਹਮੇਸ਼ਾ ਮਨ ਹੀ ਮਨ ਦੁਹਰਾਉਂਦਾ ਰਹਿੰਦਾ ਸੀ ਤਾਂ ਕਿ ਉਸ ਦੇ ਪੈਰ ਕਿਧਰੇ ਡਗਮਗਾ ਨਾ ਜਾਣ ਪਰ ਨਹੀਂ ਉਹ ਆਪਣੇ ਸੰਕਲਪ ਵਿਚ ਹਮੇਸ਼ਾ ਹੀ ਜਿੱਤ ਕੇ ਨਿਕਲਿਆ। ਆਪਣੇ ਵੱਲੋਂ ਕੀਤੇ ਪ੍ਰਣ ਨੂੰ ਉਸ ਪੂਰਾ ਕਰ ਦਿਖਾਇਆ। ਇਸੇ ਲਈ ਤਾਂ ਦੂਸਰੇ ਕ੍ਰਾਂਤੀਕਾਰਾਂ ਲਈ ਉਹ ਇਕ ਮਿਸਾਲ ਬਣਿਆ, ਜਿਸ ਵੱਲੋਂ ਜਗਾਈ ਮਸ਼ਾਲ ਲੈ ਕੇ ਕ੍ਰਾਂਤੀਕਾਰੀ ਆਪੋ ਆਪਣੀ ਲੜਾਈ ਲੜਦੇ ਰਹੇ ਤੇ ਸਾਡਾ ਦੇਸ਼ ਆਜ਼ਾਦ ਹੋਇਆ। ਇਹ ਕਿਤਾਬ ਵਿਦਿਆਰਥੀਆਂ ਅਤੇ ਆਜ਼ਾਦੀ ਤੋਂ ਪਹਿਲਾਂ ਦੇਸ਼ ਦੇ ਹਾਲਾਤ ਬਾਰੇ ਜਾਣਨ, ਸਮਝਣ ਵਾਲੇ ਖੋਜੀਆਂ ਲਈ ਬਹੁਤ ਹੀ ਲਾਹੇਵੰਦ ਦਸਤਾਵੇਜ਼ ਹੈ।




• ਸੁਖਮਿੰਦਰ ਸੇਖੋਂ

| | | | |
|---|---|---|---|
| ਪੁਸਤਕ : | ਮਦਨ ਲਾਲ ਢੀਂਗਰਾ (ਗਾਥਾ ਆਜ਼ਾਦੀ ਘੁਲਾਟੀਏ ਦੀ) | ਪੰਨੇ : | 128 |
| ਲੇਖਕ : | ਡਾ. ਬੀਰਬਲ ਸਿੰਘ | | |
| ਪ੍ਰਕਾਸ਼ਕ : | ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ। | ਮੁੱਲ : | 150/- |

ਕਹਾਣੀਕਾਰ ਮੁਖ਼ਤਿਆਰ ਸਿੰਘ ਦਾ ਪੇਂਡੂ ਪਿਛੋਕੜ ਹੈ, ਪਰ ਕਈ ਵਰ੍ਹੇ ਨੌਕਰੀ ਦੇ ਸਿਲਸਿਲੇ 'ਚ ਸ਼ਹਿਰ ਰਹਿਣ ਕਾਰਨ ਉਸ ਨੂੰ ਸ਼ਹਿਰੀਅਤ ਦਾ ਵੀ ਚੋਖਾ ਅਨੁਭਵ ਹੈ। ਇਸੇ ਲਈ ਉਸ ਦੀਆਂ ਕਹਾਣੀਆਂ 'ਚ ਜਵੰਤ ਸੱਭਿਆਚਾਰ ਦੇ ਝਲਕਾਰੇ ਥਾਂ ਪੁਰ ਥਾਂ ਉੱਕਰੇ ਦਿਖਾਈ ਦਿੰਦੇ ਹਨ। ਵੰਨ-ਸੁਵੰਨਤਾ ਉਸ ਦੀਆਂ ਕਹਾਣੀਆਂ ਦੀ ਵੱਖਰੀ ਪਛਾਣ ਹੈ। ਆਪਣੇ ਦੋਵਾਂ ਤਰ੍ਹਾਂ ਦੇ ਅਨੁਭਵ ਨੂੰ ਉਹ ਗਲਪੀ ਪਿੰਡਾ ਪ੍ਰਦਾਨ ਕਰਦਾ ਪ੍ਰਤੀਤ ਹੁੰਦਾ ਹੈ। ਕਹਾਣੀ ਅਤੇ ਨਾਵਲ ਲਿਖਣ ਦੀ ਮੁਹਾਰਤ ਕਰਕੇ ਉਸਦਾ ਗਲਪੀ ਯਥਾਰਥ ਦੁਖਾਂਤ/ਸੁਖਾਂਤ ਸਿਰਜਣ 'ਚ ਵੀ ਪੂਰੀ ਤਰ੍ਹਾਂ ਕਾਮਯਾਬ ਹੈ।

'ਚੜ੍ਹਦੇ ਸੂਰਜ ਦੀ ਲਾਲੀ' ਉਸ ਦਾ ਹਾਲ ਹੀ 'ਚ ਪ੍ਰਕਾਸ਼ਿਤ ਹੋਇਆ ਨਵਾਂ ਕਥਾ ਸੰਗ੍ਰਹਿ ਹੈ ਜਿਸ 'ਚ ਉਸ ਨੇ ਕੁੱਲ ਦਸ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਇਨ੍ਹਾਂ ਕਹਾਣੀਆਂ 'ਚ ਵਿਭਿੰਨ ਰੰਗਾਂ ਅਤੇ ਸਰੋਕਾਰਾਂ ਦੀਆਂ ਕਹਾਣੀਆਂ ਸਿਰਜੀਆਂ ਗਈਆਂ ਹਨ। 'ਚਿਹਰੇ' ਦੇ ਦੋ ਭਰਾ ਜੋ ਜ਼ਮੀਨ ਦੀ ਵੰਡ ਕਾਰਨ ਆਪਣੀ ਨਫ਼ਰਤ ਦਾ ਸ਼ਿਕਾਰ ਹਨ, ਬਜ਼ੁਰਗ ਪਿਉ ਦੀ ਮੌਤ ਤੋਂ ਬਾਅਦ ਫੇਰ ਇਕ ਦੂਸਰੇ ਨਾਲ ਮੁਹੱਬਤੀ ਰਿਸ਼ਤਾ ਕਾਇਮ ਕਰ ਲੈਂਦੇ ਹਨ। 'ਧੀਏ ਤੂੰ ਵੀ' ਅਸਫ਼ਲ ਪਿਆਰ ਦੀ ਕਹਾਣੀ ਹੈ ਜੋ ਧੀ ਰਾਹੀਂ ਆਪਣੇ ਪਿਆਰ ਨੂੰ ਪੂਰਨਾ ਲੋਚਦੀ ਹੈ। ਕਰਮੀ ਜਦੋਂ ਧੀ ਨੂੰ ਕਿਸੇ ਮੁੰਡੇ ਨਾਲ ਫ਼ੋਨ 'ਤੇ ਚੈਟ ਕਰਦੀ ਦੇਖਦੀ ਹੈ ਤਾਂ ਉਹ ਸੋਚਕੇ ਹੈਰਾਨ ਹੁੰਦੀ ਹੈ ਕਿ ਉਸ ਦੀ ਧੀ ਵੀ ਉਸ ਵਾਲੇ ਰਾਹ ਤੁਰ ਪਈ ਹੈ। 'ਜਬਾੜੇ' ਸ਼ਹਿਰਾਂ 'ਚ ਭੂ-ਮਾਫ਼ੀਏ ਵੱਲੋਂ ਫੈਲਾਏ ਜਾ ਰਹੇ ਖੌਫ਼, ਭੈਅ ਤੇ ਭ੍ਰਿਸ਼ਟਾਚਾਰ ਦੀ ਕਹਾਣੀ ਹੈ। 'ਹੋਰ ਕਿੰਨਾ ਕੁ ਚਿਰ' ਦਾ ਪਾਤਰ ਰਾਜ ਜਦੋਂ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਭੰਗ ਕਰਦਾ ਹੈ ਤਾਂ ਉਸਦੀ ਪਤਨੀ ਸ਼ਕੁੰਤਲਾ ਨੂੰ ਅਜਿਹਾ ਸ਼ਾਕ ਲੱਗਦਾ ਹੈ ਜਿਸ ਕਾਰਨ ਉਹ ਮੰਜੇ ਨਾਲ ਮੰਜਾ ਹੋ ਕੇ ਰਹਿ ਜਾਂਦੀ ਹੈ। ਮੁਖ਼ਤਿਆਰ ਸਿੰਘ ਅਨੁਭਵੀ ਕਹਾਣੀਕਾਰ ਹੈ। ਉਸ ਨੂੰ ਕਹਾਣੀ ਕਹਿਣੀ ਅਤੇ ਬੁਣਨੀ ਆਉਂਦੀ ਹੈ। ਚੰਗਾ ਕਹਾਣੀਕਾਰ ਉਹੋ ਹੁੰਦਾ ਹੈ ਜੋ ਦੂਸਰੇ ਦੇ ਅਨੁਭਵ ਨੂੰ ਵੀ ਅੰਗੀਕਾਰ ਕਰ ਕੇ ਕਹਾਣੀ ਸਿਰਜ ਲਵੇ। ਇਹ ਮੁਹਾਰਤ ਮੁਖ਼ਤਿਆਰ ਸਿੰਘ ਕੋਲ ਹੈਗੀ ਆ। ਪੁਸਤਕ ਪੜ੍ਹਨ ਤੇ ਸਾਂਭਣਯੋਗ ਹੈ ।




• ਕੇ. ਐੱਲ. ਗਰਗ

| | | | |
|---|---|---|---|
| ਪੁਸਤਕ : | ਚੜ੍ਹਦੇ ਸੂਰਜ ਦੀ ਲਾਲੀ | ਪੰਨੇ : | 128 |
| ਲੇਖਕ : | ਮੁਖ਼ਤਿਆਰ ਸਿੰਘ 98728-23511 | | |
| ਪ੍ਰਕਾਸ਼ਕ : | [illegible] | ਮੁੱਲ : | [illegible] |

ਸਆਦਤ ਹਸਨ ਮੰਟੋ ਦਾ ਨਾਂ ਕਿਸੇ ਵੀ ਜਾਣ-ਪਛਾਣ ਦਾ ਮੁਥਾਜ ਨਹੀਂ। ਕੋਈ ਸਾਹਿਤਕ ਮੱਸ ਰੱਖਣ ਵਾਲਾ ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਮੰਟੋ ਦੇ ਨਾਂ ਤੋਂ ਜਾਣੂ ਜ਼ਰੂਰ ਹੈ। ਵਿਸ਼ੇਸ਼ ਕਰ ਕੇ ਉਸ ਦੀਆਂ ਹੋਰ ਕਹਾਣੀਆਂ ਦੇ ਨਾਲ-ਨਾਲ ਟੋਬਾ ਟੇਕ ਸਿੰਘ ਕਹਾਣੀ ਬੜੀ ਚਰਚਾ ਦਾ ਵਿਸ਼ਾ ਰਹੀ। ਉਸ ਦੀਆਂ ਕਈ ਕਹਾਣੀਆਂ ਨੂੰ ਲੈ ਕੇ ਉਸ ਉੱਤੇ ਦੋਸ਼ ਵੀ ਲਗਦੇ ਰਹੇ ਅਤੇ ਉਨ੍ਹਾਂ ਦਾ ਵਿਰੋਧ ਵੀ ਹੁੰਦਾ ਰਿਹਾ। ਬਲਦੇਵ ਸਿੰਘ ਬੱਦਨ ਨੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਨੂੰ ਇਕੱਤਰ ਕਰ ਕੇ ਅਤੇ ਕੁਝ ਕਹਾਣੀਆਂ ਦਾ ਅਨੁਵਾਦ ਕਰ ਕੇ ਇਕ ਵੱਡ ਅਕਾਰੀ ਪੁਸਤਕ ਦੇ ਰੂਪ ਵਿਚ 'ਸਆਦਤ ਹਸਨ ਮੰਟੋ ਦੀਆਂ ਹਿੰਦੁਸਤਾਨ-ਪਾਕਿਸਤਾਨ ਵੰਡ ਦੀਆਂ ਕਹਾਣੀਆਂ' ਸਿਰਲੇਖ ਹੇਠ ਹੱਥਲੀ ਪੁਸਤਕ 'ਚ ਦਰਜ ਕਰ ਕੇ ਇਕ ਵਡਮੁੱਲਾ ਉਪਰਾਲਾ ਕੀਤਾ ਹੈ।

ਇਸ ਪੁਸਤਕ ਵਿਚ ਜਿੰਨੀਆਂ ਵੀ ਕਹਾਣੀਆਂ ਦਰਜ ਹਨ ਉਨ੍ਹਾਂ ਦੇ ਵਿਸ਼ੇ 1947 ਦੀ ਦੇਸ਼ ਵੰਡ ਨਾਲ ਹੀ ਸਬੰਧਤ ਹਨ। ਦੇਸ਼ ਵੰਡ ਸਮੇਂ ਹਿੰਦੁਸਤਾਨ ਦੋ ਹਿੱਸਿਆਂ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਰੂਪ ਵਿਚ ਭੂਗੋਲਿਕ ਤੌਰ 'ਤੇ ਵੰਡਿਆ ਗਿਆ ਪਰ ਇਸ ਵੰਡ ਨੇ ਜਿਹੜਾ ਮਨੁੱਖਤਾ ਦਾ ਘਾਣ ਕੀਤਾ ਉਸ ਦੇ ਦ੍ਰਿਸ਼ ਇਨ੍ਹਾਂ ਕਹਾਣੀਆਂ ਵਿਚ ਪੜ੍ਹ ਕੇ ਪਾਠਕ ਦੀ ਮਾਨਸਿਕਤਾ ਝੰਜੋੜੀ ਜਾਂਦੀ ਹੈ ਵਿਸ਼ੇਸ਼ ਕਰ ਕੇ ਔਰਤਾਂ ਦੀ ਹੋਈ ਬੇਪਤੀ ਅਤੇ ਬੇਦੋਸ਼ਿਆਂ ਦੇ ਡੁੱਲ੍ਹੇ ਖ਼ੂਨ ਅਤੇ ਭਰਾ ਦੇ ਭਰਾ ਬਣੇ ਵੈਰੀ ਦੇ ਕਰੁਣਾਮਈ ਮੰਜ਼ਰ ਇਨ੍ਹਾਂ ਕਹਾਣੀਆਂ ਵਿੱਚੋਂ ਵੇਖਣ ਨੂੰ ਮਿਲਦੇ ਹਨ। ਇਹ ਸਾਰੀਆਂ ਹੀ ਕਹਾਣੀਆਂ ਮਾਨਵੀ ਨਜ਼ਰੀਏ ਤੋਂ ਲਿਖੀਆਂ ਗਈਆਂ ਹਨ। ਪਹਿਲੇ ਭਾਗ ਵਿਚ 14 ਕਹਾਣੀਆਂ ਹਨ ਦੂਜੇ ਭਾਗ ਵਿਚ 'ਕਾਲੇ ਹਾਸ਼ੀਏ' ਕਹਾਣੀ ਤਕ ਵਿਧਾ ਪੱਖੋਂ ਕਹਾਣੀ ਰਚਨਾ ਤੇ ਖਰੀਆਂ ਉਤਰਦੀਆਂ ਹਨ ਪਰ ਉਸ ਤੋਂ ਬਾਅਦ ਮਿੰਨੀ-ਕਹਾਣੀ ਦੇ ਰੂਪ ਵਿਚ ਛੋਟੀਆਂ ਕਹਾਣੀਆਂ ਹਨ। ਇਸੇ ਤਰ੍ਹਾਂ ਇਸ 'ਚ ਪੰਦਰਵੀਂ ਕਹਾਣੀ ਤੋਂ 27ਵੀ ਕਹਾਣੀ ਤਕ ਕਹਾਣੀਆਂ ਦਰਜ ਹਨ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਪਾਠਕ ਮੰਟੋ ਦੀਆਂ ਕਹਾਣੀਆਂ ਦੇ ਵਿਸ਼ਾਗਤ ਅਤੇ ਸ਼ੈਲੀਗਤ ਪਾਸਾਰਾਂ ਦਾ ਆਨੰਦ ਮਾਣਦਾ ਹੈ। ਵਧੀਆ ਛਪਾਈ ਵਾਲੀ ਇਹ ਪੁਸਤਕ ਪੜ੍ਹਨ ਅਤੇ ਸਾਂਭ ਕੇ ਰੱਖਣ ਯੋਗ ਹੈ।




• ਡਾ. ਸਰਦੂਲ ਸਿੰਘ ਔਜਲਾ

| | | | |
|---|---|---|---|
| ਪੁਸਤਕ : | ਸਆਦਤ ਹਸਨ ਮੰਟੋ ਦੀਆਂ ਹਿੰਦੁਸਤਾਨ-ਪਾਕਿਸਤਾਨ ਵੰਡ ਦੀ ਕਹਾਣੀਆਂ | ਪੰਨੇ : | 225 |
| ਅਨੁਵਾਦ : | ਡਾ. ਬਲਦੇਵ ਸਿੰਘ ਬੱਧਨ | ਮੁੱਲ : | 350/- |
| ਪ੍ਰਕਾਸ਼ਕ : | [illegible] ਦਿੱਲੀ। | | |

ਪੁਸਤਕ ਭਾਰਤੀ ਵਿਗਿਆਨ ਦੇ ਰਾਹ ਦਸੇਰੇ ਡਾ. ਕੁਲਦੀਪ ਕੌਰ ਦੀ ਪਲੇਠੀ ਪੁਸਤਕ ਹੈ। ਵਿਗਿਆਨਕ ਖੋਜਾਂ ਦੀ ਗੱਲ ਕਰਦਿਆਂ ਸਾਡੇ ਮੁਲਕ ਨੂੰ ਅਕਸਰ ਹੀ ਹਾਸ਼ੀਏ 'ਤੇ ਜਾਣ ਲਿਆ ਜਾਂਦਾ ਹੈ। ਸਮਝਿਆ ਜਾਂਦਾ ਹੈ ਕਿ ਵਿਗਿਆਨਕ ਖੋਜਾਂ ਤਾਂ ਜਿਵੇਂ ਸਿਰਫ਼ ਤੇ ਸਿਰਫ਼ ਵਿਕਸਤ ਮੁਲਕਾਂ ਦੇ ਵਿਗਿਆਨੀਆਂ ਵੱਲੋਂ ਹੀ ਕੀਤੀਆਂ ਗਈਆਂ ਹੋਣ। ਸ਼ਾਇਦ ਵਿਗਿਆਨਕ ਖੋਜਾਂ ਦੇ ਖੇਤਰ ਵਿਚ ਭਾਰਤੀ ਵਿਗਿਆਨੀਆਂ ਨੂੰ ਅਣਗੌਲਿਆਂ ਕੀਤੇ ਜਾਣ ਦਾ ਮਾਮਲਾ ਲੇਖਿਕਾ ਨੂੰ ਵੀ ਖਟਕਿਆ ਹੋਣਾ ਅਤੇ ਇਸ ਖਟਕ ਨੂੰ ਉਨ੍ਹਾਂ ਹੱਥਲੀ ਪੁਸਤਕ ਵਿਚ ਬਾਖ਼ੂਬੀ ਦੂਰ ਕੀਤਾ ਹੈ। ਪੁਸਤਕ ਵਿਚ ਲੇਖਿਕਾ ਨੇ ਕੁੱਲ ਉੱਨੀ ਭਾਰਤੀ ਵਿਗਿਆਨੀਆਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਵੱਲੋਂ ਵਿਗਿਆਨ ਖੋਜ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਵਰਨਣ ਕੀਤਾ ਹੈ। ਪਹਿਲੇ ਲੇਖ ਵਿਚ ਲੇਖਿਕਾ ਨੇ ਜਗਦੀਸ਼ ਚੰਦਰ ਬੋਸ ਬਾਰੇ ਲਿਖਿਆ ਹੈ ਕਿ ਉਸ ਨੂੰ ਭਾਰਤ ਦਾ ਪਹਿਲਾ ਆਧੁਨਿਕ ਵਿਗਿਆਨੀ ਮੰਨਿਆ ਜਾਂਦਾ ਹੈ। ਤਾਰ ਰਹਿਤ ਟੈਲੀਗ੍ਰਾਫੀ ਦਾ ਆਰੰਭ ਬੋਸ ਦੀਆਂ ਮਿਲੀਮੀਟਰ ਲੰਬਾਈ ਵਾਲੀਆਂ ਤਰੰਗਾਂ ਦੀ ਖੋਜ ਨਾਲ ਹੋਇਆ। ਪੁਸਤਕ ਦਾ ਦੂਜਾ ਲੇਖ ਵਿਗਿਆਨੀ ਪ੍ਰਫੁੱਲ ਚੰਦਰ ਬਾਰੇ ਹੈ। ਲੇਖਿਕਾ ਅਨੁਸਾਰ ਪ੍ਰਫੁੱਲ ਆਧੁਨਿਕ ਰਸਾਇਣਕ ਵਿਗਿਆਨ ਦੇ ਜਨਮਦਾਤਾ ਸਨ।

ਲੇਖ ਵਿਚ ਉਨ੍ਹਾਂ ਦੀਆਂ ਦੋ ਖੋਜਾਂ ਮਰਕਿਊਰਸ ਨਾਈਟ੍ਰੇਟ ਦੀ ਖੋਜ ਅਤੇ ਅਮੋਨੀਅਮ ਨਾਈਟਰੇਟ ਦੀਆਂ ਖੋਜਾਂ ਦਾ ਵਰਨਣ ਮਹਿਜ਼ ਤਿੰਨ ਸਤਰਾਂ ਵਿਚ ਕੀਤਾ ਹੈ ਅਤੇ ਬਾਕੀ ਸਾਰੇ ਲੇਖ ਵਿਚ ਉਨ੍ਹਾਂ ਦੇ ਜੀਵਨ ਬਾਬਤ ਹੀ ਲਿਖਿਆ ਹੈ। ਚੰਗਾ ਹੁੰਦਾ ਜੇ ਉਨ੍ਹਾਂ ਦੀਆਂ ਖੋਜਾਂ ਬਾਬਤ ਹੀ ਮੈਟਰ ਲੇਖ ਵਿਚ ਜ਼ਿਆਦਾ ਸ਼ਾਮਿਲ ਕੀਤਾ ਜਾਂਦਾ। ਭਾਰਤ ਦੇ ਮਹਾਨ ਚਿਕਿਤਸਾ ਮਾਹਿਰ ਉਪੇਂਦਰ ਨਾਥ ਬ੍ਰਹਮਚਾਰੀ ਨੂੰ ਕਾਲੇ ਬੁਖ਼ਾਰ ਦੀ ਦਵਾਈ ਦਾ ਖੋਜ ਕਰਤਾ ਦੱਸਦਿਆਂ ਕਾਫ਼ੀ ਚੰਗੀ ਜਾਣਕਾਰੀ ਦਿੱਤੀ ਗਈ ਹੈ। ਗਣਿਤ ਵਿਗਿਆਨੀ ਸ਼੍ਰੀਨਿਵਾਸ ਰਾਮਾਨੁਜਨ ਵੱਲੋਂ ਨੰਬਰ ਥਿਊਰੀ ਖੇਤਰ ਵਿਚ ਕੀਤੀਆਂ ਖੋਜਾਂ ਦਾ ਬਾਖ਼ੂਬੀ ਵਰਨਣ ਕੀਤਾ ਹੈ। ਮਹਾਨ ਵਿਗਿਆਨੀਆਂ ਦੀਆਂ ਖੋਜਾਂ ਅਤੇ ਜੀਵਨੀਆਂ ਨੂੰ ਲੇਖਿਕਾ ਨੇ ਬੜੇ ਦਿਲਚਸਪ ਅਤੇ ਸਰਲ ਤਰੀਕੇ ਨਾਲ ਬਿਆਨ ਕੀਤਾ ਹੈ। ਪੁਸਤਕ ਵਿਚ ਕਿਧਰੇ ਉਕਾਵਾਂਪਣ ਜਾਂ ਨੀਰਸਤਾ ਨਹੀਂ ਆਉਂਦੀ। ਪਾਠਕ ਇਕ ਵਿਗਿਆਨੀ ਬਾਬਤ ਪੜ੍ਹਨ ਤੋਂ ਬਾਅਦ ਅਗਲਾ ਲੇਖ ਪੜ੍ਹਨ ਲਈ ਉਤਾਵਲਾ ਹੋਣ ਲੱਗਦਾ ਹੈ। ਬੱਚਿਆਂ ਲਈ ਇਹ ਪੁਸਤਕ ਬਹੁਤ ਲਾਹੇਵੰਦ ਹੈ।




• ਬਿੰਦਰ ਸਿੰਘ ਖੁੱਡੀ ਕਲਾਂ

| | | | |
|---|---|---|---|
| ਪੁਸਤਕ : | ਭਾਰਤੀ ਵਿਗਿਆਨ ਦੇ ਰਾਹ-ਦਸੇਰੇ | ਪੰਨੇ : | 112 |
| ਲੇਖਕ : | ਡਾ. ਕੁਲਦੀਪ ਕੌਰ | ਮੁੱਲ : | 200/- |
| ਪ੍ਰਕਾਸ਼ਕ : | [illegible] ਮੋਹਾਲੀ। | | |



*ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਲਗਾਉਣ ਲਈ ਬੇਹੱਦ ਢੁੱਕਵਾਂ ਹੈ। ਜੇ ਤੁਸੀਂ ਪਹਿਲਾਂ ਫਲਦਾਰ ਬੂਟੇ ਨਹੀਂ ਲਗਾਏ ਤਾਂ ਹੁਣ ਲਗਾਏ ਜਾ ਸਕਦੇ ਹਨ...*

**ਬਾਗ਼-ਬਗ਼ੀਚਾ**

# ਸਤੰਬਰ ਮਹੀਨੇ ਦੇ ਬਾਗ਼ਬਾਨੀ ਕਾਰਜ

• ਡਾ. ਸੁਖਦੀਪ ਸਿੰਘ ਹੁੰਦਲ
75080-18842

ਸਤੰਬਰ ਮਹੀਨੇ ਬਾਰਿਸ਼ਾਂ ਲਗਪਗ ਖ਼ਤਮ ਹੋ ਜਾਂਦੀਆਂ ਹਨ ਤੇ ਗਰਮੀ ਦਾ ਪ੍ਰਕੋਪ ਘਟ ਜਾਂਦਾ ਹੈ। ਮੌਸਮੀ ਤਬਦੀਲੀ ਦੇ ਨਾਲ ਹੀ ਬਾਗ਼ਬਾਨੀ ਫ਼ਸਲਾਂ ਦੀਆਂ ਲੋੜਾਂ ਵੀ ਕਾਫ਼ੀ ਹੱਦ ਤਕ ਬਦਲ ਜਾਂਦੀਆਂ ਹਨ। ਜ਼ਮੀਨ ਕੰਮ ਕਰਨ ਦੇ ਯੋਗ ਹੋ ਜਾਂਦੀ ਹੈ ਤੇ ਇਸ ਵਿੱਚੋਂ ਨਦੀਨ ਖ਼ਤਮ ਕਰਨ ਲਈ ਇਹ ਢੁੱਕਵਾਂ ਸਮਾਂ ਹੈ। ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਲਗਾਉਣ ਲਈ ਵੀ ਢੁੱਕਵਾਂ ਹੈ। ਜੇ ਪਹਿਲਾਂ ਫਲਦਾਰ ਬੂਟੇ ਨਹੀਂ ਲਗਾਏ ਤਾਂ ਹੁਣ ਲਗਾ ਦਿੱਤੇ ਜਾਣ ਅਤੇ ਪਿਛਲੇ ਮਹੀਨੇ ਲਗਾਏ ਨਵੇਂ ਫਲਦਾਰ ਬੂਟਿਆਂ ਦੀ ਦੇਖਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਵਾਧੂ ਖੜ੍ਹੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਬੂਟਿਆਂ ਦਾ ਨੁਕਸਾਨ ਨਾ ਹੋਵੇ।

## ਫਲਦਾਰ ਬੂਟਿਆਂ ਦੀ ਸੰਭਾਲ

ਨਾਸ਼ਪਾਤੀ ਦੀ 'ਪੰਜਾਬ ਬਿਊਟੀ' ਦੇ ਵੱਡੇ ਦਰੱਖ਼ਤਾਂ ਨੂੰ ਅੱਧਾ ਕਿੱਲੋ ਯੂਰੀਆ ਖਾਦ ਪਾ ਦਿਉ। ਅਮਰੂਦ ਦੇ ਦਰੱਖ਼ਤਾਂ ਨੂੰ ਅੱਧਾ ਕਿੱਲੋ ਯੂਰੀਆ, ਸਵਾ ਕਿੱਲੋ ਸਿੰਗਲ ਸੁਪਰਫਾਸਫੇਟ, ਪੌਣਾ ਕਿੱਲੋ ਮਿਊਰੇਟ ਆਫ ਪੋਟਾਸ਼ ਖਾਦਾਂ ਦੀ ਦੂਜੀ ਕਿਸ਼ਤ ਪਾ ਦਿਉ।



### ਫੁੱਲਦਾਰ ਬੂਟੇ

ਇਸ ਮਹੀਨੇ ਗਲੈਡੀਓਲਸ, ਨਰਗਿਸ, ਫਰੀਜ਼ੀਆ ਦੇ ਗੰਢਿਆਂ ਦੀ ਬਿਜਾਈ ਕੀਤੀ ਜਾ ਸਕਦੀ ਹੈ। ਗੰਢੀਆਂ ਦੀ ਬਿਜਾਈ ਤੋਂ ਪਹਿਲਾਂ 2 ਗ੍ਰਾਮ ਬਾਵਿਸਟਨ ਪ੍ਰਤੀ ਲੀਟਰ ਪਾਣੀ ਦੇ ਘੋਲ ਵਿਚ ਅੱਧਾ ਘੰਟਾ ਰੱਖ ਕੇ ਸੋਧ ਲਵੋ। ਇਹ ਸਰਦ ਰੁੱਤ ਦੇ ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬਹੁਤ ਢੁਕਵਾਂ ਸਮਾਂ ਹੈ, ਇਸ ਲਈ ਪਨੀਰੀ ਲਗਾਉਣ ਲਈ ਬੀਜ ਬੀਜਣ ਉਪਰੰਤ ਹਲਕਾ ਪਾਣੀ ਲਗਾ ਦਿਉ। ਗੁਲਾਬ ਦੇ ਬੂਟਿਆਂ ਨੂੰ ਪਾਣੀ ਦੇਣਾ ਬੰਦ ਕਰ ਦਿਉ ਤਾਂ ਜੋ ਇਸ ਮਹੀਨੇ ਦੇ ਚੌਥੇ ਹਫ਼ਤੇ ਕਾਂਟ-ਛਾਂਟ ਕੀਤੀ ਜਾ ਸਕੇ। ਗੁਲਦਾਊਦੀ ਤੇ ਗੇਂਦੇ ਉੱਪਰ ਪੱਤਾ ਧੱਬਾ ਰੋਗ ਦੀ ਰੋਕਥਾਮ ਲਈ 2 ਗ੍ਰਾਮ ਇੰਡੋਫਿਲ ਐੱਮ-45 ਦਵਾਈ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਪੱਕੇ ਬੂਟਿਆਂ ਤੇ ਵੇਲਾਂ ਦੀ ਕਾਂਟ-ਛਾਂਟ ਕਰ ਕੇ ਇਨ੍ਹਾਂ ਨੂੰ ਲੋੜੀਂਦਾ ਆਕਾਰ ਦਿੱਤਾ ਜਾ ਸਕਦਾ ਹੈ। ਘਾਹ ਦੇ ਲਾਅਨ ਦੀ ਕਟਾਈ ਕਰਦੇ ਰਹੋ ਤੇ ਇਸ ਨੂੰ ਹਰਾ ਭਰਿਆ ਰੱਖਣ ਲਈ ਇਕ ਕਿੱਲੋ ਕਿਸਾਨ ਖਾਦ ਜਾਂ ਅੱਧਾ ਕਿੱਲੋ ਯੂਰੀਆ ਖਾਦ ਪ੍ਰਤੀ 1,000 ਵਰਗ ਫ਼ੁੱਟ ਦੇ ਹਿਸਾਬ ਨਾਲ ਪਾਉ।



ਲੁਕਾਠ ਦੇ ਦਰੱਖ਼ਤਾਂ ਨੂੰ 50 ਕਿੱਲੋ ਰੂੜੀ, ਦੋ ਕਿੱਲੋ ਸਿੰਗਲ ਸੁਪਰਫਾਸਫੇਟ, ਡੇਢ ਕਿੱਲੋ ਮਿਊਰੇਟ ਆਫ ਪੋਟਾਸ਼ ਖਾਦ ਪਾਉ। ਮੌਸਮ 'ਚ ਨਮੀਂ ਜ਼ਿਆਦਾ ਹੋਣ ਕਰਕੇ ਨਿੰਬੂ ਜਾਤੀ ਦੇ ਫਲਾਂ 'ਤੇ ਕਈ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੇਖਣ ਨੂੰ ਮਿਲਦਾ ਹੈ।

ਫਲਾਂ ਦਾ ਕੇਰਾ ਰੋਕਣ ਲਈ 2.5 ਮਿਲੀਲਿਟਰ ਜੀਰਮ 27 ਐੱਸਸੀ ਜਾਂ 1 ਮਿਲੀਲਿਟਰ ਪ੍ਰੋਪੀਕੋਨਾਜ਼ੋਲ 25 ਈਸੀ ਜਾਂ 1 ਗ੍ਰਾਮ ਬਾਵਿਸਟਨ+0.01 ਗ੍ਰਾਮ 2,4 ਡੀ (ਸੋਡੀਅਮ ਸਾਲਟ ਹਾਰਟੀਕਲਚਰ ਗਰੇਡ), ਸੁਰੰਗੀ ਕੀੜੇ ਤੇ ਸਿਟਰਸ ਸਿੱਲਾ ਦੀ ਰੋਕਥਾਮ ਲਈ 0.32 ਗ੍ਰਾਮ ਐਕਟਾਰਾ 25 ਡਬਲਿਊਜੀ ਜਾਂ 0.4 ਮਿਲੀਲਿਟਰ ਕਰੋਕੋਡਾਈਲ, ਚਿੱਟੀ ਮੱਖੀ ਦੀ ਰੋਕਥਾਮ ਲਈ 2 ਮਿਲੀਲਿਟਰ ਫੌਸਮਾਈਟ, ਟਾਹਣੀਆਂ ਸੁੱਕਣ ਅਤੇ ਫਲ ਗਲਣ ਦੀ ਰੋਕਥਾਮ ਲਈ 3 ਗ੍ਰਾਮ ਕਾਪਰ ਔਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਸਪਰੇਅ ਕਰੋ।

ਅੰਗੂਰ ਦੇ ਬੂਟਿਆਂ ਨੂੰ ਸੁੱਕਣ ਤੋਂ ਬਚਾਉਣ ਲਈ 1 ਮਿਲੀਲਿਟਰ ਸਕੋਰ ਪ੍ਰਤੀ ਲੀਟਰ ਪਾਣੀ ਅਤੇ ਪੀਲੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬੋਰਡੋ ਮਿਸ਼ਰਣ 2:2:250 ਦੇ ਹਿਸਾਬ ਨਾਲ ਸਪਰੇਅ ਕਰੋ। ਬੇਰਾਂ ਵਿਚ ਲਾਖ ਦੇ ਕੀੜੇ ਦੀ ਰੋਕਥਾਮ ਲਈ 1 ਮਿਲੀਲਿਟਰ ਰੋਗਰ, ਚਿੱਟੋਂ ਰੋਗ ਦੀ ਰੋਕਥਾਮ ਲਈ 0.5 ਮਿਲੀਲਿਟਰ ਕੈਰਾਥੇਨ ਜਾਂ 0.5 ਗ੍ਰਾਮ ਬੈਲੇਟਾਨ ਜਾਂ 2.5 ਗ੍ਰਾਮ ਘੁਲਣਸ਼ੀਲ ਗੰਧਕ, ਪੱਤਿਆਂ ਦੇ ਧੱਬਿਆਂ ਦੀ ਰੋਕਥਾਮ ਲਈ 3 ਗਾਮ ਕਾਪਰ ਔਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ।

## ਘਰੇਲੂ ਬਗ਼ੀਚੀ ਤੇ ਸਬਜ਼ੀਆਂ

ਸਰਦ ਰੁੱਤ ਦੀਆਂ ਸਬਜ਼ੀਆਂ ਦੀ ਘਰੇਲੂ ਬਗ਼ੀਚੀ 'ਚ ਲਗਾਉਣ ਲਈ ਬਾਗ਼ਬਾਨੀ ਵਿਭਾਗ ਜਾਂ ਪੀਏਯੂ ਲੁਧਿਆਣਾ ਤੋਂ ਸਬਜ਼ੀ ਬੀਜਾਂ ਦੀ ਕਿੱਟ ਲੈ ਕੇ ਬਿਜਾਈ ਕਰ ਦਿਉ। ਵਪਾਰਕ ਪੱਧਰ ਲਈ ਮੂਲੀ ਦੀ ਪੂਸਾ ਚੇਤਕੀ ਕਿਸਮ, ਗਾਜਰ ਦੀ ਪੰਜਾਬ ਕੈਰਟ ਰੈੱਡ/ਬਲੈਕ ਬਿਊਟੀ ਅਤੇ ਸ਼ਲਗਮ ਦੀ ਐੱਲ-1 ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਉ।।ਮੂਲੀ ਅਤੇ ਗਾਜਰ ਲਈ 25-30 ਗ੍ਰਾਮ ਅਤੇ ਸ਼ਲਗਮ ਲਈ 13 ਗ੍ਰਾਮ ਬੀਜ ਪ੍ਰਤੀ ਮਰਲਾ ਵਰਤੋ।

ਬੀਜਣ ਤੋਂ ਪਹਿਲਾਂ 100 ਕਿੱਲੋ ਰੂੜੀ, 350 ਗ੍ਰਾਮ ਯੂਰੀਆ, 470 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਉ।।ਗਾਜਰ ਲਈ 312 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪਾਉ। 45 ਸੈਂਟੀਮੀਟਰ ਦੀ ਦੂਰੀ 'ਤੇ ਵੱਟਾਂ ਬਣਾ ਕੇ 7.5 ਸੈਂਟੀਮੀਟਰ ਬੂਟੇ ਤੋਂ ਬੂਟੇ ਦਾ ਫ਼ਾਸਲਾ ਰੱਖ ਕੇ ਚੰਗੇ ਵੱਤਰ ਵਿਚ ਬੀਜ ਲਗਾਉ। ਫੁੱਲ ਗੋਭੀ, ਬੰਦ ਗੋਭੀ ਲਈ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ।ਫਿਰ ਵੱਟਾਂ 'ਤੇ 4-6 ਹਫ਼ਤੇ ਦੀ ਪਨੀਰੀ ਲਗਾ ਦਿਉ। ਆਲੂ ਦੀਆਂ ਅਗੇਤੀਆਂ ਕਿਸਮਾਂ ਲਗਾਉਣ ਲਈ ਬੀਜ ਸਟੋਰ ਵਿੱਚੋਂ ਕੱਢ ਕੇ ਹਵਾਦਾਰ ਕਮਰੇ 'ਚ ਪਤਲੀ ਤਹਿ ਵਿਚ ਵਿਛਾ ਦਿਉ ਤੇ ਦਿਨ ਵਿਚ ਇਕ ਵਾਰ ਹਿਲਾਉ।

ਬੀਜ ਨੂੰ ਰੋਗ ਰਹਿਤ ਕਰਨ ਲਈ 2.5 ਮਿਲੀਲਿਟਰ ਮੋਨਸਰਨ ਦਵਾਈ ਪ੍ਰਤੀ ਲੀਟਰ ਪਾਣੀ 'ਚ ਘੋਲ ਕੇ 10 ਮਿੰਟ ਲਈ ਭਿਉਂ ਕੇ ਸੋਧ ਲਵੋ। ਬਿਜਾਈ ਸਮੇਂ 125 ਕੁਇੰਟਲ ਰੂੜੀ ਖਾਦ, 500 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ ਫਿਰ ਵੱਟਾਂ 'ਤੇ ਆਲੂ ਲਗਾ ਦਿਉ। ਮਟਰ ਲਈ ਜਲਦੀ ਪੱਕਣ ਵਾਲੀਆਂ ਕਿਸਮਾਂ ਏਪੀ-3, ਅਗੇਤਾ-6, ਅਗੇਤਾ-7 ਜਾਂ ਅਰਕਲ ਦਾ 280 ਗ੍ਰਾਮ ਬੀਜ ਰਾਈਜ਼ੋਬੀਅਮ ਟੀਕੇ ਨਾਲ ਸੋਧ ਕੇ ਲਗਾਉਣ ਤੋਂ ਪਹਿਲਾਂ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਉ।

ਪਾਲਕ ਦੀ ਪੰਜਾਬ ਗਰੀਨ ਜਾਂ ਸੁਪਰੀਮ ਕਿਸਮ ਦਾ 25-40 ਗ੍ਰਾਮ ਬੀਜ ਪ੍ਰਤੀ ਮਰਲਾ ਪਾ ਕੇ ਕਤਾਰਾਂ ਵਿਚ 20 ਸੈਂਟੀਮੀਟਰ ਦਾ ਫ਼ਾਸਲਾ ਰੱਖ ਕੇ 3-4 ਸੈਂਟੀਮੀਟਰ ਡੂੰਘਾ ਬੀਜ ਦਿਉ। ਲਸਣ ਦੀ ਬਿਜਾਈ ਤੋਂ ਪਹਿਲਾਂ 125 ਕਿੱਲੋ ਰੂੜੀ ਖਾਦ, 250 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾ ਕੇ ਡੇਢ ਕਿੱਲੋ ਤੁਰੀਆਂ ਕਤਾਰ ਤੋਂ ਕਤਾਰ 15 ਸੈਂਟੀਮੀਟਰ ਤੇ ਬੂਟਿਆਂ ਵਿਚ ਫ਼ਾਸਲਾ 7.5 ਸੈਂਟੀਮੀਟਰ ਰੱਖ ਕੇ ਪ੍ਰਤੀ ਮਰਲਾ ਬਿਜਾਈ ਕਰ ਦਿਉ। •

### ਖੁੰਬਾਂ ਦੀ ਕਾਸ਼ਤ

ਪਰਾਲੀ ਵਾਲੀ ਖੁੰਬ ਦੀ ਗਰਮੀਆਂ 'ਚ ਕਾਸ਼ਤ ਕਰਨ ਲਈ ਪਰਾਲੀ ਇਕੱਠੀ ਕਰ ਲਵੋ ਤੇ ਛੋਟੇ ਪੂਲੇ ਬਣਾ ਕੇ ਸ਼ੈੱਡ ਵਿਚ ਰੱਖ ਦਿਉ। ਬਟਨ ਖੁੰਬ ਲਈ ਕੰਪੋਸਟ ਤਿਆਰ ਕਰਨ ਵਾਸਤੇ ਤੀਸਰੇ ਹਫ਼ਤੇ ਕੰਮ ਸ਼ੁਰੂ ਕਰ ਦਿਉ ਤੇ ਲੋੜ ਅਨੁਸਾਰ ਖੁੰਬ ਸਪਾਨ (ਬੀਜ) ਵੀ ਬੁੱਕ ਕਰਵਾ ਦਿਉ।

### ਸ਼ਹਿਦ ਦੀਆਂ ਮੱਖੀਆਂ ਦੀ ਸਾਂਭ-ਸੰਭਾਲ

ਸ਼ਹਿਦ ਮੱਖੀਆਂ ਦੇ ਬਕਸਿਆਂ ਦਾ ਨਰੀਖਣ ਕਰਦੇ ਰਹੋ ਤੇ ਬਕਸਿਆਂ ਵਿੱਚੋਂ ਪੱਕਿਆ ਹੋਇਆ ਸ਼ਹਿਦ ਕੱਢ ਲਵੋ ।।ਵਰੋਆ ਚਿੱਚੜੀ ਦਾ ਹਮਲਾ ਧਿਆਨ ਵਿਚ ਆਉਣ 'ਤੇ ਅਗਜ਼ੈਲਿਕ ਐਸਿਡ ਦਾ ਘੋਲ ਤਿਆਰ ਕਰ ਕੇ ਹਫ਼ਤੇ ਦੇ ਵਕਫੇ 'ਤੇ ਤਿੰਨ ਵਾਰ ਸ਼ਾਮ ਨੂੰ ਸਪਰੇਅ ਕਰੋ। ਸਟੋਰ ਕੀਤੇ ਵਾਧੂ ਛੱਤਿਆਂ ਨੂੰ ਮੋਮੀ ਕੀੜੇ ਤੋਂ ਬਚਾਉਣ ਲਈ ਲੋੜੀਂਦੇ ਪ੍ਰਬੰਧ ਕਰੋ। ਰਾਣੀ ਮੱਖੀ ਤਿਆਰ ਕਰਨ ਲਈ ਮਾਹਿਰਾਂ ਦੀ ਸਲਾਹ ਲਵੋ।

---



• ਡਾ. ਅਮਰੀਕ ਸਿੰਘ
94630-71919

*ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਚਿੱਟੀ ਪਿੱਠ ਵਾਲੇ ਤੇ ਭੂਰੇ ਟਿੱਡਿਆਂ ਦੀ ਗਿਣਤੀ ਵਧ ਜਾਂਦੀ ਹੈ। ਫ਼ਸਲ ਉੱਪਰ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪੱਕਣ 'ਚ ਜ਼ਿਆਦਾ ਸਮਾਂ ਲੈਣ ਵਾਲੀਆਂ ਕਿਸਮਾਂ ਉੱਪਰ ਕਾਲੇ ਤੇਲੇ ਦੀ ਸਮੱਸਿਆ ਵਧੇਰੇ ਆਉਂਦੀ ਹੈ। ਕਿਸਾਨਾਂ ਨੂੰ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੀ ਹੀ ਚੋਣ ਕਰਨੀ ਚਾਹੀਦੀ ਹੈ ਤੇ ਮਾਹਿਰਾਂ ਦੀ ਰਾਇ ਅਨੁਸਾਰ ਹੀ ਖੇਤੀ ਰਸਾਇਣਾਂ ਦੀ ਵਰਤੋਂ ਕਰਨੀ ਚਾਹੀਦੀ ਹੈ...*



**ਝੋਨਾ/ਬਾਸਮਤੀ**

# ਕਾਲੇ ਤੇਲੇ ਤੇ ਭੂਰੇ ਟਿੱਡਿਆਂ ਦੀ ਰੋਕਥਾਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਫ਼ਸਲੀ ਸਮੱਸਿਆਵਾਂ ਦੀਆਂ ਸੰਭਾਵਨਾਵਾਂ ਪ੍ਰਤੀ ਜਾਗਰੂਕ ਕਰਨ ਤੇ ਕੀੜਿਆਂ ਦੀ ਸੁਚੱਜੀ ਰੋਕਥਾਮ ਲਈ ਸਮੇ-ਸਮੇਂ ਸੁਚੇਤ ਕੀਤਾ ਜਾਂਦਾ ਹੈ। ਕਪਾਹ ਪੱਟੀ 'ਚ ਇਸ ਦੇ ਸਾਰਥਕ ਨਤੀਜੇ ਮਿਲੇ ਹਨ। ਮੌਸਮ ਅਨਕੂਲ ਰਹਿਣ ਕਾਰਨ ਝੋਨੇ ਦੀ ਫ਼ਸਲ ਵੀ ਤਕਰੀਬਨ ਕੀੜਿਆਂ ਤੇ ਬਿਮਾਰੀਆਂ ਤੋਂ ਰਹਿਤ ਹੈ।

ਕੁਝ ਦਿਨਾਂ ਤੋਂ ਕੁਝ ਕਿਸਾਨ ਝੋਨੇ ਉੱਪਰ ਕਾਲੇ ਤੇਲੇ ਦੀ ਰੋਕਥਾਮ ਬਾਰੇ ਪੁੱਛ ਰਹੇ ਹਨ। ਮਾਹਿਰਾਂ ਵੱਲੋਂ ਸੁਚੇਤ ਕਰਨ ਦੇ ਬਾਵਜੂਦ ਕੁਝ ਕਿਸਾਨ, ਸਿਫਾਰਸ਼ ਅਨੁਸਾਰ ਕੀਟਨਾਸ਼ਕਾਂ ਦੀ ਵਰਤੋਂ ਨਾ ਕਰ ਕੇ ਆਂਢੀਆਂ-ਗੁਆਂਢੀਆਂ ਦੇ ਕਹਿਣ 'ਤੇ ਗ਼ੈਰ ਸਿਫਾਰਸ਼ੀ ਕੀਟਨਾਸ਼ਕਾਂ ਦੀ ਵਰਤੋਂ ਕਰ ਕੇ ਸਮੱਸਿਆ ਨੂੰ ਵਧਾ ਲੈਂਦੇ ਹਨ।

ਜਾਣਕਾਰੀ ਅਨੁਸਾਰ ਕਿਸਾਨਾਂ ਵੱਲੋਂ ਬੁਫਰਾਫਾਈਜ਼ਨ, ਡੈਂਟਾਫ, ਥਿਮਟ, ਡਾਈਕਲੋਰੋਵਾਸ, ਨੁਵਾਨ, ਸਾਈਪਰ ਮੈਥਾਰਿਨ, ਲੈਂਬਡਾਸਾਈਹੈਲੋਥਰਿਨ, ਡੈਲਟਾਮੈਥਰਿਨ ਤੇ ਕੀਟਨਾਸ਼ਕਾਂ ਦੇ ਮਿਸ਼ਰਣ ਦੀ ਵਰਤੋਂ, ਛਿੜਕਾਅ ਦੇ ਗ਼ਲਤ ਤਰੀਕੇ, ਵਧੇਰੇ ਮਾਤਰਾ, ਯੂਰੀਆ ਖਾਦ ਦੀ ਵਧੇਰੇ ਵਰਤੋਂ (ਤਿੰਨ ਤੋਂ ਚਾਰ ਬੈਗ ਪ੍ਰਤੀ ਏਕੜ), ਸਿੰਥੈਟਿਕ ਪੈਰਾਥਾਇਡ ਤੇ ਦੋ ਜਾਂ ਜੋ ਤੋਂ ਵੱਧ ਕੀਟਨਾਸ਼ਕਾਂ ਦੇ ਮਿਸ਼ਰਣ ਦਾ ਛਿੜਕਾਅ ਕਰਨਾ ਅਜਿਹੇ ਕਾਰਨ ਹਨ, ਜੋ ਸਮੱਸਿਆ ਨੂੰ ਘਟਾਉਣ ਦੀ ਥਾਂ ਵਧਾਉਂਦੇ ਹਨ। ਸਿੰਥੈਟਿਕ ਪੈਰਾਥਰਾਇਡ ਦੀ ਵਰਤੋਂ ਨਾਲ ਖੇਤ 'ਚ ਕਾਲੇ ਤੇਲੇ ਦੇ ਵਾਧੇ ਲਈ ਮਾਹੌਲ ਅਨਕੂਲ ਬਣ ਜਾਂਦਾ ਹੈ ਤੇ ਤੇਲੇ ਦੀ ਗਿਣਤੀ ਤੇਜ਼ੀ ਨਾਲ ਵਧਦੀ ਹੈ।

### ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਨਾ ਵਰਤੋ

ਬਹੁਤ ਸਾਰੇ ਕੀੜੇ ਜੁਲਾਈ ਤੋਂ ਅਕਤੂਬਰ ਤਕ ਬੂਟਿਆਂ ਦੇ ਹੇਠਲੇ ਪਾਸਿਓਂ ਝੁੰਡਾਂ ਦੇ ਰੂਪ 'ਚ ਰਸ ਚੂਸਦੇ ਹਨ। ਇਸ ਨਾਲ ਫ਼ਸਲ ਧੌੜੀਆਂ 'ਚ ਸੁੱਕਣੀ ਸ਼ੁਰੂ ਹੋ ਜਾਂਦੀ ਹੈ। ਆਮ ਕਿਸਾਨ ਇਸ ਨੂੰ ਝੁਲਸ ਰੋਗ ਸਮਝ ਕੇ ਉੱਲੀ ਨਾਸ਼ਕ ਦਵਾਈਆਂ ਜਾਂ ਦਾਣੇਦਾਰ ਕੀਟਨਾਸ਼ਕ ਰਸਾਇਣਾਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ। 2013-14 ਦੌਰਾਨ ਝੋਨੇ ਤੇ ਬਾਸਮਤੀ ਦੀ ਫ਼ਸਲ ਦਾ ਕੀੜਿਆਂ ਨੇ ਬਹੁਤ ਨੁਕਸਾਨ ਕੀਤਾ ਸੀ। ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਚਿੱਟੀ ਪਿੱਠ ਵਾਲੇ ਤੇ ਭੂਰੇ ਟਿੱਡਿਆਂ ਦੀ ਗਿਣਤੀ ਵਧ ਜਾਂਦੀ ਹੈ। ਇਸ ਲਈ ਫ਼ਸਲ ਉੱਪਰ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

## ਦਵਾਈਆਂ ਦੇ ਮਿਸ਼ਰਣ

ਕਿਸਾਨਾਂ ਵੱਲੋਂ ਕਾਲੇ ਤੇਲੇ ਦੀ ਰੋਕਥਾਮ ਲਈ ਵਰਤੇ ਜਾ ਰਹੇ ਕੀਟਨਾਸ਼ਕ ਤੇ ਮਾਹਿਰਾਂ ਦੀਆਂ ਸਿਫਾਰਸ਼ਾਂ ਦੇ ਉਲਟ ਹਨ। ਬੀਤੇ ਵਰ੍ਹਿਆ ਦੌਰਾਨ ਕਾਲੇ ਤੇਲੇ ਦਾ ਵਧੇਰੇ ਜ਼ੋਰ ਮਾਲਵੇ ਦੇ ਜ਼ਿਲ੍ਹਿਆਂ ਵਿਚ ਅਤੇ ਵੱਧ ਸਮੇਂ ਵਾਲੀਆਂ ਕਿਸਮਾਂ ਪੂਸਾ-44, ਮੁੱਛਲ, ਬਾਸਮਤੀ-1121 ਉੱਪਰ ਵਧੇਰੇ ਰਿਹਾ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ 'ਤੇ ਕੋਈ ਸਮੱਸਿਆ ਨਹੀਂ ਆਈ ਕਿਉਂਕਿ ਕਾਲਾ ਤੇਲਾ ਸਤੰਬਰ ਦੇ ਅਖ਼ੀਰ ਤੇ ਅਕਤੂਬਰ ਦੇ ਪਹਿਲੇ ਹਫ਼ਤੇ ਦੌਰਾਨ ਹਮਲਾ ਕਰਦਾ ਹੈ ਜਿਸ ਕਾਰਨ ਲੰਬੇ ਸਮੇਂ ਵਾਲੀਆਂ ਕਿਸਮਾਂ ਦਾ ਵਧੇਰੇ ਨੁਕਸਾਨ ਹੁੰਦਾ ਹੈ। ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਦੇ ਪਹਿਲੇ ਹਫ਼ਤੇ ਪੱਕ ਜਾਂਦੀਆਂ ਹਨ। ਮਾਝੇ 'ਚ ਕਾਲੇ ਤੇਲੇ ਦੀ ਸਮੱਸਿਆ ਗੰਭੀਰ ਨਾ ਹੋਣ ਦੇ ਕਾਰਨਾਂ 'ਚ ਕਿਸਾਨਾਂ ਵੱਲੋਂ ਘੱਟ ਸਮੇਂ ਵਾਲੀਆਂ ਸਿਫਾਰਸ਼ ਕੀਤੀਆਂ ਕਿਸਮਾਂ ਦੀ ਕਾਸ਼ਤ, ਪੂਸਾ-44 ਕਿਸਮ ਹੇਠ ਨਾਮਾਤਰ ਰਕਬਾ, ਯੂਰੀਆ ਖਾਦ ਦੀ ਲੋੜ ਅਨੁਸਾਰ ਵਰਤੋਂ ਤੇ ਕੀਟਨਾਸ਼ਕਾਂ ਦੇ ਮਿਸ਼ਰਣ ਬਣਾ ਕੇ ਛਿੜਕਾਅ ਨਾ ਕਰਨਾ ਹੈ। ਕਿਸਾਨਾਂ ਨੂੰ ਝੋਨੇ ਤੇ ਦੂਸਰੀਆਂ ਫ਼ਸਲਾਂ ਦੇ ਕੀੜਿਆਂ ਦੀ ਪਛਾਣ, ਹੋਣ ਵਾਲੇ ਨੁਕਸਾਨ ਤੇ ਕੀੜਿਆਂ ਦੀ ਸਹੀ ਰੋਕਥਾਮ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ। ਜਿਹੜੇ ਕਿਸਾਨ ਸਮੱਸਿਆ ਦੇ ਹੱਲ ਲਈ ਦੁਕਾਨਦਾਰਾਂ 'ਤੇ ਨਿਰਭਰ ਕਰਦੇ ਹਨ ਉਹ ਫ਼ਾਇਦੇ ਦੀ ਥਾਂ ਨੁਕਸਾਨ ਕਰ ਬੈਠਦੇ ਹਨ। ਦੁਕਾਨਦਾਰ ਵਧੇਰੇ ਮੁਨਾਫ਼ੇ ਲਈ ਕਿਸਾਨਾਂ ਨੂੰ ਸਿਫਾਰਸ਼ ਤੋਂ ਉਲਟ ਤੇ ਦੋ ਕੀਟਨਾਸ਼ਕ ਦਵਾਈਆਂ ਇਸਤੇਮਾਲ ਕਰਨ ਦੀ ਸਲਾਹ ਦੇ ਦਿੰਦੇ ਹਨ। ਇਸ ਨਾਲ ਕਿਸਾਨ ਦਾ ਵਿੱਤੀ ਸ਼ੋਸ਼ਣ ਵੀ ਹੁੰਦਾ ਹੈ ਤੇ ਫ਼ਸਲ ਉੱਪਰ ਕੀੜਿਆਂ ਦੀ ਰੋਕਥਾਮ ਵੀ ਨਹੀਂ ਹੁੰਦੀ।

## ਸਰਬਪੱਖੀ ਕੀਟ ਪ੍ਰਬੰਧ

ਕਾਲੇ ਤੇਲੇ ਦੀ ਰੋਕਥਾਮ ਲਈ ਇਕੱਲੇ ਕੀਟਨਾਸ਼ਕਾਂ ਤੇ ਨਿਰਭਰ ਰਹਿਣ ਦੀ ਬਿਜਾਏ ਸਰਬਪੱਖੀ ਕੀਟ ਪ੍ਰਬੰਧ ਵਿਧੀ ਵਰਤਣ ਦੀ ਜ਼ਰੂਰਤ ਹੈ। ਇਸ ਨਾਲ ਵਾਤਾਵਰਨ ਵੀ ਦੂਸ਼ਿਤ ਨਹੀਂ ਹੋਵੇਗਾ ਅਤੇ ਲਾਗਤ ਖ਼ਰਚੇ ਵੀ ਘਟਣਗੇ। ਕਿਸਾਨਾਂ ਨੂੰ ਚਾਹੀਦਾ ਹੈ ਕਿ ਜਦ ਕਿਸੇ ਫ਼ਸਲ ਉੱਪਰ ਕੋਈ ਸਮੱਸਿਆ ਆਵੇ ਤਾਂ ਉਹ ਖੇਤੀ ਮਾਹਿਰਾਂ ਨਾਲ ਸੰਪਰਕ ਕਰ ਕੇ ਸਿਫਾਰਸ਼ ਕੀਤੇ ਕੀਟਨਾਸ਼ਕਾਂ ਦਾ ਹੀ ਛਿੜਕਾਅ ਕਰਨ ਤਾਂ ਜੋ ਕੀੜਿਆਂ ਦੀ ਸੁਚੱਜੀ ਰੋਕਥਾਮ ਹੋ ਸਕੇ। ਕਾਲੇ ਤੇਲੇ ਦੀ ਸਹੀ ਰੋਕਥਾਮ ਲਈ ਜਿੱਥੇ ਸਿਫਾਰਸ਼ ਕੀਤੇ ਗਏ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਜ਼ਰੂਰੀ ਹੈ, ਉੱਥੇ ਛਿੜਕਾਅ ਕਾਰਨ ਦਾ ਸਮਾਂ ਤੇ ਤਰੀਕਾ ਵੀ ਸਹੀ ਹੋਣਾ ਚਾਹੀਦਾ ਹੈ ਅਤੇ ਕੁਝ ਸਾਵਧਾਨੀਆਂ ਵਰਤਣੀਆਂ ਵੀ ਬਹੁਤ ਅਹਿਮ ਹਨ। ਕਾਲੇ ਤੇਲੇ ਦੀ ਸਰਬਪੱਖੀ ਰੋਕਥਾਮ ਲਈ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ਾਂ ਕੀਤੀ ਗਈ ਮਾਤਰਾ ਅਨੁਸਾਰ ਹੀ ਕਰੋ। ਵਧੇਰੇ ਯੂਰੀਆ ਵਰਤਣ ਨਾਲ ਬੂਟੇ ਦਾ ਪਤਰਾਲ ਵਧੇਰੇ ਵਧਦਾ ਹੈ, ਜੋ ਕਾਲੇ ਤੇਲੇ ਲਈ ਆਕਰਸ਼ਣ ਦਾ ਕਾਰਨ ਬਣਦਾ ਹੈ

## ਰੋਕਥਾਮ

ਪਨੀਰੀ ਪੁੱਟ ਕੇ ਖੇਤ 'ਚ ਲਗਾਉਣ ਤੋਂ ਇਕ ਮਹੀਨੇ ਬਾਅਦ ਬੂਟਿਆਂ ਨੂੰ ਟੇਢੇ ਕਰ ਕੇ ਨਿਰੀਖਣ ਕਰਦੇ ਰਹੋ। ਜੇ ਮੁੱਢਾਂ ਵਾਲੇ ਪਾਸੇ ਪ੍ਰਤੀ ਪੌਦਾ 5 ਜਾਂ ਵੱਧ ਟਿੱਡੇ ਮੌਜੂਦ ਹੋਣ ਤਾਂ 120 ਗ੍ਰਾਮ ਪਾਈਮੇਟਰੋਜ਼ਿਨ (50 ਡਬਲਿਊਜੀ ਜਾਂ 40 ਮਿਲੀਲਿਟਰ ਇਮੀਡਾਕਲੋਪਰਿਡ 17.8 ਐੱਸਐੱਲ ਜਾਂ 800 ਮਿਲੀਲਿਟਰ ਕੁਈਨਲਫਾਸ 25 ਈਸੀ ਜਾਂ 1 ਲੀਟਰ ਕਲੋਰੋਪਾਈਰੀਫਾਸ 20 ਈਸੀ ਪ੍ਰਤੀ ਏਕੜ ਨੂੰ 100 ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਲੋੜ ਪਵੇ ਤਾਂ ਦੁਬਾਰਾ ਛਿੜਕਾਅ ਕਰੋ। ਚੰਗੇ ਨਤੀਜਿਆਂ ਲਈ ਫ਼ਸਲ ਦੇ ਮੁੱਢਾਂ ਵਾਲੇ ਪਾਸੇ ਦਵਾਈ ਦਾ ਛਿੜਕਾਅ ਕਰੋ। ਟਿੱਡੇ ਦੇ ਹਮਲੇ ਵਾਲੀਆਂ ਧੌੜੀਆਂ ਉੱਪਰ ਤੇ ਧੌੜੀ ਦੇ 3 ਤੋਂ 4 ਮੀਟਰ ਆਲੇ ਦੁਆਲੇ ਵੀ ਦਵਾਈ ਦੀ ਵਰਤੋਂ ਕਰੋ ਕਿਉਂਕਿ ਟਿੱਡਿਆਂ ਦੀ ਵਧੇਰੇ ਗਿਣਤੀ ਮੁੱਢਾਂ ਵਾਲੇ ਪਾਸੇ ਹੀ ਹੁੰਦੀ ਹੈ। •

---

**ਸਾੜੀਂ ਨਾ ਪਰਾਲੀ**

*ਪਰਾਲੀ ਦੀ ਸੁਚੱਜੀ ਸੰਭਾਲ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਰਿਕਾਰਡ ਕਰਵਾਇਆ ਗਿਆ ਥੀਮ ਗੀਤ :*

ਘਰ ਫੂਕ ਆਪਣਾ ਨਾ ਦੇਖੀਏ ਦੀਵਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਕਿੰਨੇ ਜੀਵ ਜੰਤੂਆਂ ਦੀ ਮਿੱਟੀ ਵਿਚ ਠਾਹਰ ਏ,
ਰੁੱਖਾਂ ਪੌਦਿਆਂ 'ਤੇ ਜਿਵੇਂ ਨੱਚਦੀ ਬਹਾਰ ਏ,
ਬਚੇ ਰਹਿਣ ਘੁੱਗੀਆਂ ਦੇ ਬੱਚੇ ਸਣੇ ਟਾਹਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਦੇਖ ਧੂੰਏਂ ਨਾਲ ਹਾਲ ਹੋਇਆ ਕੀ ਚੁਫ਼ੇਰ ਦਾ,
ਸਿਖ਼ਰ ਦੁਪਹਿਰੇ ਦਿਸੇ ਮੰਜ਼ਰ ਹਨੇਰ ਦਾ,
ਸਾਰੀ ਕਾਇਨਾਤ ਜਾਪੇ ਹੋਈ ਕਾਲੀ-ਕਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਮੰਡੀ ਵਿਚ ਪਿਆ ਤੇਰਾ ਝੋਨਾ ਵਿਕ ਲੈਣ ਦੇ,
ਧਰਤੀ ਦਾ ਥੋੜ੍ਹਾ ਜਿੰਨਾ ਸਾਹ ਟਿਕ ਲੈਣ ਦੇ,
ਅਗਲੀ ਫ਼ਸਲ ਲਈ ਐਡੀ ਕਾਹਦੀ ਕਾਹਲੀ।
ਸਾੜੀਂ ਨਾ ਪਰਾਲੀ ਵੀਰਾ, ਸਾੜੀਂ ਨਾ ਪਰਾਲੀ।

ਕਿੰਨੀਆਂ ਮਸ਼ੀਨਾਂ ਆਈਆਂ ਕਿੰਨੀ ਤਕਨੀਕ ਵੀ,
ਕੁਤਰੇ ਪਰਾਲੀ, ਬੀਜੇ ਕਣਕ ਜੋ ਠੀਕ ਵੀ,
ਪੌਣ-ਪਾਣੀ ਵਾਲੀ ਜਾਵੇ ਗੱਲ ਵੀ ਸੰਭਾਲੀ।
ਸਾੜੀਂ ਨਾ ਪਰਾਲੀ ਵੀਰਾ, ਸਾੜੀਂ ਨਾ ਪਰਾਲੀ।

ਵਿੱਚੇ ਵਾਹ ਪਰਾਲੀ ਤੇਰੀ ਖੇਤੀ ਸਾਵੀ ਰਹੇਗੀ,
ਪਾਣੀ ਬਚ ਜਾਏਗਾ ਤੇ ਖਾਦ ਘੱਟ ਪਏਗੀ,
ਦੋਵੇਂ ਹੱਥੀਂ ਲੱਡੂ ਤੇਰੇ, ਦੋਵੇਂ ਹੱਥੀਂ ਤਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਪੀਏਯੂ ਦੇ ਮਾਹਿਰਾਂ ਨੇ ਕੱਢੇ ਬੜੇ ਹੱਲ ਬਈ,
ਸੁਪਰ ਐੱਸਐੱਮਐੱਸ, ਹੈਪੀਸੀਡਰ ਲੈ ਚੱਲ ਬਈ,
ਤੇਰੀ ਇਹ ਮੁਸੀਬਤ ਵੀ ਹੋ ਗਈ ਸੁਖਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

• ਜਗਵਿੰਦਰ ਜੋਧਾ



---



• ਡਾ. ਬਲਵਿੰਦਰ ਸਿੰਘ ਢਿੱਲੋਂ
94654-20097

*ਮੱਕੀ ਸਾਉਣੀ ਦਾ ਮੁੱਖ ਚਾਰਾ ਹੈ। ਪੰਜਾਬ 'ਚ ਕਰੀਬ 0.77 ਲੱਖ ਹੈਕਟੇਅਰ 'ਚ ਮੱਕੀ ਬੀਜੀ ਜਾਂਦੀ ਹੈ। ਇਹ 50-60 ਦਿਨਾਂ 'ਚ ਕਟਾਈ ਲਈ ਤਿਆਰ ਹੋ ਜਾਂਦੀ ਹੈ ਤੇ ਦੁਧਾਰੂ ਪਸ਼ੂਆਂ ਲਈ ਮਿਆਰੀ ਚਾਰਾ ਹੈ। ਛੱਲੀਆਂ ਵਿਚ ਮੌਜੂਦ ਪੌਸ਼ਟਿਕ ਤੱਤ ਪਸ਼ੂਆਂ ਨੂੰ ਸਿਹਤਮੰਦ ਰੱਖਦੇ ਹਨ...*

# ਹਰੇ ਚਾਰੇ ਲਈ ਮੱਕੀ ਦੀ ਕਾਸ਼ਤ

ਡੇਅਰੀ ਦੇ ਧੰਦੇ ਵਿਚ 70 ਤੋਂ 75 ਫ਼ੀਸਦੀ ਖ਼ਰਚੇ ਪਸ਼ੂ ਖ਼ੁਰਾਕ ਉੱਪਰ ਹੁੰਦੇ ਹਨ ਤੇ ਇਸ ਵਿਚ ਹਰਾ ਚਾਰਾ ਅਹਿਮ ਹੈ। ਪੰਜਾਬ 'ਚ ਇਸ ਸਮੇਂ ਪਸ਼ੂਆਂ ਦੀ ਗਿਣਤੀ ਲਗਪਗ 81.2 ਲੱਖ ਹੈ, ਜਿਨ੍ਹਾਂ ਵਿਚ 62.4 ਲੱਖ ਵੱਡੇ ਪਸ਼ੂ ਹਨ। ਪਸ਼ੂਆਂ ਨੂੰ ਮਿਆਰੀ ਚਾਰਾ ਦੇਣ ਲਈ ਹਰੇ ਚਾਰੇ ਦੀ ਵਰਤਮਾਨ ਉਪਜ 'ਚ ਚੋਖੇ ਵਾਧੇ ਦੀ ਲੋੜ ਹੈ। ਮੱਕੀ ਸਾਉਣੀ ਦਾ ਮੁੱਖ ਚਾਰਾ ਹੈ। ਪੰਜਾਬ 'ਚ ਕਰੀਬ 0.77 ਲੱਖ ਹੈਕਟੇਅਰ 'ਚ ਮੱਕੀ ਬੀਜੀ ਜਾਂਦੀ ਹੈ। ਇਹ 50-60 ਦਿਨਾਂ 'ਚ ਕਟਾਈ ਲਈ ਤਿਆਰ ਹੋ ਜਾਂਦੀ ਹੈ ਤੇ ਦੁਧਾਰੂ ਪਸ਼ੂਆਂ ਲਈ ਮਿਆਰੀ ਚਾਰਾ ਹੈ।

## ਖਾਦ ਪ੍ਰਬੰਧ

ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਖਾਦ ਪਾਉ। ਰੂੜੀ ਜ਼ਿੰਕ, ਫਾਸਫੋਰਸ, ਪੋਟਾਸ਼ ਤੇ ਇਕ-ਤਿਹਾਈ ਨਾਈਟ੍ਰੋਜਨ ਦੀ ਘਾਟ ਪੂਰੀ ਕਰਦੀ ਹੈ। ਚਾਰੇ ਵਾਲੀ ਮੱਕੀ ਨਾਈਟ੍ਰੋਜਨ ਖਾਦ ਨੂੰ ਬਹੁਤ ਮੰਨਦੀ ਹੈ। ਅੱਧੀ ਨਾਈਟ੍ਰੋਜਨ, ਸਾਰੀ ਫਾਸਫੋਰਸ ਤੇ ਪੋਟਾਸ਼ ਖਾਦ ਬਿਜਾਈ ਸਮੇਂ ਪਾਉ ਤੇ ਅੱਧੀ ਨਾਈਟ੍ਰੋਜਨ ਖਾਦ 3-4 ਹਫ਼ਤੇ ਮਗਰੋਂ ਪਾਉ।

## ਨਦੀਨਾਂ ਦੀ ਰੋਕਥਾਮ

ਐਟਰਾਟਾਫ 50 ਡਬਲਿਊਪੀ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਤੇ 500 ਗ੍ਰਾਮ ਹਲਕੀਆਂ ਜ਼ਮੀਨਾਂ 'ਚ ਬਿਜਾਈ ਤੋਂ 10 ਦਿਨਾਂ ਦੇ ਅੰਦਰ 200 ਲੀਟਰ ਪਾਣੀ 'ਚ ਘੋਲ ਕੇ ਛਿੜਕੋ। ਆਮ ਤੌਰ 'ਤੇ ਕਿਸਾਨ ਮੱਕੀ ਦਾ ਚਾਰਾ ਸਤੰਬਰ ਦੇ ਅਖ਼ੀਰ ਤਕ ਬੀਜਦੇ ਹਨ ਤੇ ਬਾਅਦ 'ਚ ਉੱਥੇ ਕਣਕ ਬੀਜਦੇ ਹਨ। ਐਟਰਾਜ਼ੀਨ ਦੀ ਵਰਤੋਂ ਸਤੰਬਰ ਦੇ ਪਹਿਲੇ ਪੰਦਰਵਾੜੇ ਤਕ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਦੇ ਚਾਰੇ 'ਚ ਰਵਾਂਹ ਰਲਾ ਕੇ ਬੀਜਿਆ ਹੋਵੇ ਤਾਂ ਐਟਰਾਜ਼ੀਨ ਦੀ ਵਰਤੋਂ ਨਾ ਕਰੋ। ਮੱਕੀ ਤੇ ਰਵਾਂਹ ਦੇ ਮਿਸ਼ਰਤ ਚਾਰੇ 'ਚ ਸਟੌਂਪ-30 ਈਸੀ (ਪੈਂਡੀਮੈਥਾਲੀਨ) ਇਕ ਲੀਟਰ ਪ੍ਰਤੀ ਏਕੜ ਦੇ ਹਿਸਾਬ 200 ਲੀਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ ਦੋ ਦਿਨ ਦੇ ਅੰਦਰ ਛਿੜਕਾਅ ਕਰੋ।

## ਕੀੜੇ-ਮਕੌੜਿਆਂ ਦੀ ਰੋਕਥਾਮ

ਮੱਕੀ ਦਾ ਗੜੂੰਆਂ ਮਾਰਚ ਤੋਂ ਅਕਤੂਬਰ ਤਕ ਨੁਕਸਾਨ ਕਰਦਾ ਹੈ। ਇਸ ਦੀ ਰੋਕਥਾਮ ਲਈ ਗੜੂੰਏਂ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦੇਵੋ। ਗੜੂੰਏਂ ਤੋਂ ਬਚਾਅ ਲਈ 40 ਮਿਲੀਲਿਟਰ ਕੋਰਾਜ਼ਨ 18.5 ਐੱਸਸੀ (ਕਲੋਰਐਂਟਰਾਨਿਲੀਪਰੋਲ) ਪ੍ਰਤੀ ਏਕੜ 60-80 ਲੀਟਰ ਪਾਣੀ 'ਚ ਘੋਲ ਕੇ ਸਪਰੇਅ ਕਰੋ। ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 50 ਹਜ਼ਾਰ ਆਂਡੇ ਪ੍ਰਤੀ ਏਕੜ ਦੋ ਵਾਰੀ, ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਤੇ ਦੂਜੀ ਵਾਰ ਇਕ ਹਫ਼ਤੇ ਬਾਅਦ ਵਰਤੋ। ਇਹ ਆਂਡੇ ਟਰਾਈਕੋਕਾਰਡਾਂ 'ਤੇ ਚਿਪਕਾਏ ਹੁੰਦੇ ਹਨ। ਇਨ੍ਹਾਂ ਕਾਰਡਾਂ ਨੂੰ 50 ਬਰਾਬਰ ਹਿੱਸਿਆਂ 'ਚ ਕੱਟ ਲਵੋ। ਹਰ ਛੋਟੇ ਹਿੱਸੇ ਉੱਪਰ ਕਰੀਬ 1,000 ਆਂਡੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਸ਼ਾਮ ਸਮੇਂ ਖੇਤ 'ਚ ਇਕਸਾਰ ਦੂਰੀ 'ਤੇ ਬੂਟਿਆਂ ਦੀ ਗੋਭ 'ਚ ਰੱਖੋ। ਤੇਲੇ ਅਤੇ ਘੋੜੇ ਦੀ ਰੋਕਥਾਮ ਲਈ 250 ਤੋਂ 400 ਮਿਲੀਲਿਟਰ ਮੈਲਾਥੀਆਨ 50 ਈਸੀ ਪ੍ਰਤੀ ਏਕੜ ਛਿੜਕੋ ਤੇ ਵਾਲਾਂ ਵਾਲੀ ਸੁੰਡੀ ਦੀ ਰੋਕਥਾਮ ਲਈ 15 ਕਿੱਲੋ ਮੈਲਾਥੀਆਨ 5 ਫ਼ੀਸਦੀ ਪ੍ਰਤੀ ਏਕੜ ਦੇ ਹਿਸਾਬ ਧੂੜਾ ਦੇਵੋ।

## ਕਟਾਈ

ਬਿਜਾਈ ਤੋਂ 50-60 ਦਿਨਾਂ ਪਿੱਛੋਂ ਜਦੋਂ ਮੱਕੀ ਦੀ ਫ਼ਸਲ ਦੋਧੇ 'ਤੇ ਹੋਵੇ ਤੇ ਦਾਣੇ ਨਰਮ ਹੋਣ ਤਾਂ ਇਹ ਕਟਾਈ ਲਈ ਤਿਆਰ ਹੋ ਜਾਂਦੀ ਹੈ। ਚਾਰੇ ਵਾਲੀ ਫ਼ਸਲ ਵਿੱਚੋਂ ਛੱਲੀਆਂ ਨਹੀਂ ਉਤਾਰਨੀਆਂ ਚਾਹੀਦੀਆਂ। ਇਨ੍ਹਾਂ ਵਿਚ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ ਜੋ ਪਸ਼ੂ ਦੀ ਸਿਹਤ ਲਈ ਲਾਹੇਵੰਦ ਹੁੰਦੇ ਹਨ।

## ਸਾਵਧਾਨੀਆਂ

- ਮੱਕੀ ਦੀ ਚਾਰੇ ਵਾਲੀ ਫ਼ਸਲ ਉੱਪਰ ਉਹ ਕੀਟਨਾਸ਼ਕ ਨਹੀਂ ਵਰਤਣੇ ਚਾਹੀਦੇ, ਜੋ ਮੱਕੀ ਦੀ ਦਾਣਿਆਂ ਵਾਲੀ ਫ਼ਸਲ ਲਈ ਸਿਫਾਰਿਸ਼ ਕੀਤੇ ਗਏ ਹਨ।
- ਕੋਰਾਜ਼ਨ 18.5 ਐੱਸਸੀ (ਕਲੋਰਐਂਟਰਾਨਿਲੀਪਰੋਲ) ਛਿੜਕਾਂ ਤੋਂ 21 ਦਿਨ ਬਾਅਦ ਚਾਰੇ ਨੂੰ ਵਰਤੋ।
- ਮੈਲਾਥੀਆਨ ਦੇ ਛਿੜਕਾਅ ਤੋਂ 14 ਦਿਨ ਬਾਅਦ ਤਕ ਫ਼ਸਲ ਨੂੰ ਚਾਰੇ ਲਈ ਨਾ ਵਰਤੋ। •

### ਬੀਜ ਦੀ ਮਾਤਰਾ ਤੇ ਬਿਜਾਈ ਦਾ ਸਮਾਂ

ਬੀਜ ਦੀ ਮਾਤਰਾ 30 ਕਿੱਲੋ ਪ੍ਰਤੀ ਏਕੜ ਹੈ। ਇਸ ਦੀ ਬਿਜਾਈ ਮਾਰਚ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਅੱਧ ਸਤੰਬਰ ਤਕ ਕੀਤੀ ਜਾ ਸਕਦੀ ਹੈ। ਬਿਜਾਈ ਕੇਰੇ ਜਾਂ ਪੋਰੇ ਨਾਲ ਕਰੋ ਤੇ ਕਤਾਰਾਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖੋ। ਬਿਜਾਈ ਖਾਦ-ਬੀਜ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਅਤੇ ਰਵਾਂਹ ਰਲਾ ਕੇ ਬੀਜਣੇ ਹੋਣ ਤਾਂ ਮੱਕੀ ਅਤੇ ਰਵਾਂਹ-88 ਦਾ ਬੀਜ 15-15 ਕਿੱਲੋ ਅਤੇ ਮੱਕੀ ਤੇ ਰਵਾਂਹ-367 ਕਿਸਮ ਦਾ ਬੀਜ 15 ਅਤੇ 6 ਕਿੱਲੋ ਪ੍ਰਤੀ ਏਕੜ ਕ੍ਰਮਵਾਰ ਪਾਓ।



### ਉੱਨਤ ਕਿਸਮ

ਜੇ-1006 : ਹਰੇ ਚਾਰੇ ਲਈ ਮੱਕੀ ਦੀ ਇਸ ਕਿਸਮ ਦੇ ਬੂਟੇ ਫੈਲਵੇਂ ਤੇ ਚੌੜੇ ਪੱਤਿਆਂ ਵਾਲੇ ਹੁੰਦੇ ਹਨ। ਇਸ ਕਿਸਮ ਨੂੰ ਝੁਲਸ ਰੋਗ ਤੇ ਭੂਰੀਆਂ ਧਾਰੀਆਂ ਦਾ ਰੋਗ ਘੱਟ ਲਗਦਾ ਹੈ। ਇਹ ਕਿਸਮ ਕਰੀਬ 165 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਦਿੰਦੀ ਹੈ।



---



• ਡਾ. ਹਰੀਸ਼ ਕੁਮਾਰ ਵਰਮਾ
0161-2553364

*ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਵੱਲੋਂ 25 ਵਾਂ ਪਸ਼ੂ ਪਾਲਣ ਮੇਲਾ 20 ਅਤੇ 21 ਸਤੰਬਰ ਨੂੰ ਲੁਧਿਆਣਾ ਕੈਂਪਸ ਵਿਖੇ ਲਗਾਇਆ ਜਾ ਰਿਹਾ ਹੈ...*

# ਵੈਟਰਨਰੀ ਯੂਨੀਵਰਸਿਟੀ ਦਾ ਸਿਲਵਰ ਜੁਬਲੀ ਪਸ਼ੂ ਪਾਲਣ ਮੇਲਾ

ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਸਾਲ 'ਚ ਦੋ ਵਾਰ ਯੂਨੀਵਰਸਿਟੀ ਕੈਂਪਸ 'ਚ 'ਪਸ਼ੂ ਪਾਲਣ ਮੇਲਾ' ਲਗਾਉਂਦੀ ਹੈ। ਇਹ ਮੇਲਾ ਮਾਰਚ ਤੇ ਸਤਬਰ ਮਹੀਨੇ ਲਗਾਇਆ ਜਾਂਦਾ ਹੈ। ਇਸ ਵਾਰ ਸਿਲਵਰ ਜੁਬਲੀ ਮੇਲਾ 20-21 ਸਤੰਬਰ 2018 ਨੂੰ ਲਗਾਇਆ ਜਾਵੇਗਾ।

## ਸੰਤੁਲਿਤ ਪਸ਼ੂ ਖ਼ੁਰਾਕ ਦੀ ਮਹੱਤਤਾ

ਪਸ਼ੂਆਂ ਲਈ ਅਰਾਮਦੇਹ ਤੇ ਸਸਤੇ ਸ਼ੈੱਡ ਬਣਾਉਣ ਬਾਰੇ ਪਸ਼ੂ ਪਾਲਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਸਾਫ਼ ਸੁਥਰੇ ਦੁੱਧ ਦੀ ਪੈਦਾਵਾਰ, ਚੁਆਈ ਦਾ ਸਹੀ ਤਰੀਕਾ ਤੇ ਮਸ਼ੀਨ ਨਾਲ ਦੁੱਧ ਦੀ ਚੁਆਈ ਤੋਂ ਇਲਾਵਾ ਕਟੜੂਆਂ-ਵਛੜੂਆਂ ਦੇ ਸੁਚੱਜੇ ਪ੍ਰਬੰਧ ਬਾਰੇ ਮਾਹਿਰ ਜਾਣਕਾਰੀ ਦੇਣਗੇ। ਪਸ਼ੂਆਂ ਦੀ ਸਾਂਭ-ਸੰਭਾਲ ਦੇ ਤਰੀਕੇ ਤੇ ਸੰਤੁਲਿਤ ਵੰਡ-ਦਾਣਾ ਬਣਾਉਣ ਦੀਆਂ ਤਕਨੀਕਾਂ ਦੱਸੀਆਂ ਜਾਣਗੀਆਂ। ਪਸ਼ੂ ਖ਼ੁਰਾਕ 'ਚ ਧਾਤਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਜਾਏਗਾ। ਦੁਧਾਰੂਆਂ ਲਈ ਧਾਤਾਂ ਦਾ ਮਿਸ਼ਰਣ ਵੀ ਸਸਤੀ ਕੀਮਤ 'ਤੇ ਉਪਲੱਬਧ ਹੋਵੇਗਾ। ਇਸ ਤੋਂ ਇਲਾਵਾ ਪਸ਼ੂ ਪਾਲਕਾਂ ਨੂੰ ਯੂਰੋਮਿਨ ਚਾਟ ਤੇ ਸੁਬਾਬੂਲ ਚਾਟ ਬਣਾਉਣ ਦੀ ਵਿਧੀ ਦੱਸੀ ਜਾਵੇਗੀ। ਤੂੜੀ ਤੇ ਪਰਾਲੀ ਦੀ ਯੂਰੀਏ ਨਾਲ ਸੋਧ ਤੋਂ ਇਲਾਵਾ ਹਰੇ ਚਾਰੇ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਏਗਾ। ਵਾਧੂ ਹਰੇ ਚਾਰੇ ਨੂੰ ਲੰਬੇ ਸਮੇਂ ਤਕ ਸੰਭਾਲਣ ਦੇ ਤਰੀਕੇ ਤੇ ਸੁੱਕੇ ਚਾਰੇ ਤੋਂ ਅਚਾਰ ਬਣਾਉਣ ਬਾਰੇ ਪ੍ਰਦਰਸ਼ਨੀ ਲਗਾ ਕੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਪਸ਼ੂ ਖ਼ੁਰਾਕ ਤੇ ਖ਼ੁਰਾਕੀ ਵਸਤਾਂ ਨੂੰ ਪ੍ਰਯੋਗਸ਼ਾਲਾ 'ਚ ਪਰਖਣ ਦੀ ਸਹੂਲਤ ਵੀ ਮੇਲੇ 'ਚ ਪ੍ਰਦਾਨ ਕੀਤੀ ਜਾਵੇਗੀ। ਚਾਰਿਆਂ ਦੇ ਜ਼ਹਿਰਬਾਦ ਤੇ ਹੋਰ ਜ਼ਹਿਰਾਂ ਤੋਂ ਬਚਾਅ ਦੀਆਂ ਵਿਧੀਆਂ ਦੱਸੀਆਂ ਜਾਣਗੀਆਂ।

## ਪਸ਼ੂਆਂ ਦੀ ਸਿਹਤ ਸੰਭਾਲ

ਪਸ਼ੂਆਂ ਨੂੰ ਮੁਢਲੀ ਸਹਾਇਤਾ, ਪਸ਼ੂਆਂ 'ਚ ਅਫ਼ਾਰਾ, ਲੰਙ ਮਾਰਨਾ, ਖੁਰ ਵਧਣੇ, ਲੇਵੇ ਦੀ ਸੋਜ਼ਿਸ਼, ਲਹੂ ਮੂਤਣਾ, ਧਾਤਾਂ ਦੀ ਘਾਟ ਤੋਂ ਬਚਾਅ ਬਾਰੇ ਮਾਹਿਰ ਜਾਣਕਾਰੀ ਦੇਣਗੇ। ਮਲ੍ਹੱਪਾਂ ਤੇ ਚਿੱਚੜਾਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਛੁਟਕਾਰੇ ਦੇ ਉਪਾਅ ਦੱਸੇ ਜਾਣਗੇ। ਆਪ੍ਰੇਸ਼ਨ ਰਾਹੀਂ ਇਲਾਜਯੋਗ ਰੋਗਾਂ ਸਬੰਧੀ ਸਹੂਲਤਾਂ ਜਿਵੇਂ, ਰਸੌਲੀ, ਸਰਨ, ਟੁੱਟੀ ਹੱਡੀ, ਬੰਨ੍ਹ ਪੈਣਾ, ਹਰਨੀਆਂ, ਪਿਸ਼ਾਬ ਦਾ ਬੰਨ੍ਹ, ਥਣ ਦਾ ਬੰਦ ਹੋਣਾ ਆਦਿ ਬਾਰੇ ਮੌਕੇ 'ਤੇ ਇਲਾਜ ਦੱਸੇ ਜਾਣਗੇ। ਇਸ ਤੋਂ ਇਲਾਵਾ ਜਣੇਪੇ ਦੀਆਂ ਸਮੱਸਿਆਵਾਂ, ਗੂੰਗਾ ਹੇਹਾ, ਪਸ਼ੂ ਦਾ ਹੇਹੇ 'ਚ ਨਾ ਆਉਣਾ, ਵਾਰ-ਵਾਰ ਫਿਰਨਾ, ਪਿੱਛਾ ਮਾਰਨਾ, ਜ਼ੇਰ ਨਾ ਪੈਣਾ, ਬੱਚੇਦਾਨੀ ਦਾ ਵਲੇਵਾਂ ਆਦਿ ਤੋਂ ਬਚਾਅ ਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## ਜਾਂਚ ਸਹੂਲਤਾਂ

ਪਸ਼ੂਆਂ ਦੇ ਬਿਮਾਰੀਆਂ ਦੇ ਬਚਾਅ ਲਈ ਟੀਕਾਕਰਨ ਦੇ ਤਰੀਕਿਆਂ ਤੇ ਸਮਾਂ-ਸਾਰਣੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਬਿਮਾਰੀਆਂ ਦਾ ਕਾਰਨ ਲੱਭਣ ਲਈ ਦੁੱਧ, ਗੋਹਾ, ਖ਼ੂਨ, ਪਿਸ਼ਾਬ ਅਦਿ ਦੀ ਮੌਕੇ 'ਤੇ ਜਾਂਚ ਦੀ ਸਹੂਲਤ ਵੀ ਹੋਵੇਗੀ। ਯੂਨੀਵਰਸਿਟੀ ਦੇ ਪਸ਼ੂ ਹਸਪਤਾਲ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਇਲਾਜ, ਐਕਸਰੇ, ਅਲਟਰਾਸਾਊਂਡ, ਪ੍ਰਯੋਗਸ਼ਾਲਾ, ਪੋਸਟ ਮਾਰਟਮ ਆਦਿ ਸੇਵਾਵਾਂ ਬਾਰੇ ਚਾਨਣਾ ਪਾਇਆ ਜਾਵੇਗਾ। ਪਸ਼ੂਆਂ ਤੋਂ ਇਨਸਾਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਹਲਕਾਅ, ਤਪਦਿਕ ਆਦਿ ਦੀ ਜਾਂਚ ਤੇ ਬਚਾਅ ਬਾਰੇ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ।

## ਸਹਾਇਕ ਧੰਦੇ

ਨਵੀਆਂ ਤੇ ਉੱਭਰ ਰਹੀਆਂ ਬਿਮਾਰੀਆਂ, ਜਿਵੇਂ ਸਵਾਈਨ ਫਲੂ, ਮੈਡ ਕਾਉ ਆਦਿ ਬਾਰੇ ਗਿਆਨ ਦਿੱਤਾ ਜਾਏਗਾ। ਉੱਲੀ ਰੋਗਾਂ ਤੋਂ ਬਚਾਅ ਦੇ ਉਪਾਅ ਦੱਸੇ ਜਾਣਗੇ। ਮੁਰਗੀਆਂ ਦੀਆਂ ਬਿਮਾਰੀਆਂ, ਬਰਡ ਫਲੂ ਬਾਰੇ ਚਾਨਣਾ ਪਾਇਆ ਜਾਏਗਾ। ਦੁੱਧ, ਆਂਡਿਆਂ ਤੇ ਮਾਸ ਤੋਂ ਖ਼ੁਰਾਕੀ ਪਦਾਰਥ ਬਣਾਉਣ ਬਾਰੇ ਗਿਆਨ ਦਿੱਤਾ ਜਾਏਗਾ। ਵੱਖ-ਵੱਖ ਤਕਨੀਕਾਂ, ਜਿਵੇਂ ਥਣਾਂ ਨੂੰ ਡੋਬਾ ਦੇਣਾ, ਦੁੱਧ ਦੀ ਸਹੀ ਚੁਆਈ, ਖੁਰਾਂ ਦੀ ਕਟਾਈ ਆਦਿ ਬਾਰੇ ਪ੍ਰਦਰਸ਼ਨੀ ਲਗਾਈ ਜਾਏਗੀ। ਇਸ ਤੋਂ ਇਲਾਵਾ ਮੱਛੀ ਪਾਲਣ, ਝੀਂਗਾ ਮੱਛੀ ਤੇ ਸਜਾਵਟੀ ਮੱਛੀਆਂ ਦੀ ਸਾਂਭ ਸੰਭਾਲ, ਬਿਮਾਰੀਆਂ ਆਦਿ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਪਸ਼ੂ ਪਾਲਣ, ਬੱਕਰੀ ਪਾਲਣ, ਸੂਰ ਪਾਲਣ, ਮੁਰਗੀ ਬਟੇਰ ਤੇ ਬਰਾਇਲਰ ਪਾਲਣ ਤੇ ਮੱਛੀ ਪਾਲਣ ਧੰਦਿਆਂ ਬਾਰੇ ਲਗਾਏ ਜਾਣ ਵਾਲੇ ਸਿਖਲਾਈ ਕੋਰਸਾਂ 'ਚ ਦਾਖ਼ਲੇ ਬਾਰੇ ਵੀ ਸੂਚਿਤ ਕੀਤਾ ਜਾਵੇਗਾ।

## ਸਹਿਯੋਗੀ ਵਿਭਾਗਾਂ ਦੀਆਂ ਸੇਵਾਵਾਂ

ਮੇਲੇ 'ਚ ਪਸ਼ੂ ਪਾਲਕਾਂ ਦੀਆਂ ਸਮੱਸਿਆਵਾਂ ਦੇ ਜਵਾਬ 'ਸਵਾਲ-ਜਵਾਬ' ਸੈਸ਼ਨ 'ਚ ਦਿੱਤੇ ਜਾਣਗੇ। ਪਸ਼ੂਧਨ ਨਾਲ ਸਬੰਧਤ ਵੱਖ-ਵੱਖ ਸਰਕਾਰੀ ਵਿਭਾਗ, ਜਿਵੇਂ ਪਸ਼ੂ ਪਾਲਣ ਵਿਭਾਗ, ਡੇਅਰੀ ਵਿਕਾਸ ਵਿਭਾਗ, ਮੱਛੀ ਪਾਲਣ ਵਿਭਾਗ, ਮਿਲਕਫੈੱਡ, ਮਾਰਕਫੈੱਡ ਵੀ ਆਪਣੇ ਵਿਭਾਗਾਂ ਬਾਰੇ ਜਾਣਕਾਰੀ ਦੇਣਗੇ। ਯੂਨੀਵਰਸਿਟੀ ਦੇ ਸਹਿਯੋਗ ਨਾਲ ਕੰਮ ਕਰਦੀਆਂ ਪਸ਼ੂ ਪਾਲਕਾਂ ਦੀਆਂ ਜਥੇਬੰਦੀਆਂ ਵੱਲੋਂ ਮੇਲੇ ਵਿਚ ਆਪਣੇ ਸਟਾਲ ਲਗਾਏ ਜਾਣਗੇ। ਯੂਨੀਵਰਸਿਟੀ ਵਿਚ ਪੜ੍ਹਾਈ ਅਤੇ ਵਿਦਿਆਰਥੀਆਂ ਦੇ ਦਾਖ਼ਲੇ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। •

### ਪ੍ਰਦਰਸ਼ਨੀਆਂ

ਮੇਲੇ ਵਿਚ ਵਧੀਆ ਨਸਲ ਦੇ ਜਾਨਵਰਾਂ ਜਿਵੇਂ ਮੱਝਾਂ, ਗਾਵਾਂ, ਬੱਕਰੀਆਂ, ਸੂਰ, ਖਰਗੋਸ਼, ਬਰਾਇਲਰ, ਬਟੇਰੇ, ਮੁਰਗੀਆਂ ਤੇ ਮੱਛੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਇਸ ਤੋਂ ਇਲਾਵਾ ਮੱਝਾਂ, ਵਲਾਇਤੀ ਗਾਵਾਂ, ਬੀਟਲ ਬੱਕਰੀਆਂ, ਸਤਲੁਜ ਮੁਰਗੀਆਂ, ਆਈਬੀਐੱਲ-80 ਬਰਾਇਲਰ, ਪੰਜਾਬ ਬਟੇਰ ਆਦਿ ਵੀ ਪ੍ਰਦਰਸ਼ਿਤ ਕੀਤੇ ਜਾਣਗੇ। ਪਸ਼ੂਆਂ ਦੇ ਨਸਲ ਸੁਧਾਰ ਲਈ ਵਰਤੇ ਜਾਣ ਵਾਲੇ ਸਾਨ੍ਹਾਂ, ਝੋਟਿਆਂ, ਬੱਕਰਿਆਂ ਆਦਿ ਦੀ ਵੀ ਨੁਮਾਇਸ਼ ਲਗਾਈ ਜਾਵੇਗੀ। ਇਸ ਤੋਂ ਇਲਾਵਾ ਮਸਨੂਈ ਗਰਭਦਾਨ ਤੇ ਭਰੂਣ ਤਬਾਦਲੇ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ।





# ਆਜ਼ਾਦੀ ਦੇ ਸ਼ਤਾਬਦੀ ਸਾਲ ਦੌਰਾਨ ਭਾਰਤ ਦਾ ਹੋਵੇਗਾ ਦੁਨੀਆ ਵਿੱਚ ਸਰਵੋਚ ਸਥਾਨ : ਅਮਿਤ ਸ਼ਾਹ

**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੇ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਵਿਕਸਿਤ ਰਾਸ਼ਟਰ ਬਨਣ ਦੇ ਵੱਲ ਵੱਧ ਰਿਹਾ ਹੈ। ਆਜਾਦੀ ਦਾ ਜਦੋਂ ਸ਼ਤਾਬਦੀ ਉਤਸਵ ਮਨਾਇਆ ਜਾਵੇਗਾ ਤਾਂ ਉਸ ਵਿੱਚ ਖਾਦੀ ਦਾ ਅਹਿਮ ਯੋਗਦਾਨ ਰਹੇਗਾ। ਲੱਖਾਂ ਬੁਨਕਰਾਂ ਲਈ ਖਾਦੀ ਗ੍ਰਾਮੋ ਉਦਯੋਗ ਮਜਬੂਤ ਮੰਚ ਬਣ ਰਿਹਾ ਹੈ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਰੋਹਤਕ ਸਥਿਤ ਮਹਾਰਿਸ਼ੀ ਦਿਆਨੰਦ ਯੂਨੀਵਰਸਿਟੀ ਪਰਿਸਰ ਵਿੱਚ ਆਯੋਜਿਤ ਖਾਦੀ ਕਾਰੀਗਰ ਮਹੋਤਸਵ ਵਿੱਚ ਕਾਰੀਗਰਾਂ ਨਾਲ ਸੰਵਾਦ ਕਰ ਰਹੇ ਸਨ। ਸ੍ਰੀ ਅਮਿਤ ਸ਼ਾਹ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਾਲ ਮੌਜੂਦ ਕਾਰੀਗਰਾਂ ਨੂੰ ਆਧੁਨਿਕ ਮਸ਼ੀਨ, ਟੂਲ ਕਿੱਟਸ ਅਤੇ ਪੀਐਮਈਜੀਪੀ ਤਹਿਤ 301 ਕਰੋੜ ਰੁਪਏ ਦੀ ਮਾਰਜਨ ਮਨੀ ਵੰਡ ਕੇ ਉਨ੍ਹਾਂ ਨੂੰ ਸਵਦੇਸ਼ ਤੋਂ ਸਵਾਵਲੰਬਨ ਦੀ ਦਿਸ਼ਾ ਵਿੱਚ ਕਦਮ ਵਧਾਉਣ ਲਈ ਪ੍ਰੋਤਸਾਹਿਤ ਕੀਤਾ। ਨਾਲ ਹੀ ਕੇਂਦਰੀ ਮੰਤਰੀ ਨੇ ਪੀਐਮਈਜੀਪੀ ਇਕਾਈਆਂ, ਕੇਂਦਰੀ ਪੂਨੀ ਪਲਾਂਟ ਅਤੇ ਖਾਦੀ ਗ੍ਰਾਮੋ ਉਦਯੋਗ ਭਵਨਾਂ ਦਾ ਵਰਚੁਅਲ ਉਦਘਾਟਨ ਵੀ ਕੀਤਾ ਜਿਨ੍ਹਾਂ ਵਿੱਚ ਹਰਿਆਣਾ ਦੇ ਪੰਚਕੂਲਾ ਵਿੱਚ ਨਵੇਂ ਨਿਰਮਾਣਤ ਖਾਦੀ ਗ੍ਰਾਮੋ ਉਦਯੋਗ ਆਯੋਗ ਦਫਤਰ ਤੇ ਗੋਦਾਮ ਦਾ ਉਦਘਾਟਨ ਵੀ ਸ਼ਾਮਿਲ ਹੈ।

ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਆਜਾਦੀ ਦੇ ਬਾਅਦ ਪਹਿਲਾਂ ਦੀ ਸਰਕਾਰਾਂ ਨੇ ਖਾਦੀ ਦੇ ਵੱਲ ਬਿਲਕੁੱਲ ਵੀ ਧਿਆਨ ਨਹੀਂ ਦਿੱਤਾ ਅਤੇ ਖਾਦੀ ਗ੍ਰਾਮੋਉਦਯੋਗ ਦੀ ਪੂਰੀ ਤਰ੍ਹਾ ਨਾਲ ਅਣਦੇਖੀ ਕੀਤੀ। ਉਨ੍ਹਾਂ ਨੇ ਕਿਹਾ ਕਿ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਖਾਦੀ ਨੂੰ ਵਿਕਸਿਤ ਕਰਨ ਦਾ ਸੰਕਲਪ ਕੀਤਾ ਅਤੇ ਖਾਦੀ ਗ੍ਰਾਮੋਉਦਯੋਗ ਨੂੰ ਮੁੜ ਜਿੰਦਾ ਕਰਨ ਦਾ ਕੰਮ ਕੀਤਾ। ਉਨ੍ਹਾਂ ਨੇ ਦਸਿਆ ਕਿ ਪ੍ਰਧਾਨ ਮੰਤਰੀ ਸ੍ਰੀ ਮੋਦੀ ਦੀ ਖਾਦੀ ਪ੍ਰਤੀ ਦਿਲਚਸਪੀ ਅਤੇ ਬੁਨਕਰਾਂ ਦੇ ਪ੍ਰਤੀ ਉਨ੍ਹਾਂ ਦਾ ਲਗਾਵ ਹੋਣ ਦੇ ਕਾਰਨ ਮੋਦੀ ਸਰਕਾਰ ਦੇ ਕੇਂਦਰ ਵਿੱਚ 11 ਸਾਲ ਦੇ ਬਾਅਦ ਵਿੱਚ 33 ਹਜਾਰ ਕਰੋੜ ਰੁਪਏ ਤੋਂ ਵੱਧ ਕੇ 1 ਲੱਖ 70 ਹਜਾਰ ਕਰੋੜ ਰੁਪਏ ਖਾਦੀ ਦਾ ਕਾਰੋਬਾਰ ਪਹੁੰਚ ਗਿਆ ਹੈ। ਇੰਨ੍ਹਾ ਹੀ ਨਹੀਂ ਇਸ ਵੱਧਦੇ ਟਰਨ ਓਵਰ ਦਾ ਲਾਭ ਕਿਸੇ ਵਿਅਕਤੀ ਵਿਸ਼ੇਸ਼ ਪੂੰਜੀਪਤੀ ਨੂੰ ਨਾ ਮਿਲ ਕੇ ਮੇਰੇ ਦੇਸ਼ ਦੇ ਬੁਣਕਰਾਂ ਨੂੰ ਮਿਲਿਆ ਹੈ। ਅੱਜ ਪੈਕੇਜਿੰਗ ਤੇ ਮਾਰਕਟਿੰਗ ਦੀ ਚੰਗੀ ਵਿਵਸਥਾ ਖਾਦੀ ਗ੍ਰਾਮੋਉਦਯੋਗ ਵੱਲੋਂ ਕੀਤੀ ਗਈ ਹੈ। ਉਨ੍ਹਾਂ ਨੇ ਦਸਿਆ ਕਿ ਅੱਜ ਸਵੈਚਾਲਿਤ ਚਾਕ, ਲੇਦਰ ਮਸ਼ੀਨ, ਚਰਖੀ ਸਮੇਤ 12 ਤਰ੍ਹਾ ਦੀ ਮਸ਼ੀਨਾਂ ਤੇ ਮਾਰਜਨ ਮਨੀ ਦੀ ਵੰਡ ਬੁਣਕਰਾਂ ਨੂੰ ਕਰਦੇ ਹੋਏ ਉਹ ਪ੍ਰਫੂਲਿਤ ਹਨ।

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਨੇ ਕਿਹਾ ਕਿ ਆਜਾਦੀ ਦੇ ਸਮੇਂ ਸਵਰਾਜ ਦੀ ਜੋ ਕਲਪਣਾ ਕੀਤੀ ਗਈ ਸੀ ਉਹ ਸਵਦੇਸ਼ੀ ਤੇ ਸਵਭਾਸ਼ਾ ਦੇ ਬਿਨ੍ਹਾ ਅਧੂਰਾ ਹੈ, ਅਜਿਹੇ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਦੇਸ਼ ਨੂੰ 140 ਕਰੋੜ ਦੀ ਜਨਤਾ ਨੂੰ ਸਵਦੇਸ਼ੀ ਵਸਤੂਆਂ ਨੂੰ ਅਪਨਾਉਣ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਆਤਮਨਿਰਭਰ ਭਾਰਤ ਦੀ ਕਲਪਣਾ ਤੇ ਸਵਦੇਸ਼ੀ ਦਾ ਨਾਰਾ ਹਰ ਭਾਰਤਵਾਸੀ ਲਈ ਲਾਭਕਾਰੀ ਹੋਵੇਗਾ। ਉਨ੍ਹਾਂ ਨੇ ਦਸਿਆ ਕਿ ਪ੍ਰਧਾਨ ਮੰਤਰੀ ਨੇ ਹਾਲ ਹੀ ਵਿੱਚ 395 ਤੋਂ ਵੱਧ ਵਸਤੂਆਂ 'ਤੇ ਜੀਐਸਟੀ ਘੱਟ ਕਰ ਕੇ ਦੀਵਾਲੀ ਦਾ ਤੋਹਫਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਖਾਦੀ ਦੀ ਦੇਸ਼ ਦੀ ਅਰਥਵਿਵਸਥਾ ਨੂੰ ਮਜਬੂਤ ਕਰਨ ਵਿੱਚ ਅਹਿਮ ਭੂਮਿਕਾ ਹੈ। ਉਨ੍ਹਾਂ ਨੇ ਕਿਹਾ ਕਿ ਖਾਦੀ ਫਾਰ ਨੇਸ਼ਨ ਦੇ ਨਾਲ ਹੀ ਖਾਦੀ ਫਾਰ ਫੈਸ਼ਨ ਬਨਾਉਣਾ ਹੈ ਜਿਸ ਵਿੱਚ ਹਰ ਭਾਰਤੀ ਦੀ ਅਹਿਮ ਭਾਗੀਦਾਰੀ ਰਹੇਗੀ। ਉਨ੍ਹਾਂ ਨੇ ਮਹੋਤਸਵ ਵਿੱਚ ਆਮਜਨਤਾ ਨੂੰ ਅਪੀਲ ਕੀਤੀ ਕਿ ਖਾਦੀ ਨੂੰ ਅਪਨਾਉਣ, ਸਵਦੇਸ਼ੀ ਨੂੰ ਵਧਾਉਣ ਅਤੇ ਦੇਸ਼ ਨੂੰ ਆਤਮਨਿਰਭਰ ਬਨਾਉਣ।

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਦਾ ਹਰਿਆਣਾ ਦੀ ਧਰਤੀ 'ਤੇ ਪਹੁੰਚਣ 'ਤੇ ਸਵਾਗਤ ਕਰਦੇ ਹੋਏ ਕਿਹਾ ਕਿ ਖਾਦੀ ਸਾਡੀ ਵਿਰਾਸਤ ਹੈ ਅਤੇ ਖਾਦੀ ਦੇ ਉਤਪਾਦ ਲੋਕਲ ਟੂ ਗਲੋਬਲ ਦੀ ਦਿਸ਼ਾ ਵਿੱਚ ਤੇਜ ਗਤੀ ਨਾਲ ਲਗਾਤਾਰ ਅੱਗੇ ਵੱਧ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਆਤਮਨਿਰਭਰ ਭਾਰਤ ਦਾ ਮਜਬੂਤ ਸਰੋਤ ਖਾਦੀ ਗ੍ਰਾਮੋਉਦਯੋਗ ਬਣ ਚੁੱਕਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਖਾਦੀ ਨੇ ਵਿਲੱਖਣ ਵਾਧਾ ਦਰਜ ਕੀਤਾ ਹੈ ਅਤੇ ਇਹ ਹੁਣ ਕੌਮਾਂਤਰੀ ਪੱਧਰ 'ਤੇ ਵੀ ਆਪਣੀ ਪਹਿਚਾਣ ਬਣਾ ਰਹੀ ਹੈ। ਇਹ ਖਾਦੀ ਪ੍ਰੋਗਰਾਮ ਆਤਮਨਿਰਭਰ ਭਾਰਤ ਦਾ ਉਤਸਵ ਹੈ, ਜਿਸ ਦਾ ਵਿਜਨ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾ ਦੇ ਆਯੋਜਨ ਤੇ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਹਰਿਆਣਾ ਵਿੱਚ ਖਾਦੀ ਨਾਲ ਜੁੜੀ ਗਤੀਵਿਧੀਆਂ ਨੂੰ ਹੋਰ ਤੇਜੀ ਮਿਲੇਗੀ। ਉਨ੍ਹਾਂ ਨੇ ਆਮਜਨਤਾ ਨੂੰ ਅਪੀਲ ਕੀਤੀ ਕਿ ਉਹ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਬਾਇ ਇੰਡੀਅਨ-ਬਿਲਡ ਇੰਡੀਆ ਦੇ ਨਾਰੇ ਨੂੰ ਆਤਮਸਾਤ ਕਰਦੇ ਹੋਏ ਖਾਦੀ ਅਪਨਾਉਣ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾਵਾਸੀਆਂ ਲਈ ਮਾਣ ਦਾ ਵਿਸ਼ਾ ਹੈ ਕਿ ਅੱਜ ਹਰਿਆਣਾ ਦੀ ਸ਼ਾਨ ਦਾ ਪ੍ਰਤੀਕ, ਹਰਿਆਣਾ ਖਾਦੀ ਪਗੜੀ ਦਾ ਉਦਘਾਟਨ ਵੀ ਗ੍ਰਹਿ ਮੰਤਰੀ ਦੇ ਕਰ-ਕਮਲਾਂ ਨਾਲ ਕੀਤਾ ਗਿਆ। ਇਹ ਪ੍ਰੋਗ੍ਰਾਮ ਸਵਦੇਸ਼ੀ ਦਾ ਉਤਸਵ ਹੈ। ਮੁੱਖ ਮੰਤਰੀ ਨੇ ਖਾਦੀ ਦੇ ਵਿਕਾਸ ਤੇ ਸਵਦੇਸ਼ੀ ਉਤਪਾਦਾਂ 'ਤੇ ਚਰਚਾ ਕਰਦੇ ਹੋਏ ਕਿਹਾ ਕਿ ਇੱਕ ਸਮੇਂ ਸੀ ੧ਦੋਂ ਖਾਦੀ ਨੂੰ ਸਿਰਫ ਆਜਾਦੀ ਨਾਲ ਜੋੜਿਆ ਜਾਂਦਾ ਸੀ ਪਰ ਅੱਜ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਦੂਰਦਰਸ਼ੀ ਅਗਵਾਈ ਅਤੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਯਤਨਾਂ ਨਾਲ ਖਾਦੀ, ਆਤਮਨਿਰਭਰ ਭਾਰਤ ਦਾ ਸੱਭ ਤੋਂ ਸ਼ਕਤੀਸ਼ਾਲੀ ਸਰੋਤ ਬਣ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦਾ ਸੰਕਲਪ ਹੈ ਕਿ ਦਜੋਂ ਸਾਲ 2047 ਵਿੱਚ ਭਾਰਤ ਵਿਕਸਿਤ ਰਾਸ਼ਟਰ ਬਣੇਗਾ ਤਾਂ ਹਰਿਆਣਾ ਦੀ ਅਰਥਵਿਵਸਥਾ ਇੱਕ ਟ੍ਰਿਲਿਅਨ ਡਾਲਰ ਦੀ ਹੋਵੇਗੀ। ਇਸ ਵਿੱਚ ਖਾਦੀ ਅਤੇ ਐਮਐਸਐਮਈ ਦੀ ਸ਼ਲਾਘਾਯੋਗ ਭੂਮਿਕਾ ਰਹੇਗੀ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਹਿਕਾਰ ਨਾਲ ਖੁਸ਼ਹਾਲੀ ਦੇ ਮੰਤਰੀ ਨੂੰ ਅੱਗੇ ਵਧਾਉਂਦੇ ਹੋਏ ਰਾਸ਼ਟਰੀ ਸਹਿਕਾਰਤਾ ਨੀਤੀ-2025 ਲਾਗੂ ਕੀਤੀ ਹੈ ਜਿਸ ਵਿੱਚ ਪਿੰਡ, ਖੇਤੀਬਾੜੀ, ਗ੍ਰਾਮੀਣ ਮਹਿਲਾਵਾਂ, ਦਲਿਤ ਅਤੇ ਆਦੀਵਾਸੀ ਕੇਂਦਰ ਵਿੱਚ ਰੱਖੇ ਗਏ ਹਨ। ਇਹ ਗਤੀ ਪਾਰਦਰਸ਼ਿਤਾ, ਤਕਨੀਕ ਅਤੇ ਮੈਂਬਰਾਂ ਦੇ ਹਿੱਤਾਂ ਨੂੰ ਪ੍ਰਾਥਮਿਕਤਾ ਦਿੰਦੀ ਹੈ, ਜਿਸ ਨਾਲ ਸਹਿਕਾਰੀ ਇਕਾਈਆਂ ਅੱਜ ਕਾਰਪੋਰੇਟ ਖੇਤਰ ਦੀ ਬਰਾਬਰੀ 'ਤੇ ਖੜੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਸਵਦੇਸ਼ੀ, ਵੋਕਲ ਫਾਰ ਲੋਕਲ ਅਤੇ ਮੇਕ ਇਨ ਇੰਡੀਆ ਦਾ ੧ ਅਪੀਲ ਕੀਤੀ ਹੈ, ਉਸ ਨਾਲ ਹਰ ਘਰ ਸਵਦੇਸ਼ੀ, ਘਰ-ਘਰ ਸਵਦੇਸ਼ੀ ਦੀ ਭਾਵਨਾ ਨੂੰ ਜੋਰ ਮਿਲ ਰਿਹਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਜੀ ਨੇ ਜੀਐਸਟੀ ਸੁਧਾਰਾਂ ਰਾਹੀਂ ਅਰਥਵਿਵਸਥਾ ਵਿੱਚ ਨਵੀਂ ਜਾਨ ਪਾਈ ਹੈ, ਜਿਸ ਨਾਲ ਸਥਾਨਕ ਉਤਪਾਦਾਂ ਨੂੰ ਪ੍ਰੋਤਸਾਹਨ ਮਿਲਿਆ ਹੈ ਅਤੇ ਲਾਗਤ ਵੀ ਘੱਟ ਹੋਈ ਹੈ। ਹਰਿਆਣਾ ਵਿੱਚ ਜੀਐਸਟੀ ਦੀ ਨਵੀਂ ਸਲੈਬ ਪ੍ਰਣਾਲੀ ਨਾਲ ਲਗਭਗ 4 ਹਜਾਰ ਕਰੋੜ ਰੁਪਏ ਦਾ ਲਾਭ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਦੇ ਕਰ-ਕਮਲਾਂ ਨਾਲ ਰੋਹਤਕ ਤੋਂ ਅਜਿਹੀ ਮਸ਼ੀਨ ਕਾਰੀਗਰ ਭਰਾਵਾਂ ਅਤੇ ਭੈਣਾਂ ਨੂੰ ਵੰਡੀ ਜਾ ਰਹੀ ਹੈ, ਜਿਨ੍ਹਾਂ ਨੇ ਰਿਵਾਇਤੀ ਮਸ਼ੀਨਾਂ ਦਾ ਸਥਾਨ ਲੈ ਲਿਆ ਹੈ। ਇਸ ਤੋਂ ਇਲਾਵਾ, ਕਾਰੀਗਰਾਂ ਨੂੰ ਖਾਦੀ ਅਤੇ ਸੂਖਤ, ਲਘੂ ਅਤੇ ਮੱਧਮ ਉਦਯੋਗਾਂ ਨਾਲ ਜੁੜੀ ਅਨੇਕ ਯੋਜਨਾਵਾਂ ਦਾ ਲਾਭ ਵੀ ਮਿਲ ਰਿਹਾ ਹੈ। ਉਨ੍ਹਾਂ ਨੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਹਰਿਆਣਾ ਸਰਕਾਰ ਸਵਦੇਸ਼ੀ ਅਤੇ ਆਤਮਨਿਰਭਰ ਭਾਰਤ ਦੇ ਨਿਰਮਾਣ ਵਿੱਚ ਮੋਹਰੀ ਭੂਮਿਕਾ ਨਿਭਾਏਗੀ। ਖਾਦੀ ਕਾਰੀਗਰ ਮਹੋਤਸਵ ਵਿੱਚ ਖਾਦੀ ਗ੍ਰਾਮੋਉਦਯੋਗ ਆਯੋਗ ਦੇ ਚੇਅਰਮੇਨ ਮਨੋਜ ਕੁਮਾਰ ਨੇ ਕਿਹਾ ਕਿ ਖਾਦੀ ਅੱਜ ਸਿਰਫ ਰਿਵਾਇਤ ਅਤੇ ਸਵਦੇਸ਼ੀ ਦਾ ਪ੍ਰਤੀਕ ਨਹੀਂ ਰਹੀ ਸਗੋ ਇਹ ਨੌਜੁਆਨਾਂ ਦੇ ਲਈ ਫੈਸ਼ਨ ਅਤੇ ਆਤਮਨਿਰਭਰਤਾ ਦਾ ਮਾਧਿਅਮ ਬਣ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਖਾਦੀ ਨਾਲ ਨਾਂ ਸਿਰਫ ਗ੍ਰਾਮੀਣ ਅੰਚਲਾਂ ਵਿੱਚ ਰੁਜਗਾਰ ਸ੍ਰਿਜਨ ਹੋ ਰਹੇ ਹਨ ਸਗੋ ਮਹਿਲਾਵਾਂ ਨੂੰ ਆਤਮਨਿਰਭਰ ਬਨਾਉਣ ਵਿੱਚ ਵੀ ਇਹ ਮਹਤੱਵਪੂਰ ਭੂਮਿਕਾ ਨਿਭਾ ਰਹੀ ਹੈ।

ਉਨ੍ਹਾਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਜੇਕਰ ਸਹਿਕਾਰਤਾ ਅਤੇ ਖਾਦੀ ਇੱਕਠੇ ਅੱਗੇ ਵੱਧਣ ਤਾਂ ਇਹ ਦੇਸ਼ ਦੀ ਆਰਥਕ ਅਤੇ ਸਮਾਜਿਕ ਸਸ਼ਕਤੀਕਰਣ ਯਾਤਰਾ ਨੂੰ ਨਵੀਂ ਦਿਸ਼ਾ ਦੇਣਗੇ। ਇਸ ਮੌਕੇ 'ਤੇ ਕੇਂਦਰੀ ਰਾਜ ਮੰਤਰੀ ਰਾਓ ਇੰਦਰਜੀਤ ਸਿੰਘ, ਕ੍ਰਿਸ਼ਣ ਪਾਲ ਗੁੱਜਰ, ਹਰਿਆਣਾ ਦੇ ਸਹਿਕਾਰਤਾ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ, ਭਾਜਪਾ ਸੂਬਾ ਪ੍ਰਧਾਨ ਮੋਹਨ ਲਾਲ ਕੌਸ਼ਿਕ, ਸਾਂਸਦ ਧਰਮਬੀਰ ਸਿੰਘ, ਰਾਜਸਭਾ ਸਾਂਸਦ ਰਾਮਚੰਦਰ ਜਾਂਗੜਾ ਸਮੇਤ ਹੋਰ ਮਾਣਯੋਗ ਤੇ ਪ੍ਰਸਾਸ਼ਨਿਕ ਅਧਿਕਾਰੀ ਮੌਜੂਦ ਰਹੇ।

# ਯੁਵਕ ਸੇਵਾਵਾਂ ਵਿਭਾਗ ਵੱਲੋਂ ਰੈੱਡ ਰਿਬਨ ਕਲੱਬਾਂ ਦੀ ਜ਼ਿਲ੍ਹਾ ਪੱਧਰੀ ਐਡਵੋਕੇਸੀ ਮੀਟਿੰਗ ਅਤੇ ਨਾਟਕ ਮੁਕਾਬਲੇ ਆਯੋਜਿਤ



**ਗੁਰਦਾਸਪੁਰ,8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਦੇ ਆਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਅੱਜ ਗੁਰਦਾਸਪੁਰ ਜ਼ਿਲ੍ਹੇ ਦੀਆਂ ਰੈੱਡ ਰਿਬਨ ਕਲੱਬਾਂ ਦੀ ਜ਼ਿਲ੍ਹਾ ਪੱਧਰੀ ਐਡਵੋਕੇਸੀ ਮੀਟਿੰਗ ਆਯੋਜਿਤ ਕੀਤੀ ਗਈ। ਇਹ ਮੀਟਿੰਗ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ, ਦੀਨਾਨਗਰ ਵਿਖੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਗੁਰਦਾਸਪੁਰ, ਸ਼੍ਰੀ ਰਵੀ ਦਾਰਾ ਦੀ ਅਗਵਾਈ ਹੇਠ, ਨੋਡਲ ਅਫਸਰ ਡਾ. ਸੰਗੀਤਾ ਮਲਹੋਤਰਾ ਅਤੇ ਵਿਸ਼ਾਲ ਜੀ ਦੀ ਦੇਖਰੇਖ ਹੇਠ ਸੰਪੰਨ ਹੋਈ।

ਇਸ ਮੌਕੇ ਸਹਾਇਕ ਡਾਇਰੈਕਟਰ ਰਵੀ ਦਾਰਾ ਨੇ ਸਾਰੇ ਕਾਲਜਾਂ ਦੇ ਨੋਡਲ ਅਫਸਰਾਂ ਦਾ ਸਵਾਗਤ ਕੀਤਾ ਅਤੇ ਜਾਣਕਾਰੀ ਦਿੱਤੀ ਕਿ ਰੈੱਡ ਰਿਬਨ ਕਲੱਬਾਂ ਵੱਲੋਂ ਨੌਜਵਾਨਾਂ ਅਤੇ ਆਮ ਲੋਕਾਂ ਵਿੱਚ ਨਸ਼ਿਆਂ ਤੋਂ ਬਚਾਅ, ਐਚ.ਆਈ.ਵੀ./ਏਡਜ਼, ਟੀ.ਬੀ. ਦੀ ਰੋਕਥਾਮ ਅਤੇ ਖ਼ੂਨਦਾਨ ਪ੍ਰਤੀ ਜਾਗਰੂਕਤਾ ਫੈਲਾਈ ਜਾਵੇਗੀ। ਇਸਦੇ ਨਾਲ-ਨਾਲ ਨੌਜਵਾਨਾਂ ਨੂੰ ਖ਼ੂਨਦਾਨ ਲਈ ਪ੍ਰੇਰਿਤ ਕਰਨ ਉੱਤੇ ਵੀ ਖ਼ਾਸ ਧਿਆਨ ਦਿੱਤਾ ਜਾਵੇਗਾ।

ਮੀਟਿੰਗ ਦੌਰਾਨ ਸਾਲ 2025-26 ਲਈ ਰੈੱਡ ਰਿਬਨ ਕਲੱਬਾਂ ਦੇ ਕਾਰਜਾਂ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਰਵੀ ਦਾਰਾ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਕਲੱਬਾਂ ਵੱਲੋਂ ਅਡਾਪਟ ਕੀਤੇ ਪਿੰਡਾਂ ਵਿੱਚ ਐਚ.ਆਈ.ਵੀ./ਏਡਜ਼ ਅਤੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ।

ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਦੇ ਨੋਡਲ ਅਫਸਰ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਸਟੇਟ ਯੂਥ ਅਵਾਰਡੀ ਸ਼੍ਰੀ ਤੇਜ ਪ੍ਰਤਾਪ ਸਿੰਘ ਕਾਹਲੋਂ ਨੇ ਆਪਣੇ ਸੰਬੋਧਨ ਦੌਰਾਨ ਨਸ਼ੇ, ਏਡਜ਼ ਅਤੇ ਹੋਰ ਬੁਰਾਈਆਂ ਵਿਰੁੱਧ ਨੌਜਵਾਨਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਨੇ ਸਟੇਟ ਯੂਥ ਅਵਾਰਡ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਕਾਲਜ ਦੀ ਪ੍ਰਿੰਸੀਪਲ ਡਾ. ਸਰਲਾ ਨਿਰੰਕਾਰੀ ਨੇ ਸਾਰੇ ਮਾਣਯੋਗ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ।

ਮੀਟਿੰਗ ਤੋਂ ਪਹਿਲਾਂ ਰੈੱਡ ਰਿਬਨ ਕਲੱਬਾਂ ਵੱਲੋਂ ਪੰਜਾਬ ਏਡਜ਼ ਕੰਟਰੋਲ ਸੋਸਾਇਟੀ ਚੰਡੀਗੜ੍ਹ ਦੇ ਸਹਿਯੋਗ ਨਾਲ ਨਾਟਕ ਮੁਕਾਬਲੇ ਵੀ ਕਰਵਾਏ ਗਏ। ਇਨ੍ਹਾਂ ਵਿੱਚ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੀਨਾਨਗਰ ਨੇ ਪਹਿਲਾ ਸਥਾਨ, ਬਾਬਾ ਅਜੇ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਨੇ ਦੂਜਾ ਅਤੇ ਪੰਡਿਤ ਮੋਹਨ ਲਾਲ ਕਾਲਜ ਫਾਰ ਵੂਮੈਨ ਗੁਰਦਾਸਪੁਰ ਨੇ ਤੀਜਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਇਨਾਮ ਸਨਮਾਨਿਤ ਸ਼ਖ਼ਸੀਅਤਾਂ ਵੱਲੋਂ ਵੰਡੇ ਗਏ।ਸਟੇਜ ਦਾ ਸੰਚਾਲਨ ਪ੍ਰੋ. ਡਾ. ਪੂਜਾ ਮਹਾਜਨ ਨੇ ਬਖ਼ੂਬੀ ਨਿਭਾਇਆ। ਇਸ ਮੌਕੇ ਨੋਡਲ ਅਫਸਰ ਪ੍ਰਭਨੀਤ ਕੌਰ, ਮਨਜੀਤ ਕੌਰ, ਗੁਰਦੀਪ ਕੌਰ, ਸੁਖਬੀਰ ਕੌਰ, ਮਨਜੀਤ ਸਿੰਘ ਆਦਿ ਵੀ ਹਾਜ਼ਰ ਸਨ

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਦੇ ਸਹਿਕਾਰ ਨਾਲ ਸਮਿਰੱਧੀ ਮੰਤਰ ਨੇ ਸਹਿਕਾਰੀ ਅੰਦੋਲਨ ਨੂੰ ਦਿੱਤੀ ਨਵੀਂ ਦਿਸ਼ਾ : ਮੁੱਖ ਮੰਤਰੀ

**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਬਰ ਡੇਅਰੀ (ਅਮੂਲ) ਪਲਾਂਟ ਨਾ ਸਿਰਫ ਹਰਿਆਣਾ ਸਗੋ ਪੂਰੇ ਉੱਤਰ ਭਾਰਤ ਨੂੰ ਦੁੱਧ ਜਰੂਰਤਾਂ ਦੀ ਪੂਰਤੀ ਕਰੇਗਾ, ਨਾਲ ਹੀ ਰੁਜ਼ਗਾਰ ਦੇ ਨਵੇਂ ਮੌਕੇ ਵੀ ਸ੍ਰਿਜਤ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੇ ਸਹਿਕਾਰ ਤੋਂ ਸਮਰਿੱਧੀ ਮੰਤਰ ਨੇ ਸਹਿਕਾਰੀ ਅੰਦੋਲਨ ਨੂੰ ਨਵੀਂ ਦਿਸ਼ਾ ਦਿੱਤੀ ਹੈ। ਸਾਲ 2021 ਵਿੱਚ ਸਹਿਕਾਰਤਾ ਮੰਤਰਾਲੇ ਦੀ ਸਥਾਪਨਾ ਇਸੀ ਸੋਚ ਦਾ ਨਤੀਜਾ ਹੈ, ਅਤੇ ਅੱਜ ਕੌਮੀ ਸਹਿਕਾਰਤਾ ਨੀਤੀ 2025 ਇਸੀ ਦਾ ਇੱਕ ਮਹਤੱਵਪੂਰਣ ਪ੍ਰਤੀਫੱਲ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅੱਜ ਰੋਹਤਕ ਵਿੱਚ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਸਾਬਰ ਡੇਅਰੀ (ਅਮੂਲ) ਪਲਾਂਟ ਦੇ ਦੂਜੇ ਪੜਾਅ ਦੇ ਉਦਘਾਅਨ ਸਮਾਰੋਹ ਦੇ ਮੌਕੇ 'ਤੇ ਆਪਣਾ ਸੰਬੋਧਨ ਦੇ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਅਮੂਲ ਸਿਰਫ ਦੁੱਧ ਅਤੇ ਡੇਅਰੀ ਉਤਪਾਦਾਂ ਦਾ ਬ੍ਰਾਂਡ ਨਹੀਂ, ਸਗੋ ਭਾਰਤ ਦੇ ਸਹਿਕਾਰੀ ਅੰਦੋਲਨ ਦੀ ਤਾਕਤ ਹੈ। ਰੋਹਤਕ ਦਾ ਇਹ ਆਧੁਨਿਕ ਪਲਾਂਟ ਦਿੱਲੀ-ਐਨਸੀਆਰ ਅਤੇ ਉੱਤਰ ਭਾਰਤ ਵਿੱਚ ਦੁੱਧ ਉਤਪਾਦਾਂ ਦੀ ਮੰਗ ਪੂਰੀ ਕਰਨ ਦੇ ਨਾਲ ਹਰਿਆਣਾਂ ਦੀ ਗ੍ਰਾਮੀਣ ਅਰਥਵਿਵਸਕਾ ਨੂੰ ਨਵੀਂ ਉਰਜਾ ਦਵੇਗਾ। ਉਨ੍ਹਾਂ ਨੇ ਕਿਹਾ ਕਿ ਇਹ ਪਲਾਂਟ ਜਨਵਰੀ 2015 ਵਿੱਚ ਸ਼ੁਰੂ ਹੋਇਆ ਸੀ ਅਤੇ ਹੁਣ ਇਸ ਦੇ ਵਿਸਤਾਰ ਵਿੱਚ 325 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਇਸ ਵਿਸਤਾਰ ਦੇ ਬਾਅਦ ਇਹ ਪਲਾਂਟ ਦਹੀ, ਲੱਸੀ ਅਤੇ ਯੋਗਾਰਟ ਦੇ ਉਤਪਾਦਨ ਦਾ ਦੇਸ਼ ਦਾ ਸੱਭ ਤੋਂ ਵੱਡਾ ਪਲਾਂਟ ਬਣ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਨਾ ਸਿਰਫ ਕਿਸਾਨਾਂ ਨੂੰ ਬਿਹਤਰ ਮੁੱਲ ਮਿਲੇਗਾ ਸਗੋ ਹਜਾਰਾਂ ਨੌਜੁਆਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਸ੍ਰਿਜਤ ਹੋਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਸਹਿਕਾਰੀ ਸੰਸਥਾਵਾਂ ਰਾਹੀਂ ਘੱਟ ਵਿਆਜ 'ਤੇ ਕਰਜ਼ਾ ਉਪਲਬਧ ਕਰਵਾ ਰਹੀ ਹੈ। ਹੈਫੇਡ ਵੱਲੋਂ ਉਨੱਤ ਕਿਸਮ ਦਾ ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਸਮੇਂ 'ਤੇ ਉਪਲਬਧ ਕਰਾਈ ਜਾ ਰਹੀਆਂ ਹਨ। ਸ਼ੂਗਰ ਫੇਡਰੇਸ਼ਨ ਵੱਲੋਂ ਗੰਨਾ ਕਿਸਾਨਾਂ ਨੂੰ 400 ਰੁਪਏ ਪ੍ਰਤੀ ਕੁਇੰਟਲ ਦਾ ਮੁੱਲ ਦਿੱਤਾ ਜਾ ਰਿਹਾ ਹੈ ਅਤੇ ਛੇ ਸਹਿਕਾਰੀ ਖੰਡ ਮਿੱਲਾਂ ਸੰਚਾਲਿਤ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇਸ਼ ਵਿੱਚ ਦੁੱਧ ਉਤਪਾਦਨ ਵਿੱਚ ਤੀਜੇ ਸਥਾਨ 'ਤੇ ਹੈ, ਜਿੱਥੇ ਪ੍ਰਤੀ ਵਿਅਕਤੀ ਦੁੱਧ ਦੀ ਉਪਲਬਧਤਾ 1105 ਗ੍ਰਾਮ ਰੋਜ਼ਾਨਾ ਹੈ ਅਤੇ ਸਾਲਾਨਾ ਉਤਪਾਦਨ 122 ਲੱਖ 20 ਹਜਾਰ ਟਨ ਤੱਕ ਪਹੁੰਚ ਗਿਆ ਹੈ। ਸਹਿਕਾਰੀ ਦੁੱਧ ਕਮੇਟੀਆਂ ਰਾਹੀਂ ਉਤਪਾਦਕਾਂ ਨੂੰ 2015 ਤੋਂ ਦੁਰਘਟਨਾ ਬੀਮਾ ਯੋਜਨਾ ਦਾ ਲਾਭ ਦਿੱਤਾ ਜਾ ਰਿਹਾ ਹੈ। ਵਿੱਤ ਸਾਲ 2023-24 ਵਿੱਚ ਇਸ ਦੀ ਬੀਮਾ ਰਕਮ ਨੂੰ ਵਧਾ ਕੇ 10 ਲੱਖ ਰੁਪਏ ਕਰ ਦਿੱਤੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਸਹਿਕਾਰੀ ਕਮੇਟੀਆਂ ਦੇ ਮੈਂਬਰ ਪਰਿਵਾਰਾਂ ਦੀ ਬੇਟੀਆਂ ਨੂੰ ਵਿਆਹ 'ਤੇ 1100 ਰੁਪਏ, ਸਕਾਲਰਸ਼ਿਪ ਯੋਜਨਾ ਤਹਿਤ 10ਵੀਂ ਤੇ 12ਵੀਂ ਵਿੱਚ 80% ਤੋਂ ਵੱਧ ਨੰਬਰ ਲਿਆਉਣ ਵਾਲੇ ਬੱਚਿਆਂ ਨੂੰ 2100 ਤੋਂ 5100 ਰੁਪਏ ਤੱਕ ਦੀ ਪ੍ਰੋਤਸਾਹਨ ਰਕਮ ਦਿੱਤੀ ਜਾ ਰਹੀ ਹੈ।

ਇਸ ਮੌਕੇ 'ਤੇ ਮੁੱਖ ਮੰਤਰੀ ਨੇ ਅਪੀਲ ਕਰਦੇ ਹੋਏ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਸਹਿਕਾਰੀ ਅੰਦੋਲਨ ਨੂੰ ਹੋਰ ਮਜਬੂਤ ਬਨਾਉਣ ਅਤੇ ਇੱਕ ਖੁਸ਼ਹਾਲ, ਵਿਕਸਿਤ ਹਰਿਆਣਾ ਦੇ ਨਿਰਮਾਣ ਵਿੱਚ ਯੋਗਦਾਨ ਦੇਣ। ਉਨ੍ਹਾਂ ਨੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਦਾ ਵਿਸ਼ੇਸ਼ ਧੰਨਵਾਦ ਵਿਅਕਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਕਰ-ਕਮਲਾਂ ਨਾਲ ਇਸ ਡੇਅਰੀ ਪਲਾਂਟ ਦਾ ਉਦਘਾਟਨ ਹੋਣਾ ਸਾਡੇ ਸਾਰਿਆਂ ਲਈ ਪ੍ਰੇਰਣਾਦਾਇਕ ਲੰਮ੍ਹਾ ਹੈ।

ਇਸ ਮੌਕੇ 'ਤੇ ਕੇਂਦਰੀ ਰਾਜ ਮੰਤਰੀ ਰਾਓ ਇੰਦਰਜੀਤ ਸਿੰਘ, ਕੇਂਦਰੀ ਰਾਜ ਸਹਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਪਾਲ ਗੁੱਜਰ, ਹਰਿਆਣਾਂ ਦੇ ਸਹਿਕਾਰਤਾ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ, ਭਾਜਪਾ ਸੂਬਾ ਪ੍ਰਧਾਨ ਮੋਹਨ ਲਾਲ ਕੌਸ਼ਿਕ, ਗੁਜਰਾਤ ਦੇ ਸਹਿਕਾਰਤਾ ਰਾਜ ਮੰਤਰੀ ਭੀਖੂ ਪਰਮਾਰ, ਸਾਂਸਦ ਧਰਮਬੀਰ ਸਿੰਘ, ਰਾਜਸਭਾ ਸਾਂਸਦ ਰਾਮਚੰਦਰ ਜਾਂਗੜਾ, ਸਾਬਰ ਡੇਅਰੀ ਦੇ ਚੇਅਰਮੈਨ ਸ਼ਾਮਿਲਭਾਈ ਬੀ ਪਟੇਲ, ਅਮੂਲ ਦੇ ਚੇਅਰਮੈਨ ਅਸ਼ੋਕ ਭਾਈ ਚੌਧਰੀ ਸਮੇਤ ਹੋਰ ਮਾਣਯੋਗ ਤੇ ਪ੍ਰਸਾਸ਼ਨਿਕ ਅਧਿਕਾਰੀ ਮੌਜੂਦ ਰਹੇ।

# ਗਿਰਦਾਵਰੀ ਦਾ ਕੰਮ ਮੁਕੰਮਲ ਹੋਣ ਤੇ ਜਲਦ ਹੀ ਮੁਆਵਜੇ ਦੀ ਕੀਤੀ ਜਾਵੇਗੀ ਵੰਡ



**ਫਾਜ਼ਿਲਕਾ,8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਅਧਿਕਾਰੀਆਂ ਨੂੰ ਨਾਲ ਲੈ ਕੇ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਦਾ ਦੌਰਾ ਕਰਨ ਪਹੁੰਚੇ। ਇਸ ਮੌਕੇ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਮੌਕੇ *ਤੇ ਸਮੱਸਿਆਵਾਂ ਦਾ ਨਿਪਟਾਰਾ ਵੀ ਕੀਤਾ ਗਿਆ ਅਤੇ ਪਸ਼ੂ ਪਾਲਕਾਂ ਨੂੰ ਕੈਟਲ ਫੀਡ ਵੀ ਮੁਹੱਈਆ ਕਰਵਾਈ ਗਈ। ਇਸ ਮੌਕੇ ਐਸ.ਡੀ.ਐਮ. ਫਾਜ਼ਿਲਕਾ ਮੈਡਮ ਵੀਰਪਾਲ ਕੌਰ ਵਿਸ਼ੇਸ਼ ਤੌਰ *ਤੇ ਨਾਲ ਮੌਜੂਦ ਸਨ।

ਵਿਧਾਇਕ ਸ੍ਰੀ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰੇਕ ਹੜ੍ਹ ਪੀੜ੍ਹਤ ਪਰਿਵਾਰ ਨਾਲ ਖੜ੍ਹੀ ਹੈ। ਉਨ੍ਹਾਂ ਰਾਮ ਸਿੰਘ ਭੈਣੀ, ਝੰਗੜ ਭੈਣੀ, ਗੁਲਾਬਾ ਭੈਣੀ, ਗੱਟੀ ਨੰ. 1, ਰੇਤੇ ਵਾਲੀ ਭੈਣੀ, ਢਾਣੀ ਸੱਦਾ ਸਿੰਘ ਆਦਿ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ *ਤੇ ਹੀ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਕਿਹਾ ਕਿ ਫਸਲਾਂ ਦੀ ਗਿਰਦਾਵਰੀ ਦਾ ਕੰਮ ਲਗਭਗ ਮੁਕੰਮਲ ਹੋ ਗਿਆ ਤੇ ਨੁਕਸਾਨੇ ਗਏ ਮਕਾਨਾਂ ਦਾ ਸਰਵੇਅ ਚੱਲ ਰਿਹਾ ਤੇ ਜਿਵੇਂ ਹੀ ਮੁਕੰਮਲ ਹੋ ਗਿਆ ਤਾਂ ਜਲਦ ਤੋਂ ਜਲਦ ਹਰੇਕ ਨੁਕਸਾਨ ਦਾ ਮੁਆਵਜਾ ਹੜ੍ਹ ਪੀੜਤ ਨੂੰ ਮੁਹਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਪੀੜਤਾਂ ਦੇ ਨੁਕਸਾਨ ਦੀ ਹਰ ਤਰ੍ਹਾਂ ਨਾਲ ਭਰਪਾਈ ਕਰੇਗੀ।

ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਵੀ ਆਦੇਸ਼ ਦਿੱਤੇ ਗਏ ਹਨ ਕਿ ਹੜ੍ਹਾਂ ਨਾਲ ਜਿਸ ਕਿਸੇ ਦਾ ਜੋ ਵੀ ਨੁਕਸਾਨ ਹੋਇਆ ਹੈ, ਸਾਰੇ ਨੁਕਸਾਨ ਦੀ ਰਿਪੋਰਟ ਤਿਆਰ ਕੀਤੀ ਜਾਵੇਗੀ, ਕਿਸੇ ਨੂੰ ਵੀ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਮੁਆਵਜੇ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੜ੍ਹਾਂ ਕਰਕੇ ਕਿਸਾਨਾਂ ਤੇ ਲੋਕਾਂ ਨੂੰ ਪਹਿਲਾਂ ਹੀ ਨੁਕਸਾਨ ਬਹੁਤ ਹੋਇਆ ਹੈ, ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।

ਉਹ ਪਸ਼ੂ ਪਾਲਕਾਂ ਲਈ ਪਿੰਡਾਂ ਵਿਚ ਕੈਟਲ ਫੀਡ ਲੈ ਕੇ ਵੀ ਪਹੁੰਚ ਰਹੇ ਹਨ ਤਾਂ ਜੋ ਕੋਈ ਵੀ ਬੇਜੁਬਾਨ ਖੁਰਾਕ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਬੇਜੁਬਾਨਾਂ ਲਈ ਫੀਡ ਲਗਾਤਾਰ ਪਸ਼ੂ ਪਾਲਕਾਂ ਤੱਕ ਪੁੱਜਦੀ ਕਰ ਰਹੇ ਹਨ ਤਾਂ ਲੋਕਾਂ ਦਾ ਹਰੇ ਚਾਰੇ ਦਾ ਵੀ ਨੁਕਸਾਨ ਹੋ ਗਿਆ ਹੈ, ਇਸ ਦੇ ਬਦਲ ਵਜੋਂ ਕੈਟਲ ਫੀਡ ਦਿੱਤੀ ਜਾ ਰਹੀ ਹੈ।

ਇਸ ਮੌਕੇ ਬਿਜਲੀ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਰਜਿੰਦਰ, ਐਸ.ਡੀ.ਓ ਮਨੋਹਰ ਲਾਲ, ਪੰਚਾਇਤੀ ਰਾਜ, ਮੰਡੀ ਬੋਰਡ, ਪੰਚਾਇਤ ਅਫਸਰ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਨੇ ਲਿਆ ਪ੍ਰਬੰਧਾਂ ਦਾ ਜਾਇਜ਼ਾ



**ਸ੍ਰੀ ਆਨੰਦਪੁਰ ਸਾਹਿਬ,8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਤੇ ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ ਨੇ ਅੱਜ ਵਿਰਾਸਤ ਏ ਖਾਲਸਾ, ਭਾਈ ਜੈਤਾ ਜੀ ਯਾਦਗਾਰ ਅਤੇ ਵਿਰਾਸਤੀ ਮਾਰਗ ਵਾਲੇ ਸਥਾਨ ਦਾ ਦੌਰਾ ਕੀਤਾ ਜਿੱਥੇ 5 ਅਕਤੂਬਰ ਨੂੰ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਵੱਖ ਵੱਖ ਸਮਾਗਮਾਂ ਵਿੱਚ ਸਾਮਿਲ ਹੋਣ ਲਈ ਪਹੁੰਚ ਰਹੇ ਹਨ। ਜਿਲ੍ਹੇ ਦੇ ਅਧਿਕਾਰੀਆਂ ਨਾਲ ਵਿਰਾਸਤ ਏ ਖਾਲਸਾ ਵਿਚ ਹੋਈ ਇੱਕ ਵਿਸੇਸ਼ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਨੇ ਵਿਰਾਸਤ ਏ ਖਾਲਸਾ ਆਡੋਟੋਰੀਅਮ ਵਿਚ ਹੋਣ ਵਾਲੇ ਸਿੱਖਿਆ ਵਿਭਾਗ ਦੇ ਰਾਜ ਪੱਧਰੀ ਸਮਾਗਮ ਵਾਲੇ ਸਥਾਨ ਤੇ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਭਾਈ ਜੈਤਾ ਜੀ ਯਾਦਗਾਰ ਵਿਖੇ ਪ੍ਰਬੰਧਾਂ ਦੀ ਸਮੀਖਿਆ ਕੀਤੀ, ਜਿਸ ਨੂੰ 5 ਅਕਤੂਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਸਮੁੱਚੀ ਲੋਕਾਈ ਨੂੰ ਸਮਰਪਿਤ ਕਰਨਗੇ। ਡਿਪਟੀ ਕਮਿਸ਼ਨਰ ਨੇ ਸਥਾਨਕ ਵੇਰਕਾ ਚੌਂਕ ਪਹੁੰਚ ਕੇ ਉਸ ਸਥਾਨ ਦਾ ਜਾਇਜ਼ਾ ਲਿਆ ਜਿੱਥੇ ਮੁੱਖ ਮੰਤਰੀ ਉਸ ਦਿਨ ਵਿਰਾਸਤੀ ਮਾਰਗ ਦਾ ਨੀਂਹ ਪੱਥਰ ਰੱਖਣਗੇ ਸੀਨੀਅਰ ਪੁਲਿਸ ਕਪਤਾਨ ਗੁਲਨੀਤ ਸਿੰਘ ਖੁਰਾਨਾ ਨੇ ਇਸ ਮੌਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਟ੍ਰੈਫਿਕ ਵਿਵਸਥਾ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਇਨ੍ਹਾਂ ਸਥਾਨਾ ਤੇ ਅਧਿਕਾਰੀਆਂ ਦੀ ਤੈਨਾਤੀ ਕੀਤੀ ਅਤੇ ਕਿਹਾ ਕਿ ਇਨ੍ਹਾਂ ਸਮਾਗਮਾਂ ਦੌਰਾਨ ਸੁਚਾਰੂ ਟ੍ਰੈਫਿਕ ਚਾਲੂ ਰੱਖਿਆ ਜਾਵੇ ਅਤੇ ਆਮ ਲੋਕਾਂ ਨੂੰ ਗੁਰੂ ਘਰਾਂ ਵਿਚ ਆਉਣ ਜਾਣ ਦੌਰਾਨ ਕੋਈ ਅਸੁਵਿਧਾ ਨਾ ਹੋਵੇ। ਅਜਿਹੇ ਪ੍ਰਬੰਧ ਕੀਤੇ ਜਾਣ।

ਇਸ ਮੌਕੇ ਚੰਦਰਜਯੋਤੀ ਸਿੰਘ ਆਈ.ਏ.ਐਸ ਵਧੀਕ ਡਿਪਟੀ ਕਮਿਸ਼ਨਰ ਵਿਕਾਸ, ਪੁਲਿਸ ਕਪਤਾਨ ਸ੍ਰੀ ਅਰਵਿੰਦ ਮੀਨਾ ਆਈ.ਪੀ.ਐਸ, ਜਸਪ੍ਰੀਤ ਸਿੰਘ ਐਸ.ਡੀ.ਐਮ, ਗੁਰਵਿੰਦਰ ਸਿੰਘ ਜੋਹਲ ਆਰਟੀਏ, ਅਜੇ ਸਿੰਘ ਡੀ.ਐਸ.ਪੀ, ਦਾਨਿਸ਼ਵੀਰ ਸਿੰਘ ਥਾਨਾ ਮੁਖੀ ਸਮੇਤ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਹਾਜ਼ਰ ਸਨ।

# ਭਾਸ਼ਾ ਵਿਭਾਗ ਪੰਜਾਬ ਦੀ ਪੁਸਤਕ ਬੈਠਕ 'ਚ ਪ੍ਰੋ. ਸਤੀਸ਼ ਕੁਮਾਰ ਵਰਮਾ ਨੇ ਸਾਂਝੇ ਕੀਤੇ ਕਿਤਾਬਾਂ ਬਾਰੇ ਅਹਿਮ ਨੁਕਤੇ



**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਹਿੱਤ ਚਲਾਈ ਗਈ ਮੁਹਿੰਮ ਤਹਿਤ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੋ. ਸਤੀਸ਼ ਕੁਮਾਰ ਵਰਮਾ ਪਾਠਕਾਂ ਦੇ ਰੂਬਰੂ ਹੋਏ। ਜਿਸ ਦੌਰਾਨ ਉਨ੍ਹਾਂ ਆਪਣੇ ਜੀਵਨ 'ਚ ਪੁਸਤਕ ਦੀ ਅਹਿਮੀਅਤ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਾਹਿਤਕ ਤੇ ਸਮਾਜਿਕ ਬਾਤਾਂ ਪਾਈਆਂ। ਇਸ ਤੋਂ ਪਹਿਲਾ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸਤੰਬਰ ਮਹੀਨੇ 'ਚ ਪੜ੍ਹੀਆਂ ਪੁਸਤਕਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਪ੍ਰੋ. ਸਤੀਸ਼ ਕੁਮਾਰ ਵਰਮਾ ਦਾ ਸਵਾਗਤ ਕਰਦਿਆਂ ਉਨਾਂ ਦੀ ਸ਼ਖ਼ਸੀਅਤ, ਸਾਹਿਤਕ ਅਤੇ ਸੱਭਿਆਚਾਰਕ ਖੇਤਰ ਦੀਆਂ ਸਰਗਰਮੀਆਂ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਵਰਮਾ ਵਰਗੇ ਮਿਹਨਤੀ ਤੇ ਸਿਰੜੀ ਵਿਅਕਤੀ ਸਮਾਜ ਲਈ ਹਮੇਸ਼ਾ ਪ੍ਰੇਰਨਾਸ੍ਰੋਤ ਹੁੰਦੇ ਹਨ, ਜਿੰਨ੍ਹਾਂ ਨੇ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਵੀ ਵੱਡੀਆਂ ਮੰਜ਼ਿਲਾਂ ਸਰ ਕੀਤੀਆਂ ਹੁੰਦੀਆਂ ਹਨ। ਪ੍ਰੋ. ਸਤੀਸ਼ ਵਰਮਾ ਨੇ ਕਿਹਾ ਕਿ ਉਸ ਨੇ ਆਪਣੇ ਜੀਵਨ 'ਚ ਅਕਾਦਮਿਕ ਤੇ ਕਲਾਤਮਕ ਖੇਤਰ 'ਚ ਜੋ ਵੀ ਪ੍ਰਾਪਤੀਆਂ ਕੀਤੀਆਂ ਹਨ, ਉਹਨਾਂ ਦਾ ਅਧਾਰ ਪੁਸਤਕਾਂ ਹੀ ਬਣੀਆਂ ਹਨ। ਸਕੂਲ ਪੱਧਰ ਤੋਂ ਹੀ ਉਹ ਪਾਠਕ੍ਰਮ ਤੋਂ ਇਲਾਵਾ ਸਾਹਿਤਕ ਕਿਤਾਬਾਂ ਪੜ੍ਹਨ ਲੱਗ ਗਏ ਸਨ, ਜਿਸ ਦੀ ਬਦੌਲਤ ਉਨ੍ਹਾਂ ਦੀ ਸ਼ਬਦਾਵਲੀ 'ਚ ਵਾਧਾ ਹੁੰਦਾ ਗਿਆ।

ਚੰਗੀ ਸ਼ਬਦਾਵਾਲੀ ਸਦਕਾ ਹੀ ਉਨ੍ਹਾਂ ਲਈ ਟੀਵੀ ਪ੍ਰੋਗਰਾਮ, ਫਿਲਮਾਂ ਅਤੇ ਅਖ਼ਬਾਰੀ ਕਾਲਮ ਲਿਖਣ ਲਈ ਰਸਤੇ ਖੁੱਲ੍ਹਦੇ ਗਏ। ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਲੰਬਾ ਅਰਸਾ ਪੰਜਾਬੀ ਯੂਨੀਵਰਸਿਟੀ 'ਚ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਦਿੱਤੀਆਂ ਪਰ ਉਨ੍ਹਾਂ ਦੀ ਵੱਡੀ ਪਹਿਚਾਣ ਐਂਕਰ ਵਜੋਂ ਬਣੀ। ਐਂਕਰਿੰਗ ਤੇ ਕਾਲਮਨਵੀਸੀ ਨੇ ਉਸ ਨੂੰ ਪਰਿਆਂ-ਸੱਥਾਂ ਤੱਕ ਪਹੁੰਚਾ ਦਿੱਤਾ। ਪ੍ਰੋ. ਵਰਮਾ ਨੇ ਨਵੀਂ ਪੀੜ੍ਹੀ ਨੂੰ ਅਪੀਲ ਕੀਤੀ ਕਿ ਕਿਤਾਬਾਂ ਮਨੁੱਖ ਦੇ ਹਰ ਦੁੱਖ-ਸੁੱਖ 'ਚ ਸਹਾਈ ਹੁੰਦੀਆਂ ਹਨ ਅਤੇ ਮਾਗਰਦਰਸ਼ਕ ਬਣਦੀਆਂ ਹਨ। ਇਸ ਕਰਕੇ ਕਿਤਾਬਾਂ ਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਆਪਣੇ ਜੀਵਨ 'ਚੋਂ ਬਹੁਤ ਸਾਰੀਆਂ ਪ੍ਰੇਰਨਾਮਈ ਉਦਾਹਰਨਾਂ ਰਾਹੀਂ ਸਰੋਤਿਆਂ ਨੂੰ ਪੁਸਤਕਾਂ ਨਾਲ ਜੁੜਨ ਦਾ ਸੰਦੇਸ਼ ਦਿੱਤਾ ਅਤੇ ਭਾਸ਼ਾ ਵਿਭਾਗ ਚਲਾਈ ਗਈ ਪੁਸਤਕ ਬੈਠਕ ਲੜੀ ਦੀ ਸ਼ਲਾਘਾ ਕੀਤੀ।

ਡਾ. ਸੰਤੋਖ ਸੁੱਖੀ, ਡਾ. ਮਨਜਿੰਦਰ ਸਿੰਘ ਤੇ ਸਤਪਾਲ ਸਿੰਘ ਚਹਿਲ ਨੇ ਕਵਿਤਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਡਿਪਟੀ ਡਾਇਰੈਕਟਰ ਹਰਭਜਨ ਕੌਰ, ਚੰਦਨਦੀਪ ਕੌਰ ਤੇ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ,ਐਂਕਰਿੰਗ ਤੇ ਕਾਲਮਨਵੀਸੀ ਨੇ ਉਸ ਨੂੰ ਪਰਿਆਂ-ਸੱਥਾਂ ਤੱਕ ਪਹੁੰਚਾ ਦਿੱਤਾ। ਪ੍ਰੋ. ਵਰਮਾ ਨੇ ਨਵੀਂ ਪੀੜ੍ਹੀ ਨੂੰ ਅਪੀਲ ਕੀਤੀ ਕਿ ਕਿਤਾਬਾਂ ਮਨੁੱਖ ਦੇ ਹਰ ਦੁੱਖ-ਸੁੱਖ 'ਚ ਸਹਾਈ ਹੁੰਦੀਆਂ ਹਨ ਅਤੇ ਮਾਗਰਦਰਸ਼ਕ ਬਣਦੀਆਂ ਹਨ। ਇਸ ਕਰਕੇ ਕਿਤਾਬਾਂ ਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਆਪਣੇ ਜੀਵਨ 'ਚੋਂ ਬਹੁਤ ਸਾਰੀਆਂ ਪ੍ਰੇਰਨਾਮਈ ਉਦਾਹਰਨਾਂ ਰਾਹੀਂ ਸਰੋਤਿਆਂ ਨੂੰ ਪੁਸਤਕਾਂ ਨਾਲ ਜੁੜਨ ਦਾ ਸੰਦੇਸ਼ ਦਿੱਤਾ ਅਤੇ ਭਾਸ਼ਾ ਵਿਭਾਗ ਚਲਾਈ ਗਈ ਪੁਸਤਕ ਬੈਠਕ ਲੜੀ ਦੀ ਸ਼ਲਾਘਾ ਕੀਤੀ। ਡਾ. ਸੰਤੋਖ ਸੁੱਖੀ, ਡਾ. ਮਨਜਿੰਦਰ ਸਿੰਘ ਤੇ ਸਤਪਾਲ ਸਿੰਘ ਚਹਿਲ ਨੇ ਕਵਿਤਾਵਾਂ ਪੇਸ਼ ਤਹਿਤ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੋ. ਸਤੀਸ਼ ਕੁਮਾਰ ਵਰਮਾ ਪਾਠਕਾਂ ਦੇ ਰੂਬਰੂ ਹੋਏ। ਜਿਸ ਦੌਰਾਨ ਉਨ੍ਹਾਂ ਆਪਣੇ ਜੀਵਨ 'ਚ ਪੁਸਤਕ ਦੀ ਅਹਿਮੀਅਤ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਾਹਿਤਕ ਤੇ ਸਮਾਜਿਕ ਬਾਤਾਂ ਪਾਈਆਂ। ਕੀਤੀਆਂ। ਸੁਰਿੰਦਰ ਕੌਰ, ਜਸਪ੍ਰੀਤ ਕੌਰ, ਰਾਬੀਆ ਤੇ ਵੱਡੀ ਗਿਣਤੀ 'ਚ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ।

# ਮੁੱਖ ਮੰਤਰੀ ਵੱਲੋਂ ਪੰਜਾਬੀਆਂ ਨੂੰ ਤਿਉਹਾਰਾਂ ਦਾ ਤੋਹਫ਼ਾ, 4150 ਕਰੋੜ ਰੁਪਏ ਦੀ ਲਾਗਤ ਨਾਲ 19,491 ਕਿਲੋਮੀਟਰ ਲਿੰਕ ਸੜਕਾਂ ਦੇ ਨਿਰਮਾਣ ਦੀ ਸ਼ੁਰੂਆਤ

**ਤਰਨ ਤਾਰਨ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਿਉਹਾਰਾਂ ਦੇ ਸੀਜ਼ਨ ਦੌਰਾਨ ਸੂਬੇ ਦੇ ਲੋਕਾਂ ਨੂੰ ਵੱਡਾ ਤੋਹਫ਼ਾ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 4,150.42 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਵਿੱਚ 19,491.56 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਲਈ ਵੱਡਾ ਪ੍ਰਾਜੈਕਟ ਸ਼ੁਰੂ ਕੀਤਾ।



ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਤਰਨ ਤਾਰਨ ਦੀ ਪਵਿੱਤਰ ਧਰਤੀ ▾ਤੇ ਸੀਸ ਝੁਕਾਇਆ, ਜਿਸ ਨੂੰ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ, ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਬਾਬਾ ਬੁੱਢਾ ਜੀ ਦੀ ਚਰਨ ਛੋਹ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ, ਖ਼ਾਸ ਕਰ ਕੇ ਪੰਜਾਬ ਦੇ ਪੇਂਡੂ ਖੇਤਰਾਂ ਲਈ ਕਿਉਂਕਿ ਅੱਜ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਕ ਹੋਰ ਇਤਿਹਾਸਕ ਫੈਸਲਾ ਲਿਆ ਹੈ, ਜਿਸ ਤਹਿਤ ਹੁਣ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਦੇ ਨਾਲ-ਨਾਲ ਅਗਲੇ ਪੰਜ ਸਾਲਾਂ ਲਈ ਠੇਕੇਦਾਰਾਂ ਵੱਲੋਂ ਇਨ੍ਹਾਂ ਦੀ ਸਾਂਭ-ਸੰਭਾਲ ਵੀ ਯਕੀਨੀ ਬਣਾਈ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕੁੱਲ 30,237 ਲਿੰਕ ਸੜਕਾਂ ਹਨ, ਜਿਨ੍ਹਾਂ ਦੀ ਕੁੱਲ ਲੰਬਾਈ 64,878 ਕਿਲੋਮੀਟਰ ਹੈ। ਉਨ੍ਹਾਂ ਕਿਹਾ ਕਿ 33,492 ਕਿਲੋਮੀਟਰ ਪੰਜਾਬ ਮੰਡੀ ਬੋਰਡ ਅਧੀਨ ਹਨ ਅਤੇ 31,386 ਕਿਲੋਮੀਟਰ ਸੜਕਾਂ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਅਧੀਨ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੁਣ 19,491.56 ਕਿਲੋਮੀਟਰ ਦੀ ਕੁੱਲ ਲੰਬਾਈ ਵਾਲੀਆਂ 7373 ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਦਾ ਪ੍ਰਾਜੈਕਟ ਸ਼ੁਰੂ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ ▾ਤੇ 4,150.42 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਵਿੱਚ ਪੰਜ ਸਾਲ ਦੀ ਸਾਂਭ-ਸੰਭਾਲ ਸ਼ਾਮਲ ਹੈ ਅਤੇ 3,424.67 ਕਰੋੜ ਰੁਪਏ ਮੁਰੰਮਤ ਅਤੇ ਅਪਗ੍ਰੇਡੇਸ਼ਨ ਲਈ ਖ਼ਰਚੇ ਜਾਣਗੇ, ਜਦੋਂ ਕਿ 725.75 ਕਰੋੜ ਰੁਪਏ ਪੰਜ ਸਾਲਾਂ ਦੀ ਸਾਂਭ-ਸੰਭਾਲ ਲਈ ਖ਼ਰਚੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਲਈ ਈ-ਟੈਂਡਰਿੰਗ ਪ੍ਰਕਿਰਿਆ ਪੂਰੀ ਹੋ ਗਈ ਹੈ ਅਤੇ ਸਾਰਾ ਕੰਮ ਪਾਰਦਰਸ਼ੀ ਢੰਗ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਲਈ ਇਕ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਸਰਵੇਖਣ ਕਰਵਾਇਆ ਗਿਆ ਸੀ, ਜਿਸ ਦੇ ਨਤੀਜੇ ਵਜੋਂ 383.53 ਕਰੋੜ ਰੁਪਏ ਦੀ ਬੱਚਤ ਹੋਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਦੌਰਾਨ ਉੱਚ ਗੁਣਵੱਤਾ ਯਕੀਨੀ ਬਣਾਉਣ ਲਈ ਪਹਿਲੀ ਵਾਰ ਸੜਕ ਬੁਨਿਆਦੀ ਢਾਂਚਾ ਵਿਕਾਸ ਮੀਟਿੰਗ ਕੀਤੀ ਗਈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਮੰਡੀ ਬੋਰਡ ਦੇ ਅਧਿਕਾਰੀਆਂ, ਠੇਕੇਦਾਰਾਂ ਅਤੇ ਹੋਰ ਹਿੱਸੇਦਾਰਾਂ ਨੇ ਮੁੱਖ ਮੁੱਦਿਆਂ ▾ਤੇ ਚਰਚਾ ਕੀਤੀ ਅਤੇ ਸਾਰੇ ਠੇਕੇਦਾਰਾਂ ਅਤੇ ਏਜੰਸੀਆਂ ਨੂੰ ਸਪੱਸ਼ਟ ਤੌਰ ▾ਤੇ ਹਦਾਇਤ ਕੀਤੀ ਕਿ ਇਸ ਲਿੰਕ ਸੜਕ ਪ੍ਰਾਜੈਕਟ ਵਿੱਚ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ ਅਤੇ ਹਰ ਹਾਲਤ ਵਿੱਚ ਢੁਕਵੀਂ ਦੇਖਭਾਲ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਧੁੰਦ ਜਾਂ ਹਨੇਰੇ ਦੌਰਾਨ ਜਨਤਕ ਸੁਰੱਖਿਆ ਯਕੀਨੀ ਬਣਾਉਣ ਲਈ 91.83 ਕਰੋੜ ਰੁਪਏ ਦੀ ਲਾਗਤ ਨਾਲ ਮੁਰੰਮਤ ਅਤੇ ਅਪਗ੍ਰੇਡ ਕੀਤੀਆਂ ਲਿੰਕ ਸੜਕਾਂ ▾ਤੇ ਵਿਸ਼ੇਸ਼ ਸੜਕ ਸੁਰੱਖਿਆ ਪ੍ਰਾਜੈਕਟ ਲਾਗੂ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਧੁੰਦ ਜਾਂ ਹਨੇਰੇ ਦੌਰਾਨ ਯਾਤਰਾ ਨੂੰ ਸੁਰੱਖਿਅਤ ਬਣਾਉਣ ਲਈ ਲਿੰਕ ਸੜਕਾਂ ਦੇ ਦੋਵੇਂ ਪਾਸੇ ਤਿੰਨ ਇੰਚ ਚੌੜੀ ਚਿੱਟੀ ਪੱਟੀ ਪੇਂਟ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸਕੂਲਾਂ ਜਾਂ ਲਿੰਕ ਸੜਕਾਂ ਦੇ ਨਾਲ ਸਥਿਤ ਜਨਤਕ ਇਕੱਠ ਵਾਲੇ ਖੇਤਰਾਂ ਦੇ ਨੇੜੇ ਡਰਾਈਵਰਾਂ ਨੂੰ ਸੁਚੇਤ ਕਰਨ ਅਤੇ ਬੱਚਿਆਂ ਤੇ ਪੈਦਲ ਚੱਲਣ ਵਾਲਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਕੂਲ ਦੇ ਗੇਟਾਂ ਅਤੇ ਜਨਤਕ ਖੇਤਰਾਂ ਦੇ ਦੋਵੇਂ ਪਾਸੇ ਜ਼ੈਬਰਾ ਕਰਾਸਿੰਗਾਂ ਨੂੰ ਚਿੰਨ੍ਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਾਰੀਆਂ ਲਿੰਕ ਸੜਕਾਂ ▾ਤੇ ਹਰ ਦੋ ਕਿਲੋਮੀਟਰ ਬਾਅਦ ਸਾਈਨ ਬੋਰਡ ਲਗਾਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬੋਰਡ ਸੜਕ ਦਾ ਨਾਮ, ਲੰਬਾਈ, ਸੜਕ ਬਣਾਉਣ ਵਾਲੀ ਏਜੰਸੀ ਅਤੇ ਸੜਕ ਬਾਰੇ ਹੋਰ ਮਹੱਤਵਪੂਰਨ ਜਾਣਕਾਰੀ ਦਰਸਾਉਣਗੇ ਤਾਂ ਜੋ ਸਿਸਟਮ ਵਿੱਚ ਵਧੇਰੇ ਪਾਰਦਰਸ਼ਤਾ ਯਕੀਨੀ ਬਣਾਈ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨਾ ਹੈ ਕਿਉਂਕਿ ਇਹ ਲਿੰਕ ਸੜਕਾਂ ਲੋਕਾਂ ਤੱਕ ਵਸਤੂਆਂ ਤੇ ਸੇਵਾਵਾਂ ਦੀ ਪਹੁੰਚ ਅਤੇ ਸੁਚਾਰੂ ਆਵਾਜਾਈ ਲਈ ਪ੍ਰੇਰਕ ਵਜੋਂ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਲਿੰਕ ਸੜਕਾਂ ਸੂਬੇ ਵਿੱਚ ਆਰਥਿਕ ਵਿਕਾਸ ਦੀ ਰੀੜ੍ਹ ਦੀ ਹੱਡੀ ਹਨ ਕਿਉਂਕਿ ਇਹ ਇਕ ਪਾਸੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਆਉਣ-ਜਾਣ ਵਿੱਚ ਮਦਦ ਕਰਦੀਆਂ ਹਨ ਅਤੇ ਦੂਜੇ ਪਾਸੇ ਵਪਾਰ ਅਤੇ ਕਾਰੋਬਾਰ ਨੂੰ ਹੁਲਾਰਾ ਦਿੰਦੀਆਂ ਹਨ। ਭਗਵੰਤ ਸਿੰਘ ਮਾਨ ਨੇ ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਨੂੰ ਕੰਮ ਦੀ ਉੱਚ ਗੁਣਵੱਤਾ ਯਕੀਨੀ ਬਣਾਉਣ ਦੇ ਨਾਲ-ਨਾਲ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਸ ਪ੍ਰਾਜੈਕਟ ਲਈ ਅਲਾਟ ਕੀਤੇ ਗਏ ਇਕ-ਇਕ ਪੈਸੇ ਦੀ ਤਰਕਸੰਗਤ ਤਰੀਕੇ ਨਾਲ ਵਰਤੋਂ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਨੂੰ ਆਪਣੀ ਖਪਤ ਦੀ ਹਰੇਕ ਵਸਤੂ ਉੱਤੇ ਟੈਕਸ ਦੇਣਾ ਪੈਂਦਾ ਹੈ ਪਰ 'ਰਾਜੇ' ਅਤੇ ਵੱਡੇ ਆਗੂ ਇਸ ਤੋਂ ਅਣਜਾਣ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਪੰਜਾਬ, ਪੰਜਾਬੀਆਂ ਅਤੇ ਪੰਜਾਬੀ ਭਾਸ਼ਾ ਬਾਰੇ ਨਿਗੂਣੀ ਜਾਣਕਾਰੀ ਹੈ ਕਿਉਂਕਿ ਉਹ ਪਹਾੜਾਂ ਵਿਚਲੇ ਸਕੂਲਾਂ ਦੇ ਪੜ੍ਹੇ ਹੋਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਆਮ ਆਦਮੀ ਦੀ ਕੋਈ ਚਿੰਤਾ ਨਹੀਂ ਹੈ ਅਤੇ ਉਨ੍ਹਾਂ ਨੇ ਹਮੇਸ਼ਾ ਆਪਣੇ ਨਿੱਜੀ ਹਿੱਤਾਂ ਨੂੰ ਤਰਜੀਹ ਦਿੱਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਤੋਂ ਈਰਖਾ ਕਰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਕਿ ਸਧਾਰਨ ਘਰ ਦਾ ਪੁੱਤ ਸੂਬੇ ਦਾ ਸ਼ਾਸਨ ਚੰਗੇ ਢੰਗ ਨਾਲ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਦਾ ਰਵਾਇਤੀ ਸਿਆਸੀ ਪਾਰਟੀਆਂ ਤੋਂ ਵਿਸ਼ਵਾਸ ਉੱਠ ਗਿਆ ਹੈ ਕਿਉਂਕਿ ਇਨ੍ਹਾਂ ਪਾਰਟੀਆਂ ਨੇ ਹਮੇਸ਼ਾ ਲੋਕ ਵਿਰੋਧੀ ਅਤੇ ਪੰਜਾਬ ਵਿਰੋਧੀ ਸਟੈਂਡ ਲਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਸੂਝਵਾਨ ਅਤੇ ਬਹਾਦਰ ਲੋਕਾਂ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਪਾਰਟੀਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ, ਜਿਸ ਕਾਰਨ ਇਹ ਹੁਣ ਬੁਖਲਾਏ ਹੋਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕ ਕੇ ਨਸਲਕੁਸ਼ੀ ਲਈ ਜ਼ਿੰਮੇਵਾਰ 'ਜਰਨੈਲਾਂ' ਨਾਲ ਸੂਬਾ ਸਰਕਾਰ ਕੋਈ ਰਹਿਮ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਜਰਨੈਲਾਂ ਨੂੰ ਪਹਿਲਾਂ ਹੀ ਸਲਾਖਾਂ ਪਿੱਛੇ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਨਾ ਸਿਰਫ਼ ਸੂਬਾ ਭਰ ਵਿੱਚ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦਿੰਦੇ ਸਨ,

# ਔਰਤਾਂ ਦਾ ਅਪਮਾਨ ਕਰਨ ਵਾਲੇ ਮੰਤਰੀ ਤੋਂ ਮੁੱਖ ਮੰਤਰੀ ਲੈਣ ਤੁਰੰਤ ਅਸਤੀਫਾ : ਖਨੌੜਾ

## ਮਾਮਲੇ ਦੀ ਜਾਂਚ ਲਈ ਰਿਟਾਇਰ ਜੱਜ ਦੀ ਅਗਵਾਈ ਹੇਠ ਕਮੇਟੀ ਦਾ ਸਰਕਾਰ ਕਰੇ ਜਲਦ ਗਠਨ



**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਆਗੂ ਤੇ ਜ਼ਿਲਾ ਯੋਜਨਾ ਕਮੇਟੀ ਦੀ ਮੌਜੂਦਾ ਮੈਂਬਰ ਸ਼ਵੇਤਾ ਜਿੰਦਲ ਵਲੋਂ ਸਿਹਤ ਮੰਤਰੀ 'ਤੇ ਜਿਨਸੀ ਸ਼ੋਸ਼ਣ ਦੇ ਲਾਏ ਗਏ ਦੋਸ਼ਾਂ ਸੰਬੰਧੀ ਗੱਲਬਾਤ ਕਰਦੇ ਹੋਏ ਕਾਂਗਰਸ ਪਾਰਟੀ ਦੇ ਜ਼ਿਲਾ ਦਿਹਾਤੀ ਪ੍ਰਧਾਨ ਮਹੰਤ ਹਰਵਿੰਦਰ ਖਨੌੜਾ ਨੇ ਕਿਹਾ ਕਿ ਔਰਤਾਂ ਦਾ ਅਪਮਾਨ ਕਰਨ ਵਾਲੇ ਮੰਤਰੀ ਤੋਂ ਤੁਰੰਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਸਤੀਫਾ ਲੈਣਾ ਚਾਹੀਦਾ ਹੈ ਕਿਉਂਕਿ ਔਰਤਾਂ ਵੀ ਅੱਜ ਕਿਸੇ ਕੰਮ ਪੱਖੋਂ ਘੱਟ ਨਹੀਂ ਹਨ। ਜਿਹੜੀ ਔਰਤ ਨੇ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਇਕ ਕੀਤਾ ਹੋਵੇ, ਉਸੇ ਔਰਤ ਸੰਬੰਧੀ ਮੌਜੂਦਾ ਮੰਤਰੀ ਤੇ ਉਸ ਦੇ ਪੁੱਤਰ ਦੀ ਦੀ ਸੋੜੀ ਸੋਚ ਸੰਬੰਧੀ ਉਜਾਗਰ ਕੀਤੇ ਖੁਲਾਸਿਆਂ ਨੇ ਮੌਜੂਦਾ ਸਰਕਾਰ ਪ੍ਰਤੀ ਔਰਤਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਇਹ ਪਹਿਲੀ ਸਰਕਾਰ ਹੈ, ਜਿਸ ਵਿਚ ਔਰਤਾਂ ਵੀ ਸੁਰੱਖਿਅਤ ਨਹੀਂ ਅਤੇ ਇਸੇ ਹਲਕੇ ਤੋਂ ਕੁੱਝ ਸਮਾਂ ਪਹਿਲਾਂ ਵੀ ਇਕ ਔਰਤ ਨੂੰ ਧੱਕੇ ਨਾਲ ਪਾਰਟੀ ਵਿਚੋਂ ਕੱਢਿਆ ਗਿਆ ਹੈ। ਉਸੇ ਤਰ੍ਹਾਂ ਇਸ ਨੂੰ ਵੀ ਪਾਰਟੀ ਵਿਚੋਂ ਕੱਢ ਕੇ ਆਮ ਆਦਮੀ ਪਾਰਟੀ ਨੇ ਇਹ ਸਾਬਤ ਕਰ ਦਿੱਤਾ ਕਿ ਇਨ੍ਹਾਂ ਨੂੰ ਪੰਜਾਬ ਦੀਆਂ ਔਰਤਾਂ ਦੀ ਪਾਰਟੀ ਵਿਚ ਕੋਈ ਜ਼ਰੂਰਤ ਨਹੀਂ, ਜਿਸ ਕਰਕੇ ਇਹ ਲਗਾਤਾਰ ਸਰਕਾਰ ਵਿਚ ਔਰਤਾਂ ਦਾ ਨਿਰਾਦਰ ਕੀਤਾ ਜਾ ਰਿਹਾ ਹੈ। ਮਹੰਤ ਖਨੌੜਾ ਨੇ ਕਿਹਾ ਕਿ ਪੰਜਾਬ ਦੀਆਂ ਔਰਤਾਂ ਨੂੰ ਅਜਿਹੇ ਮੰਤਰੀ ਖਿਲਾਫ ਰੋਹ ਪ੍ਰਚੰਡ ਕਰਨਾ ਚਾਹੀਦਾ ਹੈ ਤਾਂ ਜੋ ਪੀੜ੍ਹਤ ਮਹਿਲਾ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਕਿਹਾ ਕਿ ਔਰਤ ਵਲੋਂ ਕੀਤੇ ਗਏ ਖੁਲਾਸਿਆਂ ਦਾ ਅਸਰ ਉਸ ਦੇ ਬੱਚਿਆਂ 'ਤੇ ਵੀ ਪਵੇਗਾ। ਉਨ੍ਹਾਂ ਕਿਹਾ ਕਿ ਪੀੜ੍ਹਤ ਔਰਤ ਦੇ ਹੱਕ ਵਿਚ ਕਾਂਗਰਸ ਡਟ ਕੇ ਖੜ੍ਹੀ ਹੈ ਤਾਂ ਜੋ ਭਵਿੱਖ ਵਿਚ ਆਮ ਆਦਮੀ ਪਾਰਟੀ ਵਿਚ ਕੰਮ ਕਰ ਰਹੀਆਂ ਔਰਤਾਂ ਨਾਲ ਅਜਿਹਾ ਕੁੱਝ ਨਾ ਵਾਪਰ ਸਕੇ। ਉਨ੍ਹਾਂ ਕਿਹਾ ਕਿ ਜੇਕਰ ਪਾਰਟੀ ਵਿਚ ਔਰਤਾਂ ਦੀ ਕਮਾਂਡ ਕਰਨ ਵਾਲੀ ਮਹਿਲਾ ਲੀਡਰ ਦੀ ਪ੍ਰਸ਼ਾਸਨ ਵਿਚ ਸੁਣਵਾਈ ਨਹੀਂ ਹੋਵੇਗੀ ਤਾਂ ਉਸ ਨੂੰ ਆਪਣੀ ਸੁਣਵਾਈ ਕਰਵਾਉਣ ਲਈ ਅਦਾਲਤ ਦਾ ਦਰਵਾਜਾ ਖੜਕਾਉਣ ਲਈ ਮਜਬੂਰ ਹੋਣਾ ਪਿਆ ਹੈ। ਇਸ ਮਾਮਲੇ ਦੀ ਰਿਟਾਇਰ ਜੱਜ ਦੇ ਅਧੀਨ ਕਮੇਟੀ ਬਣਾ ਕੇ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪੀੜ੍ਹਤ ਔਰਤ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਕਿਹਾ ਕਿ ਮਹਿਲਾ ਆਗੂ ਸ਼ਵੇਤਾ ਜਿੰਦਲ ਨੇ ਮੀਡੀਆ ਵਿਚ ਸਾਫ ਤੌਰ 'ਤੇ ਅੱਗੇ ਹੋ ਕੇ ਸਿਹਤ ਮੰਤਰੀ ਵਲੋਂ ਕੀਤੀਆਂ ਗਤੀਵਿਧੀਆਂ ਸੰਬੰਧੀ ਹੋਰਨਾਂ ਔਰਤਾਂ ਨੂੰ ਵੀ ਚਾਨਣਾ ਪਾ ਕੇ ਅਜਿਹੇ ਆਗੂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਵਿਧਾਇਕ ਦੀ ਸਪੋਟ ਲਈ ਜਿਹੜੀ ਔਰਤ ਨੇ ਚੋਣਾਂ ਦੌਰਾਨ ਮਦਦ ਕੀਤੀ ਹੋਵੇ, ਉਸ ਔਰਤ ਨਾਲ ਅਜਿਹਾ ਵਤੀਰਾ ਕੋਈ ਸਰਕਾਰ ਦਾ ਮੰਤਰੀ ਕਰੇ, ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਜਲਦੀ ਹੀ ਇਸ ਸੰਬੰਧੀ ਕਾਂਗਰਸ ਵਲੋਂ ਰਣਨੀਤੀ ਤਿਆਰ ਕਰਕੇ ਪਾਰਟੀ ਹਾਈਕਮਾਂਡ ਅੱਗੇ ਇਸ ਮਸਲੇ 'ਤੇ ਮੌਜੂਦਾ ਸਿਹਤ ਮੰਤਰੀ ਖਿਲਾਫ ਮੋਰਚਾਬੰਦੀ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਤਾਂ ਜੋ ਆਮ ਆਦਮੀ ਪਾਰਟੀ ਵਿਚ ਔਰਤਾਂ ਦਾ ਅਪਮਾਨ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਹੋਰਨਾਂ ਔਰਤਾਂ ਨੂੰ ਵੀ ਅਜਿਹੀ ਪਾਰਟੀ ਦੇ ਆਗੂਆਂ ਤੋਂ ਦੂਰ ਰਹਿਣਾ ਚਾਹੀਦਾ ਹੈ, ਲਿਹਾਜਾ ਜਿਹੜੀ ਪਾਰਟੀ ਵਿਚ ਕੰਮ ਕਰਨ ਵਾਲੀ ਔਰਤ ਦੀ ਸੁਣਵਾਈ ਨਹੀਂ ਹੋ ਰਹੀ ਤਾਂ ਹੋਰਨਾਂ ਔਰਤਾਂ ਨੂੰ ਆਪਣੇ ਮਸਲੇ ਹੱਲ ਕਰਵਾਉਣ ਲਈ ਕਿਵੇਂ ਯਕੀਨ ਕੀਤਾ ਜਾ ਸਕਦਾ ਹੈ। ਔਰਤ ਨੇ ਆਪਣੇ ਆਪ ਨੂੰ ਇਨਸਾਫ ਦਵਾਉਣ ਲਈ ਅਦਾਲਤ ਦਾ ਦਰਵਾਜਾ ਖੜਕਾ ਕੇ ਵੱਡਾ ਕਾਰਜ ਕੀਤਾ ਹੈ, ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਔਰਤਾਂ ਅੱਜ ਵੀ ਕਿਸੇ ਆਗੂ ਦੀਆਂ ਗੁਲਾਮ ਨਹੀਂ। ਆਪਣੇ ਆਪ ਨੂੰ ਇਨਸਾਫ ਲੈਣ ਲਈ ਖੁੱਦ ਲੜਾਈ ਲੜ ਸਕਦੀਆਂ ਹਨ। ਇਸ ਮੌਕੇ ਰਤਨਜੀਤ ਸਿੰਘ ਜਾਹਲਾਂ, ਨੈਬ ਸਿੰਘ ਭਾਨਰੀ, ਰਾਜ ਕੁਮਾਰ ਡਕਾਲਾ, ਹਰਪ੍ਰੀਤ ਢੀਂਡਸਾ ਆਦਿ ਹਾਜ਼ਰ ਸਨ।

# 546 ਥਾਂਵਾ ਤੇ ਮਿਲੇ ਲਾਰਵੇ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ

**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੇਂਗੂ ਤੋਂ ਬਚਾਅ ਲਈ ਹਰੇਕ ਸ਼ੁੱਕਰਵਾਰ ਮਨਾਏ ਜਾ ਰਹੇ ਡਰਾਈ-ਡੇਅ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਗਲੀ / ਮੁਹੱਲਿਆਂ ਵਿਚ ਘਰ ਘਰ ਜਾ ਕੇ ਪਾਣੀ ਦੇ ਖੜ੍ਹੇ ਸਰੋਤਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਨਰਸਿੰਗ ਵਿਦਿਆਰਥਣਾਂ ਅਤੇ ਆਸ਼ਾ ਵਰਕਰਾਂ ਵੱਲੋਂ ਵੀ ਭਾਗ ਲਿਆ ਗਿਆ।

ਪਟਿਆਲੇ ਦੇ ਹੌਟ ਸਪੌਟ ਏਰੀਆਜ਼ ਸ਼ੇਰੇ-ਪੰਜਾਬ ਮਾਰਕੀਟ ਤੋਂ ਪ੍ਰੈਸ ਰੋਡ, ਗੁਰਬਕਸ਼ ਕੋਲੋਨੀ, ਭਾਰਤ ਕੋਲੋਨੀ ਨਾਭਾ ਰੋਡ, ਪ੍ਰਤਾਪ ਨਗਰ, ਕਾਕਾ ਕੋਲੋਨੀ, ਸਾਈ ਮਾਰਕੀਟ ਤੋਂ ਰਾਘੋ ਮਾਜਰਾ, ਘੁੰਮਣ ਨਗਰ ਏ ਤੇ ਬੀ ਆਦਿ ਜਾ ਕੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜਿੱਥੇ ਮੌਕੇ ਉੱਤੇ ਮਿਲੇ ਲਾਰਵੇ ਨੂੰ ਨਸ਼ਟ ਕਰਵਾਇਆ ਗਿਆ ਉੱਥੇ ਹੀ ਲੋਕਾਂ ਨੂੰ ਡੇਂਗੂ ਤੇ ਚਿਕਨਗੁਨੀਆਂ ਵਰਗੀਆਂ ਬਿਮਾਰੀਆਂ ਬਾਰੇ ਜਾਗਰੂਕ ਵੀ ਕੀਤਾ ਗਿਆ। ਜ਼ਿਲ੍ਹਾ ਐਪੀਡੈਮੋਲੋਜਿਸਟ ਡਾ.ਸੁਮੀਤ ਸਿੰਘ ਵੱਲੋਂ ਟੀਮਾਂ ਦਾ ਨਿਰੀਖਣ ਕੀਤਾ ਗਿਆ।

ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ 2/ ਆਖਿਆ ਕਿ ਪਟਿਆਲਾ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦੇ ਇਲਾਜ ਸਬੰਧੀ ਪ੍ਰਬੰਧ ਮੁਕੰਮਲ ਹਨ ਅਤੇ ਲੋੜੀਂਦੀਆਂ ਹਰੇਕ ਤਰ੍ਹਾਂ ਦੀਆਂ ਦਵਾਈਆਂ ਮੌਜੂਦ ਹਨ ਤੇ ਸਾਰੇ ਇਲਾਕਿਆਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਚੌਕਸੀ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਪਾਣੀ ਨੂੰ ਕਿਤੇ ਖੜ੍ਹਾ ਨਾ ਹੋਣ ਦਿੱਤਾ ਜਾਵੇ ਤੇ ਜੇ ਕਿਤੇ ਪਾਣੀ ਖੜ੍ਹਾ ਰਹਿ ਵੀ ਜਾਂਦਾ ਹੈ ਤਾਂ ਪਾਣੀ ਦੇ ਖੜ੍ਹੇ ਸਰੋਤਾਂ ਵਿੱਚ ਕਾਲਾ ਤੇਲ ਪਾ ਦਿੱਤਾ ਜਾਵੇ। ਜੇ ਕਿਸੇ ਨੂੰ ਤੇਜ਼ ਬੁਖ਼ਾਰ, ਸਿਰਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਮਹਿਸੂਸ ਹੁੰਦਾ ਹੈ ਤੇ ਸਾਰੇ ਸ਼ਰੀਰ ਵਿੱਚ ਦਰਦ ਹੁੰਦਾ ਹੈ ਤਾਂ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਡੇਂਗੂ ਸਬੰਧੀ ਜਾਂਚ ਕਰਵਾਈ ਜਾਵੇ। ਇਸ ਸਮੇਂ ਪਟਿਆਲਾ ਸ਼ਹਿਰੀ ਅਤੇ ਨਾਭਾ ਤਹਿਸੀਲ ਦਾ ਇਲਾਕਾ ਡੇਂਗੂ ਦੇ ਲਈ ਹਾਟ-ਸਪਾਟ ਬਣੇ ਹੋਏ ਹਨ, ਇੱਥੇ ਰਿਪੋਰਟ ਹੋਏ ਸਾਰੇ ਕੇਸ ਪੰਚਾਇਤਾਂ, ਮਿਉਂਸੀਪਲ ਕਮੇਟੀ ਅਤੇ ਨਗਰ ਨਿਗਮ ਨਾਲ ਸਾਂਝੇ ਕੀਤੇ ਜਾ ਰਹੇ ਹਨ ਤਾਂ ਜ ਉਹਨਾਂ ਵੱਲੋਂ ਫੋਗਿੰਗ ਸਮੇਂ ਸਿਰ ਕਰਵਾਈ ਜਾ ਸਕੇ।

ਜ਼ਿਲ੍ਹਾ ਐਪੀਡੈਮੋਲੋਜਿਸਟ ਡਾ.ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜਿਲ੍ਹੇ ਵਿੱਚ ਹੁਣ ਤੱਕ 232 ਡੇਂਗੂ ਦੇ ਕੇਸ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਹਫਤੇ ਜਿਲ੍ਹੇ ਭਰ ਦੇ 40756 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 546 ਥਾਂਵਾਂ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 890079 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 8433 ਥਾਂਵਾਂ ਤੇ ਮਿਲੇ ਲਾਰਵਾ ਨੂੰ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਉਹਨਾਂ ਆਖਿਆ ਕਿ ਡੇਂਗੂ ਬੁਖਾਰ ਫੈਲਾਉਣ ਵਾਲੇ ਮੱਛਰਾਂ ਦੀ ਪੈਦਾਵਾਰ ਦਾ ਇਹ ਸਿਖਰ ਸਮਾਂ ਹੈ ਇਸ ਲਈ ਦਿਨ ਦੇ ਸਮੇਂ ਜਾਲੀ ਵਾਲੇ ਖਿੜਕੀ ਦਰਵਾਜੇ ਬੰਦ ਰੱਖੇ ਜਾਣ, ਦਿਨ ਵੇਲੇ ਮੱਛਰ ਭਜਾਉਣ ਵਾਲੀ ਰਿਪੇਲੇਂਟ ਜਿਵੇਂ ਕਿ ਆਲ-ਆਉਟ ਆਦਿ ਲਗਾਏ ਜਾਣ। ਉਹਨਾਂ ਆਖਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਡੇਂਗੂ ਫਲਾਉਣ ਵਾਲੇ ਏਡੀਜ਼ ਮੱਛਰ ਦੇ ਲਾਰਵੇ ਦੀ ਤਦਾਦ ਜਿਆਦਾ ਮਿਲ ਰਹੀ ਹੈ, ਆਉਣ ਵਾਲੇ ਹਫਤੇ ਵਿੱਚ ਮੌਸਮ ਵਿਭਾਗ ਵੱਲੋਂ ਫਿਰ ਇੱਕ ਵਾਰ ਮੀਂਹ ਪੈਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਇਸ ਲਈ ਹਰੇਕ ਵਿਅਕਤੀ ਆਪਣੇ ਘਰ ਵਿੱਚ ਛੱਤਾਂ ਜਾਂ ਖੁੱਲੇ ਵਿੱਚ ਪਏ ਕਬਾੜ ਸਮਾਨ ਨੂੰ ਟਟਾਵੇ ਤਾਂ ਜੋ ਮੀਂਹ ਦੇ ਪਾਣੀ ਦੀ ਖੜੋਤ ਨਾ ਹੋਵੇ।



.ਐਸ.ਐਮ.ਓ ਭਾਦਸੋਂ ਅਤੇ ਸਿਹਤ ਵਿਭਾਗ ਦੀ ਟੀਮ ਅਲੋਹਰਾਂ ਖੁਰਦ ਵਿੱਖੇ ਡੇਂਗੂ ਲਾਰਵੇ ਦੀ ਚੇਕਿੰਗ ਕਰਦੀ ਹੋਏ।

# ਐਡੀਸ਼ਨਲ ਮੈਂਬਰ (RE), ਰੇਲਵੇ ਬੋਰਡ ਵੱਲੋਂ ਪਟਿਆਲਾ ਲੋਕੋਮੋਟਿਵ ਵਰਕਸ ਦਾ ਦੌਰਾ



**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਮੇਂਦਰਾ ਕੁਮਾਰ ਤਿਵਾਰੀ, ਐਡੀਸ਼ਨਲ ਮੈਂਬਰ (ਆਰ ਈ), ਰੇਲਵੇ ਬੋਰਡ ਨੇ ਅੱਜ ਪਟਿਆਲਾ ਲੋਕੋਮੋਟਿਵ ਵਰਕਸ (ਪੀ ਐਲ ਡਬਲਯੂ) ਦਾ ਦੌਰਾ ਕੀਤਾ। ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਸ਼੍ਰੀ ਰਾਜੇਸ਼ ਮੋਹਨ, ਪ੍ਰਿੰਸਿਪਲ ਚੀਫ਼ ਐਡਮਿਨਿਸਟ੍ਰੇਟਿਵ ਅਫ਼ਸਰ (ਪੀ.ਸੀ.ਏ.ਓ.) ਅਤੇ ਪੀ ਐਲ ਡਬਲਯੂ ਦੇ ਸੀਨੀਅਰ ਅਫ਼ਸਰਾਂ ਵੱਲੋਂ ਕੀਤਾ ਗਿਆ। ਦੌਰੇ ਦੌਰਾਨ ਸ਼੍ਰੀ ਤਿਵਾਰੀ ਨੂੰ ਪੀ ਐਲ ਡਬਲਯੂ ਵਿੱਚ ਕੀਤੀਆਂ ਤਾਜ਼ਾ ਤਕਨਾਲੋਜੀ ਪ੍ਰਗਤੀਆਂ ਅਤੇ ਨਵੇਂ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਨੇਤਰਾ (NETRA) ਪ੍ਰੋਜੈਕਟ, ਏ.ਆਈ. ਅਧਾਰਿਤ ਓ.ਏਚ.ਈ. ਮੇਨਟੇਨੈਂਸ ਪ੍ਰੋਜੈਕਟ ਅਤੇ ਨਵੀਕਰਣਯੋਗ ਊਰਜਾ ਸੰਬੰਧੀ ਉਪਰਾਲਿਆਂ ਬਾਰੇ ਵਿਸਥਾਰ ਨਾਲ ਪ੍ਰਜ਼ੈਂਟੇਸ਼ਨ ਦਿੱਤਾ ਗਿਆ।

ਉਨ੍ਹਾਂ ਨੇ ਐਡਮਿਨਿਸਟ੍ਰੇਟਿਵ ਬਿਲਡਿੰਗ ਅਤੇ ਵਰਕਸ਼ਾਪ ਵਿੱਚ ਸਥਾਪਿਤ ਸੋਲਰ ਪਲਾਂਟ ਦਾ ਵੀ ਦੌਰਾ ਕੀਤਾ ਅਤੇ ਹਰੀ ਊਰਜਾ ਅਤੇ ਟਿਕਾਊ ਵਿਕਾਸ ਵੱਲ ਪੀ ਐਲ ਡਬਲਯੂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਇਸ ਤੋਂ ਬਾਅਦ ਸ਼੍ਰੀ ਤਿਵਾਰੀ ਨੇ ਪੀ.ਸੀ.ਏ.ਓ. ਅਤੇ ਹੋਰ ਸੰਬੰਧਤ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਚੱਲ ਰਹੀਆਂ ਪਰਿਯੋਜਨਾਵਾਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਗੱਲਬਾਤ ਕੀਤੀ।

ਸ਼੍ਰੀ ਤਿਵਾਰੀ ਦਾ ਇਹ ਦੌਰਾ ਰਚਨਾਤਮਕ ਸੰਵਾਦ ਲਈ ਇੱਕ ਵਧੀਆ ਮੌਕਾ ਬਣਿਆ ਅਤੇ ਇਸ ਨੇ ਪੀ ਐਲ ਡਬਲਯੂ ਦੇ ਆਧੁਨਿਕ ਤਕਨਾਲੋਜੀ ਅਪਣਾਉਣ, ਊਰਜਾ-ਕੁਸ਼ਲਤਾ ਵਧਾਉਣ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਦੇ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ।

# ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ ਜਾਵੇਗਾ: ਹਰਜੋਤ ਬੈਂਸ



**ਚੰਡੀਗੜ੍ਹ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਦੇਸ਼ ਭਰ ਵਿੱਚ ਸ਼ਾਨਦਾਰ ਸਮਾਗਮਾਂ ਦੀ ਲੜੀ ਕਰਵਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਲੜੀ ਦੌਰਾਨ ਨਗਰ ਕੀਰਤਨ, ਕੀਰਤਨ ਦਰਬਾਰ, ਲਾਈਟ ਐਂਡ ਸਾਊਂਡ ਸ਼ੋਅ, ਡਰੋਨ ਸ਼ੋਅ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਮੁੱਖ ਧਾਰਮਿਕ ਇਕੱਠਾਂ ਸਮੇਤ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਣਗੇ ਜੋ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਅਤੇ ਧਰਮ ਨਿਰਪੱਖਤਾ ਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਉਜਾਗਰ ਕਰਨਗੇ। ਇਨ੍ਹਾਂ ਸਮਾਗਮਾਂ ਦਾ ਉਦੇਸ਼ ਗੁਰੂ ਸਾਹਿਬ ਦੇ ਧਰਮ ਨਿਰਪੱਖਤਾ, ਵਿਸ਼ਵਵਿਆਪੀ ਭਾਈਚਾਰੇ ਅਤੇ ਲਾਸਾਨੀ ਕੁਰਬਾਨੀ ਦੇ ਸਦੀਵੀ ਸੰਦੇਸ਼ ਦਾ ਪ੍ਰਚਾਰ ਕਰਨਾ ਅਤੇ ਸਾਰੇ ਭਾਈਚਾਰਿਆਂ ਦੇ ਲੋਕਾਂ ਵਿੱਚ ਸਦਭਾਵਨਾ ਅਤੇ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ।

ਅੱਜ ਇੱਥੇ ਸੈਰ-ਸਪਾਟਾ ਵਿਭਾਗ ਦੇ ਦਫ਼ਤਰ ਵਿਖੇ ਧਾਰਮਿਕ ਪੈਨਲ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਉਪਰੰਤ, ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਦੇ ਸਲਾਹਕਾਰ ਸ੍ਰੀ ਦੀਪਕ ਬਾਲੀ ਨਾਲ ਮੀਡੀਆ ਨੂੰ ਸੰਬੋਧਨ ਕੀਤਾ। ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 'ਹਿੰਦ ਦੀ ਚਾਦਰ' 9ਵੇਂ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਵਸ ਪ੍ਰਤੀ ਡੂੰਘੀ ਸ਼ਰਧਾ ਤਹਿਤ ਕੌਮੀ ਪੱਧਰ 'ਤੇ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਕੁਰਬਾਨੀ, ਧਰਮ ਨਿਰਪੱਖਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਸਬੰਧੀ ਵਿਰਾਸਤ ਦੇ ਪ੍ਰਸਾਰ ਲਈ ਸਮਾਗਮਾਂ ਦੀ ਲੜੀ ਕਰਵਾਉਣ ਦੀ ਯੋਜਨਾ ਉਲੀਕੀ ਗਈ ਹੈ। ਇਹਨਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਚਾਰ ਨਗਰ ਕੀਰਤਨਾਂ ਨਾਲ ਕੀਤੀ ਜਾਵੇਗੀ। ਇਹਨਾਂ ਵਿੱਚੋਂ ਇੱਕ ਨਗਰ ਕੀਰਤਨ 18 ਨਵੰਬਰ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ, ਸ੍ਰੀਨਗਰ (ਜੰਮੂ ਅਤੇ ਕਸ਼ਮੀਰ) ਤੋਂ ਸ਼ੁਰੂ ਹੋਵੇਗਾ। ਇਸ ਨਗਰ ਕੀਰਤਨ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਾਮਲ ਹੋਣਗੇ, ਜਦੋਂ ਕਿ ਬਾਕੀ ਤਿੰਨ ਨਗਰ ਕੀਰਤਨ ਮਾਲਵਾ (ਫਰੀਦਕੋਟ ਅਤੇ ਬਠਿੰਡਾ), ਅਤੇ ਮਾਝਾ ਤੇ ਦੋਆਬਾ ਖੇਤਰਾਂ ਤੋਂ ਸ਼ੁਰੂ ਹੋਣਗੇ। ਚਾਰੇ ਨਗਰ ਕੀਰਤਨ 22 ਨਵੰਬਰ ਦੀ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣਗੇ।

ਉਨ੍ਹਾਂ ਕਿਹਾ ਕਿ ਸ਼ਹੀਦੀ ਸਮਾਗਮਾਂ ਦੀ ਰਸਮੀ ਸ਼ੁਰੂਆਤ 25 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ ਨਾਲ ਹੋਵੇਗੀ, ਜਿਸ ਉਪਰੰਤ ਉਸੇ ਸ਼ਾਮ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਕੀਰਤਨ ਦਰਬਾਰ ਸਜਾਇਆ ਜਾਵੇਗਾ। ਇਸ ਉਪਰੰਤ ਮੁੱਖ ਸਮਾਗਮ 23 ਤੋਂ 25 ਨਵੰਬਰ ਤੱਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਏ ਜਾਣਗੇ, ਜਿਸ ਵਿੱਚ ਦੁਨੀਆ ਭਰ ਤੋਂ ਇੱਕ ਕਰੋੜ ਤੋਂ ਵੱਧ ਸੰਗਤ ਦੇ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ 19 ਤੋਂ 30 ਨਵੰਬਰ ਤੱਕ ਸੰਗਤ ਦੇ ਰਹਿਣ ਲਈ ਟੈਂਟ ਸਿਟੀ ਸਥਾਪਤ ਕੀਤੀ ਜਾਵੇਗੀ, ਜਿਸ ਵਿੱਚ ਰੋਜ਼ਾਨਾ 10,000 ਸੰਗਤਾਂ ਦੇ ਰਹਿਣ ਦਾ ਇੰਤਜ਼ਾਮ ਹੋਵੇਗਾ। ਇੱਥੇ ਹੋਣ ਵਾਲੇ ਸਮਾਗਮਾਂ ਵਿੱਚ ਅਖੰਡ ਪਾਠ ਸਾਹਿਬ ਅਤੇ ਸਰਬ ਧਰਮ ਸੰਮੇਲਨ, ਪ੍ਰਦਰਸ਼ਨੀਆਂ ਅਤੇ ਡਰੋਨ ਸ਼ੋਅ ਸ਼ਾਮਲ ਹੋਣਗੇ। ਸ. ਬੈਂਸ ਨੇ ਅੱਗੇ ਕਿਹਾ ਕਿ ਗੁਰੂ ਜੀ ਦੇ ਜੀਵਨ ਅਤੇ ਸ਼ਹਾਦਤ ਨੂੰ ਦਰਸਾਉਂਦਾ ਪੰਜਾਬ ਦਾ ਪਲੇਠਾ ਤੇ ਨਵੇਕਲਾ ਡਰੋਨ ਸ਼ੋਅ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਕੀਰਤਪੁਰ ਸਾਹਿਬ ਤੋਂ ਇੱਕ ਵਿਸ਼ੇਸ਼ ਨਗਰ ਕੀਰਤਨ ਕੱਢਿਆ ਜਾਵੇਗਾ। ਪੰਜਾਬ ਵਿਧਾਨ ਸਭਾ ਦਾ ਇੱਕ ਇਤਿਹਾਸਕ ਸੈਸ਼ਨ 24 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਉਣ ਦਾ ਪ੍ਰਸਤਾਵ ਵੀ ਹੈ। ਇਹ ਸਮਾਰੋਹ 'ਹੁਕਮਨਾਮਾ', ਰਸ-ਭਿੰਨੇ ਕੀਰਤਨ, ਅਤੇ 'ਸਰਬੱਤ ਦੇ ਭਲੇ' ਦੀ ਅਰਦਾਸ ਸੰਪੰਨ ਹੋਵੇਗਾ ਅਤੇ ਇਸ ਦੌਰਾਨ ਰਾਜ ਭਰ ਵਿੱਚ ਖੂਨਦਾਨ ਕੈਂਪਾਂ ਤੋਂ ਇਲਾਵਾ 3.50 ਲੱਖ ਪੌਦੇ ਲਗਾਉਣ ਵਾਲੀ ਮੈਗਾ ਮੁਹਿੰਮ ਚਲਾਈ ਜਾਵੇਗੀ। ਇਸ ਤੋਂ ਇਲਾਵਾ ਸਿਹਤ ਵਿਭਾਗ ਵੱਲੋਂ ਅੰਗ ਦਾਨ ਕਰਨ ਦਾ ਪ੍ਰਣ ਲੈਣ ਸਬੰਧੀ ਸਮਾਗਮ ਵੀ ਕਰਵਾਇਆ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ 1 ਤੋਂ 18 ਨਵੰਬਰ ਤੱਕ, ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ 'ਚ 9ਵੇਂ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਮੁਰੀਦਾਂ- ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ ਜੀਵਨ 'ਤੇ ਅਧਾਰਿਤ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ 130 ਪਵਿੱਤਰ ਸਥਾਨਾਂ 'ਤੇ ਕੀਰਤਨ ਦਰਬਾਰ ਵੀ ਕਰਵਾਏ ਜਾਣਗੇ। ਗੁਰੂ ਜੀ ਦੇ ਜੀਵਨ ਨਾਲ ਜੁੜੇ ਹੋਰ ਪ੍ਰਮੁੱਖ ਸ਼ਹਿਰਾਂ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਬਾਬਾ ਬਕਾਲਾ ਅਤੇ ਪਟਿਆਲਾ ਸ਼ਾਮਲ ਹਨ, ਲਈ ਵੀ ਵੱਡੇ ਸਮਾਗਮਾਂ ਦੀ ਯੋਜਨਾ ਬਣਾਈ ਗਈ ਹੈ।

# ਭਾਰੀ ਬਾਰਿਸ਼ ਦੀ ਸੰਭਾਵਨਾ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼

**ਜਲੰਧਰ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਆਉਣ ਵਾਲੀ 6, 7 ਅਤੇ 8 ਅਕਤੂਬਰ ਨੂੰ ਮੌਸਮ ਵਿਭਾਗ ਵੱਲੋਂ ਭਾਰੀ ਬਾਰਿਸ਼ ਦੀ ਸੰਭਾਵਨਾ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਬੰਧਤ ਅਧਿਕਾਰੀਆਂ ਨੂੰ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਨੂੰ ਕਿਹਾ ਕਿ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਲਈ ਲੋੜੀਂਦੇ ਇੰਤਜ਼ਾਮ ਪਹਿਲਾਂ ਹੀ ਕਰ ਲਏ ਜਾਣ। ਖਾਸ ਕਰ ਨੀਵੇਂ ਇਲਾਕਿਆਂ ਸਮੇਤ ਜਿਥੇ-ਜਿਥੇ ਪਾਣੀ ਜਮ੍ਹਾ ਹੋਣ ਦੀ ਸੰਭਾਵਨਾ ਹੈ, ਉਥੇ ਲੋੜੀਂਦੀ ਮਸ਼ੀਨਰੀ ਲਈ ਅਗਾਊਂ ਹੀ ਪ੍ਰਬੰਧ ਕਰ ਲਿਆ ਜਾਵੇ ਤਾਂ ਜੋ ਪਾਣੀ ਜਮ੍ਹਾ ਹੋਣ ਦੀ ਸਥਿਤੀ ਵਿੱਚ ਲੋੜ ਪੈਣ 'ਤੇ ਮਸ਼ੀਨਰੀ ਨੂੰ ਤੁਰੰਤ ਤਾਇਨਾਤ ਕੀਤਾ ਜਾ ਸਕੇ। ਉਨ੍ਹਾਂ ਸਲਿੱਪ ਸੜਕਾਂ 'ਤੇ ਵਿਸ਼ੇਸ਼ ਨਜ਼ਰ ਰੱਖਣ ਦੀ ਹਦਾਇਤ ਕੀਤੀ।

ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪੰਪਿੰਗ ਸਟੇਸ਼ਨਾਂ ਦੇ ਨਿਰਵਿਘਨ ਸੰਚਾਲਨ ਲਈ ਐਸ.ਟੀ.ਪੀਜ਼ 'ਤੇ ਬਿਜਲੀ ਦਾ ਬੈਕਅਪ ਲਾਜ਼ਮੀ ਤੌਰ 'ਤੇ ਉਪਲਬਧ ਹੋਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਤਕਨੀਕੀ ਖ਼ਰਾਬੀ ਜਾਂ ਬਿਜਲੀ ਸਪਲਾਈ ਬੰਦ ਹੋਣ ਦੀ ਸੂਰਤ ਵਿੱਚ ਪਾਣੀ ਦੀ ਨਿਕਾਸੀ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾ ਆਵੇ। ਇਸ ਮੌਕੇ ਨਗਰ ਨਿਗਮ ਜਲੰਧਰ ਦੇ ਕਮਿਸ਼ਨਰ ਸੰਦੀਪ ਰਿਸ਼ੀ ਵੀ ਮੌਜੂਦ ਸਨ।ਡਾ. ਅਗਰਵਾਲ ਨੇ ਐਸ.ਡੀ.ਐਮਜ਼ ਨੂੰ ਸਤਲੁਜ ਦਰਿਆ ਦੇ ਨਾਲ ਲੱਗਦੇ ਨਾਜ਼ੁਕ ਖੇਤਰਾਂ ਵਿੱਚ ਲੋਕਾਂ ਨੂੰ ਸੰਭਾਵੀ ਭਾਰੀ ਬਾਰਿਸ਼ ਦੇ ਮੱਦੇਨਜ਼ਰ ਅਹਿਤਿਆਤ ਵਰਤਣ ਲਈ ਸੁਚੇਤ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਲੋਕਾਂ ਨੂੰ ਉੱਚੀਆਂ ਤੇ ਸੁਰੱਖਿਅਤ ਥਾਵਾਂ 'ਤੇ ਲਿਜਾਣ ਲਈ ਪਹਿਲਾਂ ਹੀ ਸਾਰੇ ਜ਼ਰੂਰੀ ਪ੍ਰਬੰਧ ਕਰ ਲਏ ਜਾਣ। ਇਸ ਤੋਂ ਇਲਾਵਾ ਜਿਥੇ ਕਿਤੇ ਦਰਿਆ ਦੇ ਕਿਨਾਰਿਆਂ ਦੇ ਮਜ਼ਬੂਤੀਕਰਨ ਦੀ ਲੋੜ ਹੈ, ਤੁਰੰਤ ਕੀਤਾ ਜਾਵੇ ਤਾਂ ਜੋ ਕਿਸੇ ਵੀ ਅਣਸੁਖਾਵੀਂ ਸਥਿਤੀ ਤੋਂ ਬਚਿਆ ਜਾ ਸਕੇ। ਉਨ੍ਹਾਂ ਵੇਈਂ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਵੀ ਵਿਸ਼ੇਸ਼ ਤਵੱਜੋਂ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੁਚੇਤ ਕਰਨ ਦੇ ਨਾਲ-ਨਾਲ ਲੋੜੀਂਦੀ ਮਸ਼ੀਨਰੀ ਉਪਲਬਧ ਹੋਣੀ ਚਾਹੀਦੀ ਹੈ ਤਾਂ ਜੋ ਪਾਣੀ ਜਮ੍ਹਾ ਹੋਣ ਦੀ ਸਮੱਸਿਆ ਤੋਂ ਬਚਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ 6 ਅਤੇ 8 ਅਕਤੂਬਰ ਨੂੰ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਉਤਸਵ ਸਮਾਗਮਾਂ ਦੇ ਮੱਦੇਨਜ਼ਰ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਦੇ ਰੂਟ 'ਤੇ ਖਾਸ ਧਿਆਨ ਦੇਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਜਿੱਥੇ ਕਿਤੇ ਵੀ ਸੜਕਾਂ ਦੀ ਮੁਰੰਮਤ ਦੀ ਲੋੜ ਹੈ, ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੋ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਪਿੰਡ ਮੰਡਾਲਾ ਛੰਨਾ ਵਿਖੇ ਬੰਨ੍ਹ ਦੀ ਮਜ਼ਬੂਤੀ ਲਈ ਚੱਲ ਰਹੇ ਕੰਮ ਦਾ ਵੀ ਜਾਇਜ਼ਾ ਲਿਆ ਅਤੇ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨੂੰ ਡੀਸਿਲਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਆਮ ਲੋਕਾਂ ਨੂੰ ਵੀ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਘਰ ਕੱਚੇ ਹਨ ਜਾਂ ਹਾਲ ਹੀ ਵਿੱਚ ਹੋਈਆਂ ਬਾਰਿਸ਼ਾਂ ਕਾਰਨ ਕਮਜ਼ੋਰ ਹੋ ਚੁੱਕੇ ਹਨ, ਉਹ ਭਾਰੀ ਬਾਰਿਸ਼ ਦੇ ਅਨੁਮਾਨ ਨੂੰ ਧਿਆਨ ਵਿੱਚ ਰੱਖਦਿਆਂ ਜ਼ਰੂਰੀ ਅਹਿਤਿਆਤ ਵਰਤਣ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਹਰ ਸੰਭਵ ਸਹਾਇਤਾ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰੀ ਬਾਰਿਸ਼ ਦੀ ਸੰਭਾਵਨਾ ਦੇ ਮੱਦੇਨਜ਼ਰ ਪੁਖ਼ਤਾ ਬੰਦੋਬਸਤ ਕੀਤੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਵਦੀਪ ਕੌਰ, ਐਸ.ਡੀ.ਐਮ. ਸ਼ਾਇਰੀ ਮਲਹੋਤਰਾ, ਲਾਲ ਵਿਸ਼ਵਾਸ ਬੈਂਸ ਅਤੇ ਸ਼ੁਭੀ ਆਂਗਰਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਕੁਸ਼ਟ ਰੋਗ ਦੇ ਮਰੀਜ਼ਾਂ ਨਾਲ ਨਾ ਕੀਤਾ ਜਾਵੇ ਸਮਾਜਕ ਭੇਦ ਭਾਵ : ਸਹਾਇਕ ਸਿਵਲ ਸਰਜਨ



**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਾਂਧੀ ਜਯੰਤੀ ਮੌਕੇ ਕੁਸ਼ਟ ਰੋਗ ਦੀ ਜਾਗਰੁਕਤਾ ਅਤੇ ਖਾਤਮੇ ਸਬੰਧੀ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਵਿਖੇ ਮਰੀਜ਼ਾਂ ਨੂੰ ਕੁਸ਼ਟ ਰੋਗ ਦੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰਚਨਾ ਨੇ ਆਖਿਆ ਕਿ ਸਾਨੂੰ ਕੁਸ਼ਟ ਰੋਗੀਆਂ ਨਾਲ ਕਿਸੇ ਤਰਾਂ ਦਾ ਵਿਤਕਰਾ ਅਤੇ ਸਮਾਜਕ ਭੇਦ ਭਾਵ ਨਹੀਂ ਕਰਨਾ ਚਾਹੀਦਾ।ਉਨ੍ਹਾਂ ਆਖਿਆ ਕਿ ਭਾਰਤ ਨੂੰ ਕੁਸ਼ਟ ਮੁਕਤ ਬਣਾਉਣ ਲਈ ਸਰਕਾਰਾਂ ਯਤਨਸ਼ੀਲ ਹਨ। ਉਨ੍ਹਾਂ ਦੱਸਿਆ ਕਿ ਕੁਸ਼ਟ ਰੋਗ ਚਮੜੀ ਦਾ ਰੋਗ ਹੈ ਜੋ ਕਿ ਵਿਸ਼ੇਸ਼ ਕਿਟਾਣੂ ਲੈਪਰਾ ਬੈਸੀਲਾਈ ਦੁਆਰਾ ਹੁੰਦਾ ਹੈ। ਇਸ ਮੌਕੇ ਡਾ. ਅਮਨਪ੍ਰੀਤ ਕੌਰ ਨੇ ਆਖਿਆ ਕਿ ਇਸ ਬਿਮਾਰੀ ਦਾ ਸਹੀ ਸਮੇਂ ਤੇ ਸਹੀ ਇਲਾਜ ਕਰਵਾਉਣ ਨਾਲ ਸ਼ਰੀਰ ਦੇ ਅੰਗਾਂ ਦੀ ਕਰੂਪਤਾਂ ਅਤੇ ਅਪਾਹਜਪਣ ਤੋਂ ਬਚਿਆ ਜਾ ਸਕਦਾ ਹੈ।ਇਸ ਬਿਮਾਰੀ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ, ਸਿਹਤ ਕੇਂਦਰਾਂ ਅਤੇ ਸਰਕਾਰੀ ਡਿਸਪੈਂਸਰੀਆਂ ਵਿੱਚ ਮਲਟੀ ਡਰੱਗ ਥੈਰੈਪੀ ਰਾਹੀਂ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਨਾਲ ਮਾਸ ਮੀਡੀਆ ਅਫਸਰ ਕੁਲਬੀਰ ਕੌਰ, ਜਸਜੀਤ ਕੌਰ, ਡਿਪਟੀ ਮਾਸ ਮੀਡੀਆ ਅਫਸਰ ਜੁਪਿੰਦਰ ਪਾਲ ਕੌਰ, ਬੀਈਈ ਸ਼ਿਆਨ ਜ਼ਫਰ, ਏਐਨਐਮ ਰਣਜੀਤ ਕੌਰ ਤੇ ਬਿੱਟੂ ਹਾਜ਼ਰ ਸੀ।

# ਜ਼ਿਲ੍ਹਾ ਮੈਜਿਸਟ੍ਰੇਟ ਨੇ ਪ੍ਰੈਗਾਬਲਿਨ 75 ਐਮ.ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਲਗਾਈ ਪਾਬੰਦੀ

**ਮਾਨਸਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀਮਤੀ ਨਵਜੋਤ ਕੌਰ IAS ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਵਿੱਚ ਪ੍ਰੈਗਾਬਲਿਨ (Pregabalin) 75 ਐਮ.ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਕਿਹਾ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰੀਸਕਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਸਿਵਲ ਸਰਜਨ ਮਾਨਸਾ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਪ੍ਰੈਗਾਬਲਿਨ ਕੰਨਟੇਨਿੰਗ 300 ਐਮ.ਜੀ. ਕੈਪਸੂਲ ਦੀ ਆਮ ਲੋਕਾਂ ਵੱਲੋਂ ਗਲਤ ਵਰਤੋਂ ਕੀਤੀ ਜਾ ਰਹੀ ਹੈ ਅਤੇ ਕਈ ਲੋਕਾਂ ਵੱਲੋਂ ਇਸ ਨੂੰ ਨਸ਼ੇ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ (ਸਿਗਨੇਚਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ)। ਉਨ੍ਹਾਂ ਵੱਲੋਂ ਜ਼ਿਲ੍ਹਾ ਮਾਨਸਾ ਵਿੱਚ ਇਸ ਦੀ ਵਿਕਰੀ 'ਤੇ ਬੈਨ ਲਗਾਉਣ ਦੀ ਮੰਗ ਕੀਤੀ ਗਈ ਹੈ।

# ਪਟਿਆਲਾ ਫਾਊਂਡੇਸ਼ਨ ਨੇ ਜਲ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਿਖੇ ਕਮਿਊਨਿਟੀ ਡਰਾਈ ਲੀਫ ਕੰਪੋਸਟਰ ਕੀਤਾ ਲਾਂਚ

**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਫਾਊਂਡੇਸ਼ਨ ਨੇ 8 ਅਕਤੂਬਰ, 2025 ਨੂੰ ਜਲ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਿਖੇ ਇੱਕ ਕਮਿਊਨਿਟੀ ਡਰਾਈ ਲੀਫ ਕੰਪੋਸਟਰ (DLC) ਲਾਂਚ ਅਤੇ ਸਥਾਪਿਤ ਕਰਕੇ ਟਿਕਾਊ ਸ਼ਹਿਰੀ ਜੀਵਨ ਵੱਲ ਇੱਕ ਹੋਰ ਕਦਮ ਚੁੱਕਿਆ। ਪ੍ਰੋਜੈਕਟ ਪ੍ਰਿਥਵੀ ਦੇ ਤਹਿਤ ਕੀਤੀ ਗਈ ਇਹ ਪਹਿਲਕਦਮੀ, ਫਾਊਂਡੇਸ਼ਨ ਦੇ ਵਾਤਾਵਰਣ ਪ੍ਰਤੀ ਜਾਗਰੂਕ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਅਤੇ ਸ਼ਹਿਰ ਦੇ ਅੰਦਰ ਜੈਵਿਕ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਸਕੇਲੇਬਲ ਹੱਲ ਪ੍ਰਦਾਨ ਕਰਨ ਦੇ ਚੱਲ ਰਹੇ ਯਤਨਾਂ ਦਾ ਹਿੱਸਾ ਹੈ। ਜਨ ਸਮਾਲ ਫਾਈਨੈਂਸ ਬੈਂਕ ਲਿਮਿਟਿਡ ਦੁਆਰਾ ਸਪਾਂਸਰ ਕੀਤੀ ਗਈ ਇਹ ਪਹਿਲਕਦਮੀ, ਵਾਤਾਵਰਣ-ਅਨੁਕੂਲ ਭਾਈਚਾਰਿਆਂ ਦੇ ਨਿਰਮਾਣ ਅਤੇ ਬਾਇਓਡੀਗ੍ਰੇਡੇਬਲ ਸ਼ਹਿਰੀ ਰਹਿੰਦ-ਖੂੰਹਦ ਦੀਆਂ ਚੁਣੌਤੀਆਂ ਦੇ ਨਿਪਟਾਰੇ ਨੂੰ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਨਾਲ ਨਜਿੱਠਣ ਵਿੱਚ ਸਾਂਝੀ ਜ਼ਿੰਮੇਵਾਰੀ ਦੀ ਵਧਦੀ ਲੋੜ ਨੂੰ ਦਰਸਾਉਂਦੀ ਹੈ।

ਅੱਜ ਦਾ ਸਮਾਗਮ ਸੰਸਥਾ ਲਈ ਬਹੁਤ ਸਾਰਥਕਤਾ ਰੱਖਦਾ ਹੈ। ਪਟਿਆਲਾ ਫਾਊਂਡੇਸ਼ਨ ਨੇ ਸ਼੍ਰੀ ਪੁਨੀਤ ਗਰਗ, ਕਾਰਜਕਾਰੀ ਇੰਜੀਨੀਅਰ-ਕਮ-ਡਿਪਟੀ ਡਾਇਰੈਕਟਰ ਐਡਮਿਨ DWSS, ਸ਼੍ਰੀ ਕਾਰਤਿਕ ਜਿੰਦਲ, ਕਾਰਜਕਾਰੀ ਇੰਜੀਨੀਅਰ, DWSS, ਸ਼੍ਰੀ ਰੁਪਿੰਦਰ ਸਿੱਧੂ, ਰਜਿਸਟਰਾਰ, DWSS, ਸ਼੍ਰੀ ਸਾਗਰ ਗੁਪਤਾ, ਜੂਨੀਅਰ ਇੰਜੀਨੀਅਰ DWSS, ਸ਼੍ਰੀ ਹਰਸਿਮਰਨ ਸਿੰਘ, ਸੀਨੀਅਰ ਸਹਯਕ ਦਾ ਧੰਨਵਾਦ ਕੀਤਾ, ਖਾਸ ਤੌਰ 'ਤੇ ਸ਼੍ਰੀਮਤੀ ਗੁਰਪ੍ਰੀਤ ਕੌਰ ਅਤੇ ਸ਼੍ਰੀ ਗਗਨ ਦਾ ਜ਼ਿਕਰ ਕੀਤਾ, ਜਿਨ੍ਹਾਂ ਨੇ DLC ਦੀ ਸਥਾਪਨਾ ਲਈ ਤਾਲਮੇਲ ਕੀਤਾ ਅਤੇ ਪਾਣੀ ਅਤੇ ਸੈਨੀਟੇਸ਼ਨ ਵਿਭਾਗ ਦੇ ਹੋਰ ਸਟਾਫ ਮੈਂਬਰਾਂ, ਮਾਲੀਆਂ ਦੇ ਨਾਲ DLC ਲਗਾਉਣ ਲਈ ਅੱਗੇ ਆਏ ਅਤੇ ਇਸਦੀ ਦੇਖਭਾਲ ਕਰਨ ਦਾ ਵੀ ਲਗਨ ਨਾਲ ਵਾਅਦਾ ਕੀਤਾ। ਉਨ੍ਹਾਂ ਨੇ ਫਾਊਂਡੇਸ਼ਨ ਦੇ ਅਜਿਹੇ ਭਾਈਚਾਰਕ-ਅਨੁਕੂਲ ਉਪਾਅ ਪੇਸ਼ ਕਰਨ ਦੇ ਦ੍ਰਿਸ਼ਟੀਕੋਣ ਦੀ ਸ਼ਲਾਘਾ ਕੀਤੀ ਜੋ ਸਿੱਧੇ ਤੌਰ 'ਤੇ ਹਰੇ-ਭਰੇ, ਸਾਫ਼-ਸੁਥਰੇ ਅਤੇ ਸਿਹਤਮੰਦ ਆਂਢ-ਗੁਆਂਢ ਵਿੱਚ ਯੋਗਦਾਨ ਪਾਉਂਦੇ ਹਨ।

ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਪਟਿਆਲਾ ਫਾਊਂਡੇਸ਼ਨ ਦੇ ਸੀਈਓ ਰਵੀ ਸਿੰਘ ਆਹਲੂਵਾਲੀਆ ਨੇ ਰੋਜ਼ਾਨਾ ਜੀਵਨ ਵਿੱਚ ਟਿਕਾਊ ਅਭਿਆਸਾਂ ਨੂੰ ਅਪਣਾਉਣ ਦੀ ਜ਼ਰੂਰੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਖਾਦ ਬਣਾਉਣ ਵਰਗੇ ਸਧਾਰਨ ਦਖਲਅੰਦਾਜ਼ੀ ਨਾ ਸਿਰਫ਼ ਹਵਾ ਪ੍ਰਦੂਸ਼ਣ ਜਾਂ ਲੈਂਡਫਿਲ ਦੇ ਬੋਝ ਨੂੰ ਕਾਫ਼ੀ ਘਟਾ ਸਕਦੇ ਹਨ, ਸਗੋਂ ਮਿੱਟੀ ਦੀ ਸਿਹਤ ਨੂੰ ਬਹਾਲ ਕਰ ਸਕਦੇ ਹਨ, ਅਤੇ ਇੱਕ ਵਾਧੂ ਲਾਭ ਵਜੋਂ ਕਮਿਊਨਿਟੀ-ਸੰਚਾਲਿਤ ਵਾਤਾਵਰਣ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰ ਸਕਦੇ ਹਨ।

ਸੁੱਕੇ ਪੱਤੇ ਵਾਲੇ ਕੰਪੋਸਟਰ ਸਿਰਫ਼ ਰਹਿੰਦ-ਖੂੰਹਦ ਪ੍ਰਬੰਧਨ ਦੇ ਇੱਕ ਸਾਧਨ ਤੋਂ ਵੱਧ ਹਨ; ਇਹ ਸਮੂਹਿਕ ਕਾਰਵਾਈ ਲਈ ਇੱਕ ਸੱਦਾ ਹਨ। ਛੋਟੀਆਂ ਵਿਵਹਾਰਕ ਤਬਦੀਲੀਆਂ ਕਰਕੇ, ਅਸੀਂ ਇਕੱਠੇ ਇੱਕ ਵਾਤਾਵਰਣ-ਚੇਤੰਨ ਸਮਾਜ ਬਣਾ ਸਕਦੇ ਹਾਂ ਜੋ ਕੁਦਰਤੀ ਸਰੋਤਾਂ ਦਾ ਸਤਿਕਾਰ ਕਰਦਾ ਹੈ ਅਤੇ ਉਹਨਾਂ ਨੂੰ ਭਰਦਾ ਹੈ। ਸ਼੍ਰੀ ਆਹਲੂਵਾਲੀਆ ਨੇ ਕਿਹਾ।

ਜਲ ਅਤੇ ਸੈਨੀਟੇਸ਼ਨ ਵਿਭਾਗ ਵਿਖੇ ਇਹ ਸਥਾਪਨਾ ਸਾਰੀਆਂ ਸੰਸਥਾਵਾਂ ਅਤੇ ਰਿਹਾਇਸ਼ੀ ਭਾਈਚਾਰਿਆਂ ਲਈ ਇੱਕ ਮਾਡਲ ਵਜੋਂ ਖੜ੍ਹੀ ਹੈ, ਜੋ ਇਹ ਦਰਸਾਉਂਦੀ ਹੈ ਕਿ ਕਿਵੇਂ ਸਥਾਨਕ ਰਹਿੰਦ-ਖੂੰਹਦ ਦੇ ਹੱਲ ਸ਼ਹਿਰਾਂ ਨੂੰ ਵਧੇਰੇ ਲਚਕੀਲਾ ਬਣਾ ਸਕਦੇ ਹਨ, ਜੇਕਰ ਅਸੀਂ ਫਰਕ ਲਿਆਉਣ ਲਈ ਕਾਫ਼ੀ ਉਤਸੁਕ ਹਾਂ। ਪਟਿਆਲਾ ਫਾਊਂਡੇਸ਼ਨ ਨੇ ਸ਼ਹਿਰ ਭਰ ਵਿੱਚ ਇਸ ਪਹਿਲਕਦਮੀ ਦਾ ਵਿਸਤਾਰ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

# ਲਾਇਨਜ਼ ਇੰਟਰਨੈਸ਼ਨਲ ਨੇ ਗਾਂਧੀ ਜਯੰਤੀ ਅਤੇ ਲਾਲ ਬਹਾਦਰ ਸ਼ਾਸਤਰੀ ਜਯੰਤੀ ਮਨਾਈ




**ਪਟਿਆਲਾ, 8 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ, ਲਾਈਨਜ਼ ਇੰਟਰਨੈਸ਼ਨਲ ਦੇ ਛੇ ਪਟਿਆਲਾ ਕਲੱਬਾਂ ਨੇ ਮਹਾਤਮਾ ਗਾਂਧੀ ਜਯੰਤੀ ਅਤੇ ਲਾਲ ਬਹਾਦਰ ਸ਼ਾਸਤਰੀ ਜਯੰਤੀ ਮਨਾਈ। ਇਸ ਮੌਕੇ, ਪ੍ਰੋਜੈਕਟ ਡਾਇਰੈਕਟਰ ਲਾਈਨਜ਼ ਸੋਹਿੰਦਰ ਕਾਂਸਲ (ਐਮਜੇਐਫ) ਨੇ ਦੱਸਿਆ ਕਿ ਜ਼ੈੱਡਸੀ ਅਨਿਲ ਮਹਿਤਾ ਅਤੇ ਜ਼ੈੱਡਸੀ ਡਾ. ਅਨਿਲ ਕਪੂਰ ਨੇ ਹੋਰ ਲਾਈਨ ਮੈਂਬਰਾਂ ਨਾਲ ਮਿਲ ਕੇ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਬੁੱਤਾਂ 'ਤੇ ਫੁੱਲ ਮਾਲਾਵਾਂ ਚੜ੍ਹਾਈਆਂ ਅਤੇ ਸ਼ਰਧਾਂਜਲੀ ਭੇਟ ਕੀਤੀ। ਪ੍ਰੋਜੈਕਟ ਇੰਚਾਰਜ ਇੰਜੀਨੀਅਰ ਨਰਿੰਦਰ ਸਿੰਘ (ਐਮਜੇਐਫ) ਨੇ ਦੱਸਿਆ ਕਿ ਲਾਈਨਜ਼ ਕਲੱਬ ਪਟਿਆਲਾ ਨਿਊ ਸੈਂਟਰਲ, ਪਟਿਆਲਾ ਫੋਰਟ, ਪਟਿਆਲਾ ਵਿਸ਼ਾਲ, ਪਟਿਆਲਾ ਕਲਾਸਿਕ, ਪਟਿਆਲਾ ਸੁਪਰੀਮ ਅਤੇ ਪਟਿਆਲਾ ਪ੍ਰੀਮੀਅਰ ਦੇ ਲਾਈਨ ਮੈਂਬਰਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ। ਲੋਕਾਂ ਵਿੱਚ ਲੱਡੂ ਵੰਡੇ ਗਏ। ਇਸ ਤੋਂ ਬਾਅਦ, ਸਾਰੇ ਲਾਈਨ ਮੈਂਬਰਾਂ ਨੇ ਪਟਿਆਲਾ ਰੇਲਵੇ ਸਟੇਸ਼ਨ ਤੇ ਸਫਾਈ ਕੀਤੀ ਅਤੇ ਪਲਾਸਟਿਕ ਦੀ ਵਰਤੋਂ ਬਾਰੇ ਜਾਗਰੂਕਤਾ ਕਿਤੀ ਅਤੇ ਇੱਕ ਰੈਲੀ ਦਾ ਆਯੋਜਨ ਕੀਤਾ। ਬਾਅਦ ਵਿੱਚ, ਉਨ੍ਹਾਂ ਨੇ ਸਟੇਸ਼ਨ 'ਤੇ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ। ਸਟੇਸ਼ਨ ਸੁਪਰਡੈਂਟ ਜਨਕ ਰਾਜ ਨੇ ਉੱਥੇ ਮੌਜੂਦ ਸਾਰਿਆਂ ਨੂੰ ਸਫਾਈ ਬਣਾਈ ਰੱਖਣ ਲਈ ਸਹੁੰ ਚੁਕਾਈ। ਰੇਲਵੇ ਸਟੇਸ਼ਨ ਦੀ ਸਫਾਈ ਕਰ ਰਹੇ ਸਫਾਈ ਕਰਮਚਾਰੀਆਂ ਨੂੰ ਲਾਈਨਜ਼ ਇੰਟਰਨੈਸ਼ਨਲ ਵੱਲੋਂ ਉਨ੍ਹਾਂ ਦੇ ਚੰਗੇ ਕੰਮ ਲਈ ਸਰਟੀਫਿਕੇਟ ਅਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਹਰਮੇਸ਼ ਸਿੰਗਲਾ, ਐਸ.ਕੇ. ਕੋਛੜ, ਡਾਕਟਰ ਵਿਜੇ ਸਿੰਗਲਾ, ਸੁਭਾਸ਼ ਗੁਪਤਾ, ਪਵਨ ਗਰਗ, ਕੇ.ਕੇ.ਬਾਂਸਲ, ਆਰ.ਐਸ ਪੰਨੂ, ਸੁਨੀਲ ਮਿੱਤਲ, ਵਰਿੰਦਰ ਵਰਮਾ, ਸੁਰੇਸ਼ ਗਰਗ, ਸਵਰਨ ਸਿੰਘ, ਗਗਨ ਗੋਇਲ, ਧਰਮਪਾਲ ਗਰਗ, ਪਿਊਸ਼ ਕੁਮਾਰ ਹੈਲਥ ਇੰਸਪੈਕਟਰ, ਮਾਨਵ ਵਰਮਾ ਅਤੇ ਹੋਰ ਵੀ ਲਾਇਨ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

# ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਜੀਵਨ ਨੇ ਭਾਰਤੀ ਦਰਸ਼ਨ ਨੂੰ ਨਵਾਂ ਅਰਥ ਦਿੱਤਾ: ਸਿਰਸਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 8 ਅਕਤੂਬਰ। ਦਿੱਲੀ ਸਰਕਾਰ ਦੇ ਵਾਤਾਵਰਣ ਮੰਤਰੀ ਅਤੇ ਸੀਨੀਅਰ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕੱਲ੍ਹ ਦਿੱਲੀ ਯੂਨੀਵਰਸਿਟੀ ਦੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਆਯੋਜਿਤ ਦੋ-ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਸ਼੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਸ਼ਹੀਦੀ ਅਤੇ ਵਿਰਾਸਤ ਵਿੱਚ ਹਿੱਸਾ ਲਿਆ। ਇਹ ਸਮਾਗਮ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਮਨਾਉਣ ਲਈ ਆਯੋਜਿਤ ਕੀਤਾ ਗਿਆ ਹੈ, ਜਿਸ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ ਉੱਘੇ ਇਤਿਹਾਸਕਾਰ, ਵਿਦਵਾਨ ਅਤੇ ਸਿੱਖਿਆ ਸ਼ਾਸਤਰੀ ਗੁਰੂ ਸਾਹਿਬ ਦੇ ਜੀਵਨ, ਦਰਸ਼ਨ ਅਤੇ ਕੁਰਬਾਨੀ ਬਾਰੇ ਆਪਣੇ ਵਿਚਾਰ ਸਾਂਝੇ ਕਰ ਰਹੇ ਹਨ। ਉਦਘਾਟਨੀ ਸੈਸ਼ਨ ਵਿੱਚ ਬੋਲਦਿਆਂ, ਸਿਰਸਾ ਨੇ ਕਿਹਾ, ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਂ ਅੱਜ ਉਸੇ ਕਾਲਜ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸੰਦੇਸ਼ 'ਤੇ ਇੰਨੀ ਮਹੱਤਵਪੂਰਨ ਕਾਨਫਰੰਸ ਦਾ ਗਵਾਹ ਬਣ ਰਿਹਾ ਹਾਂ ਜਿੱਥੇ ਮੈਂ ਆਪਣੀ ਸਿੱਖਿਆ ਪ੍ਰਾਪਤ ਕੀਤੀ ਸੀ। ਗੁਰੂ ਸਾਹਿਬ ਦਾ ਜੀਵਨ ਹਿੰਮਤ ਅਤੇ ਦਇਆ, ਅਧਿਆਤਮਿਕ ਆਜ਼ਾਦੀ ਅਤੇ ਵਿਸ਼ਵਵਿਆਪੀ ਭਾਈਚਾਰੇ ਦਾ ਇੱਕ ਸ਼ਾਨਦਾਰ ਸੰਗਮ ਹੈ। ਉਨ੍ਹਾਂ ਕਿਹਾ ਕਿ ਸਰਕਾਰ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿੱਚ 'ਗੁਰੂ ਤੇਗ ਬਹਾਦਰ ਸਟੱਡੀ ਸੈਂਟਰ' ਸਥਾਪਤ ਕਰਨ ਲਈ ਕੰਮ ਕਰ ਰਹੀ ਹੈ ਤਾਂ ਜੋ ਗੁਰੂ ਸਾਹਿਬ ਦੇ ਜੀਵਨ, ਦਰਸ਼ਨ ਅਤੇ ਯੋਗਦਾਨ 'ਤੇ ਡੂੰਘਾਈ ਨਾਲ ਅਧਿਐਨ ਅਤੇ ਖੋਜ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਆਉਣ ਵਾਲੀਆਂ ਯੋਜਨਾਵਾਂ ਦਾ ਜ਼ਿਕਰ ਕਰਦੇ ਹੋਏ, ਸਿਰਸਾ ਨੇ ਕਿਹਾ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ, ਦਿੱਲੀ ਸਰਕਾਰ ਨਵੰਬਰ ਵਿੱਚ ਲਾਲ ਕਿਲ੍ਹੇ ਵਿਖੇ ਇੱਕ ਵਿਸ਼ਾਲ



ਤਿੰਨ ਦਿਨਾਂ ਸਮਾਗਮ ਦਾ ਆਯੋਜਨ ਕਰੇਗੀ - ਉਹੀ ਸਥਾਨ ਜਿੱਥੇ ਗੁਰੂ ਸਾਹਿਬ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਗੁਰੂ ਸਾਹਿਬ ਦੇ ਸੰਦੇਸ਼ ਨੂੰ ਜਨਤਾ ਤੱਕ ਪਹੁੰਚਾਉਣ ਲਈ ਪ੍ਰਦਰਸ਼ਨੀਆਂ, ਸੱਭਿਆਚਾਰਕ ਪ੍ਰਦਰਸ਼ਨ ਅਤੇ ਲੇਜ਼ਰ ਸ਼ੋਅ ਆਯੋਜਿਤ ਕੀਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ, ਗੁਰੂ ਸਾਹਿਬਾਨ ਦੇ ਜੀਵਨ ਉਪਦੇਸ਼ਾਂ 'ਤੇ ਆਧਾਰਿਤ ਇੱਕ ਕੌਫੀ ਟੇਬਲ ਕਿਤਾਬ ਵੀ ਬਹੁਤ ਜਲਦੀ ਜਾਰੀ ਕੀਤੀ ਜਾਵੇਗੀ, ਜਿਸ ਵਿੱਚ ਵੱਖ-ਵੱਖ ਭਾਸ਼ਾਵਾਂ ਅਤੇ ਸੱਭਿਆਚਾਰਾਂ ਵਿੱਚ ਗੁਰੂ ਸਾਹਿਬ ਦੇ ਵਿਚਾਰਾਂ ਅਤੇ ਸੰਦੇਸ਼ਾਂ ਦਾ ਜ਼ਿਕਰ ਹੋਵੇਗਾ। ਇਹ ਸੈਮੀਨਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਅਤੇ ਦਿੱਲੀ ਯੂਨੀਵਰਸਿਟੀ ਦੇ ਚਾਰ ਕਾਲਜਾਂ-ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਗੁਰੂ ਨਾਨਕ ਦੇਵ ਖ਼ਾਲਸਾ ਕਾਲਜ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਕਾਮਰਸ ਅਤੇ ਮਾਤਾ ਸੁੰਦਰੀ ਕਾਲਜ ਫ਼ਾਰ ਵੂਮੈਨ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਜਾ ਰਿਹਾ ਹੈ। ਸੈਮੀਨਾਰ ਦੇ ਦੂਜੇ ਦਿਨ ਵਿਦਵਾਨਾਂ ਅਤੇ ਖੋਜਕਰਤਾਵਾਂ ਦੇ ਸੈਸ਼ਨ ਜਾਰੀ ਰਹਿਣਗੇ, ਜੋ ਗੁਰੂ ਤੇਗ ਬਹਾਦਰ ਜੀ ਦੇ ਵਿਚਾਰਾਂ, ਉਨ੍ਹਾਂ ਦੇ ਮਨੁੱਖਤਾ-ਕੇਂਦ੍ਰਿਤ ਯੋਗਦਾਨ ਅਤੇ ਭਾਰਤੀ ਦਰਸ਼ਨ 'ਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਵਿਸਥਾਰ ਨਾਲ ਚਰਚਾ ਕਰਨਗੇ।

### ਵਿਦੇਸ਼ ਭੇਜਣ ਦੇ ਨਾਂ 'ਤੇ 3.85 ਲੱਖ ਦੀ ਮਾਰੀ ਠੱਗੀ, ਇਮੀਗ੍ਰੇਸ਼ਨ ਏਜੰਟ ਖ਼?ਲਾਫ਼ ਕੇਸ ਦਰਜ

ਲੁਧਿਆਣਾ 8 ਅਕਤੂਬਰ। ਥਾਣਾ ਡਵੀਜ਼ਨ ਨੰਬਰ 7 ਦੀ ਪੁਲਸ ਨੇ ਇਕ ਇਮੀਗ੍ਰੇਸ਼ਨ ਏਜੰਟ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਇਹ ਸ਼ਿਕਾਇਤ ਹਰਮਨਪ੍ਰੀਤ ਸਿੰਘ, ਪੁੱਤਰ ਸਵਰਗੀ ਰਘੁਵੀਰ ਸਿੰਘ, ਨਿਵਾਸੀ ਮਕਾਨ ਨੰਬਰ 8037, ਗਲੀ ਨੰਬਰ 5, ਨਿਊ ਸ਼ਕਤੀ ਨਗਰ ਨੇ ਦਰਜ ਕਰਵਾਈ ਹੈ। ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਮੁਲਜ਼ਮ ਵਿਜੇ ਕੁਮਾਰ, ਜੋ ਕਿ ਜੀ. ਐਚ. ਇਮੀਗ੍ਰੇਸ਼ਨ ਕੰਪਲੈਕਸ (ਗੋਪੀਚੰਦ ਪੈਟਰੋਲ ਪੰਪ ਦੇ ਸਾਹਮਣੇ, ਸਮਰਾਲਾ ਚੌਕ, ਚੰਡੀਗੜ੍ਹ ਰੋਡ, ਲੁਧਿਆਣਾ) ਵਿਖੇ ਕੰਮ ਕਰਦਾ ਹੈ, ਨੇ ਲੋਕਾਂ ਨੂੰ ਵਿਦੇਸ਼ ਯਾਤਰਾ ਦਾ ਵਾਅਦਾ ਕਰਕੇ ਠੱਗੀ ਮਾਰੀ। ਮੁਲਜ਼ਮਾਂ ਨੇ ਸ਼ਿਕਾਇਤਕਰਤਾਵਾਂ ਦੇ ਗਾਹਕਾਂ ਗੁਰਜਿੰਦਰ ਸਿੰਘ, ਮਨੋਜ ਕੁਮਾਰ ਤੇ ਗੁਰਦੀਪ ਸਿੰਘ ਨੂੰ ਅਜ਼ਰਬੈਜਾਨ ਜਾਣ ਦਾ ਵਾਅਦਾ ਕਰਕੇ ਤੇ ਜਾਅਲੀ ਟਿਕਟਾਂ ਅਤੇ ਵੀਜ਼ਾ ਦੇ ਕੇ ਠੱਗੀ ਮਾਰੀ। ਉਨ੍ਹਾਂ ਨਾਲ ਕੁੱਲ 3,85,000 ਰੁਪਏ ਦੀ ਠੱਗੀ ਮਾਰੀ। ਜਾਂਚ ਕਰਨ 'ਤੇ ਪੁਲਸ ਨੂੰ ਪਤਾ ਲੱਗਾ ਕਿ ਮੁਲਜ਼ਮਾਂ ਨੇ ਜਾਅਲੀ ਦਸਤਾਵੇਜ਼ ਬਣਾਏ ਸਨ ਅਤੇ ਉਨ੍ਹਾਂ ਨੂੰ ਵਿਦੇਸ਼ ਭੇਜਣ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਫਿਰ ਪੈਸੇ ਇਕੱਠੇ ਕਰਨ ਤੋਂ ਬਾਅਦ ਫਰਾਰ ਹੋ ਗਏ। ਪੁਲਸ ਨੇ ਮੁਲਜ਼ਮ ਵਿਜੇ ਕੁਮਾਰ ਵਿਰੁੱਧ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 6 ਲੋਕਾਂ ਖ਼ਿਲਾਫ਼ ਮਾਮਲਾ ਦਰਜ

ਫਿਰੋਜ਼ਪੁਰ 8 ਅਕਤੂਬਰ। ਮਮਦੋਟ ਦੇ ਅਧੀਨ ਆਉਂਦੇ ਪਿੰਡ ਸਾਹਨ ਕੇ ਵਿਖੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਮਮਦੋਟ ਪੁਲਸ ਨੇ 6 ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਰਾਜਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਸਾਹਨ ਕੇ ਨੇ ਦੱਸਿਆ ਕਿ ਸੋਨਾ ਸਿੰਘ ਪੁੱਤਰ ਗੱਜਣ ਸਿੰਘ, ਸੁਨੀਲ ਸਿੰਘ ਪੁੱਤਰ ਸੋਨਾ ਸਿੰਘ, ਸਤਪਾਲ ਸਿੰਘ ਪੁੱਤਰ ਗੁਰਨੇਕ ਸਿੰਘ, ਅਜਮੇਰ ਸਿੰਘ ਪੁੱਤਰ ਬਲਵੀਰ ਸਿੰਘ, ਗੁਰਮੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀਅਨ ਸਾਹਨ ਕੇ ਨੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼?ਲਾਫ਼ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

### ਪੁਲਸ ਵੱਲੋਂ ਤਿਉਹਾਰਾਂ ਦੌਰਾਨ ਸੁਰੱਖਿਆ ਸਖ਼ਤ, ਵੱਖ-ਵੱਖ ਥਾਵਾਂ 'ਤੇ ਕੀਤੀ ਨਾਕਾਬੰਦੀ

ਲੁਧਿਆਣਾ 8 ਅਕਤੂਬਰ। ਲੁਧਿਆਣਾ ਕਮਿਸ਼ਨਰੇਟ ਪੁਲਸ ਨੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਖ਼ਤ ਰੁਖ਼ ਅਪਣਾਇਆ ਹੈ। ਸ਼ਹਿਰ ਭਰ 'ਚ ਇੱਕ ਵਿਸ਼ੇਸ਼ ਨਾਕਾਬੰਦੀ ਮੁਹਿੰਮ ਸ਼ੁਰੂ ਕੀਤੀ ਗਈ, ਜਿਸ 'ਚ ਪੁਲਸ ਨੇ ਮੁੱਖ ਸੜਕਾਂ ਤੇ ਸੰਵੇਦਨਸ਼ੀਲ ਖੇਤਰਾਂ 'ਤੇ ਵਾਹਨਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ। ਏ.ਡੀ.ਸੀ.ਪੀ. ਜ਼ੋਨ 3 ਅਧੀਨ ਆਉਂਦੇ ਪੁਲਸ ਥਾਣਿਆਂ ਦੀਆਂ ਟੀਮਾਂ ਨੇ ਸਾਂਝੇ ਤੌਰ 'ਤੇ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕੀਤੀ। ਕਾਲੀਆਂ ਫਿਲਮਾਂ, ਹਾਰਨ ਤੇ ਅਣਅਧਿਕਾਰਤ ਲਾਈਟਾਂ ਵਾਲੇ ਵਾਹਨਾਂ ਦੀ ਵਿਸ਼ੇਸ਼ ਤੌਰ 'ਤੇ ਜਾਂਚ ਕੀਤੀ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੀਤੇ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਤਿਉਹਾਰਾਂ ਦੌਰਾਨ ਕਾਨੂੰਨ ਵਿਵਸਥਾ ਬਣਾਈ ਰੱਖਣਾ, ਅਪਰਾਧ ਨੂੰ ਰੋਕਣਾ ਅਤੇ ਜਨਤਾ ਦੀ ਸੁਰੱਖਿਆ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ।

## ਪੰਜਾਬ ਸਰਕਾਰ ਨੇ ਖਿੱਚੀ 350 ਸਾਲਾ ਸ਼ਹੀਦੀ ਸਮਾਗਮਾਂ ਦੀ ਤਿਆਰੀ, ਜਾਣੋ ਕੀ ਹੈ ਪੂਰਾ ਪ੍ਰੋਗਰਾਮ

**ਕੌਮੀ ਪਤ੍ਰਿਕਾ**

ਚੰਡੀਗੜ੍ਹ 8 ਅਕਤੂਬਰ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਅੱਜ



ਸੰਤ ਸਮਾਜ ਦੀ ਬੈਠਕ ਸੱਦੀ ਗਈ ਸੀ। ਇਸ ਬੈਠਕ ਦੌਰਾਨ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਆਗੂ ਸ਼ਾਮਲ ਹੋਏ ਅਤੇ ਸ਼ਤਾਬਦੀ ਸਮਾਗਮ ਦੀਆਂ ਤਿਆਰੀਆਂ 'ਤੇ ਮੰਥਨ ਹੋਇਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ 25 ਅਕਤੂਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਅਰਦਾਸ ਕਰਕੇ ਰਸਮੀਂ ਤੌਰ 'ਤੇ ਸਮਾਗਮਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਉਸੇ ਦਿਨ ਸ਼ਾਮ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਦਿੱਲੀ ਵਿਖੇ ਕੀਰਤਨ ਦਰਬਾਰ ਹੋਵੇਗਾ। 25 ਅਕਤੂਬਰ ਤੋਂ ਬਾਅਦ ਪੰਜਾਬ ਦੇ ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਨੌਵੇਂ ਪਾਤਸ਼ਾਹ ਦੇ ਜੀਵਨ ਬਾਰੇ ਸੈਮੀਨਾਰ ਹੋਣਗੇ। ਉਨ੍ਹਾਂ ਦੱਸਿਆ ਕਿ 1 ਨਵੰਬਰ ਤੋਂ ਲੈ ਕੇ 18 ਨਵੰਬਰ ਤੱਕ ਪੰਜਾਬ ਦੇ 23 ਜ਼ਿਲ੍ਹਿਆਂ 'ਚ ਲਾਈਟ ਐਂਡ ਸਾਊਂਡ ਸ਼ੋਅ ਹੋਣਗੇ ਅਤੇ ਲੇਜ਼ਰ ਲਾਈਟਾਂ ਰਾਹੀਂ ਗੁਰੂ ਸਾਹਿਬ ਦੇ ਜੀਵਨ ਅਤੇ ਸ਼ਹਾਦਤ ਬਾਰੇ ਦੱਸਿਆ ਜਾਵੇਗਾ। ਇਸ ਦੇ ਨਾਲ ਹੀ 1 ਤੋਂ 30 ਨਵੰਬਰ ਤੱਕ ਅੰਮ੍ਰਿਤਸਰ, ਬਾਬਾ ਬਕਾਲਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਪਟਿਆਲਾ ਵਿਖੇ ਵੱਡੇ ਸਮਾਗਮ ਹੋਣਗੇ। ਇਸ ਤੋਂ ਬਾਅਦ 19 ਨਵੰਬਰ ਨੂੰ ਸਵੇਰੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਾਰੇ ਸੰਤਾਂ-ਮਹਾਂਪੁਰਸ਼ਾਂ ਦੀ ਹਾਜ਼ਰੀ 'ਚ ਸ਼?ਰੀਨਗਰ ਤੋਂ ਪਹਿਲਾ ਨਗਰ ਕੀਰਤਨ ਸ਼ੁਰੂ ਹੋਵੇਗਾ। ਇਹ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਵਿਖੇ 22 ਨਵੰਬਰ ਨੂੰ ਪੁੱਜੇਗਾ। ਇਸੇ ਤਰ੍ਹਾਂ ਕੁੱਲ 4 ਨਗਰ ਕੀਰਤਨ ਕੱਢੇ ਜਾਣਗੇ। 23, 24 ਅਤੇ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਸਮਾਗਮ ਹੋਣਗੇ। ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਇਕ ਕਰੋੜ ਤੋਂ ਵੱਧ ਸੰਗਤ ਦੇ ਇੱਥੇ ਪੁੱਜਣ ਦੀ ਸੰਭਾਵਨਾ ਹੈ। 23 ਨਵੰਬਰ ਨੂੰ ਸਵੇਰੇ 10 ਵਜੇ ਮੁੱਖ ਮੰਤਰੀ ਸੰਤਾਂ-ਮਹਾਂਪੁਰਖਾਂ ਦੀ ਹਾਜ਼ਰੀ 'ਚ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਸਰਵ ਧਰਮ ਸੰਮੇਲਨ ਹੋਵੇਗਾ ਅਤੇ 23, 24 ਅਤੇ 25 ਨਵੰਬਰ ਨੂੰ ਵਿਰਾਸਤ-ਏ-ਖ਼ਾਲਸਾ 'ਚ ਗੁਰੂ ਸਾਹਿਬ ਦੇ ਜੀਵਨ ਬਾਰੇ ਡਰੋਨ ਸ਼ੋਅ ਹੋਣਗੇ।

## ਅਮਰੀਕੀ ਫੌਜ 'ਚ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣਾ ਧਾਰਮਿਕ ਅਜ਼ਾਦੀ ਦਾ ਉਲੰਘਣ: ਐਡਵੋਕੇਟ ਧਾਮੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 8 ਅਕਤੂਬਰ: ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਦੇ ਰੱਖਿਆ ਸਕੱਤਰ ਦੇ ਅਮਰੀਕੀ ਰੱਖਿਆ ਬਲਾਂ 'ਚ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਵਾਲੇ ਬਿਆਨ ਬਾਰੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਅਮਰੀਕਾ ਸਰਕਾਰ ਕੋਲ ਮਾਮਲਾ ਉਠਾ ਕੇ ਇਸ 'ਤੇ ਰੋਕ ਲਗਾਉਣ ਲਈ ਆਖਿਆ ਹੈ। ਪੱਤਰ ਵਿੱਚ ਲਿਖਿਆ ਗਿਆ ਕਿ ਇਸ ਫੈਸਲੇ ਨਾਲ ਸਿੱਖਾਂ ਦੀਆਂ ਧਾਰਮਿਕ ਮਾਨਤਾਵਾਂ ਨੂੰ ਸੱਟ ਵੱਜੀ ਹੈ, ਇਸ ਨੂੰ ਰੋਕਿਆ ਜਾਵੇ ਅਤੇ ਸਿੱਖਾਂ ਨੂੰ ਪਹਿਲਾਂ ਵਾਂਗ ਅਮਰੀਕਾ ਦੀ ਆਰਮੀ ਵਿਚ ਆਪਣੇ ਧਰਮ ਦਾ ਪਾਲਣ ਕਰਦਿਆਂ ਸੇਵਾਵਾਂ ਦੀ ਇਜਾਜ਼ਤ ਹੋਵੇ। ਦਫ਼ਤਰ ਤੋਂ ਜਾਰੀ ਬਿਆਨ ਵਿੱਚ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਮਰੀਕਾ ਸਰਕਾਰ ਦੇ ਅਧਿਕਾਰੀ ਦਾ ਅਜਿਹਾ ਬਿਆਨ ਸਿੱਖਾਂ ਦੀਆਂ ਪ੍ਰੰਪਰਾਵਾਂ ਅਤੇ ਮੌਲਿਕ ਅਧਿਕਾਰਾਂ ਨੂੰ ਅੱਖੋ-ਪਰੋਖੇ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਆਪਣੀ ਕਾਬਲੀਅਤ ਨਾਲ ਜਿਥੇ ਪੂਰੀ ਦੁਨੀਆਂ ਵਿਚ ਚੰਗੇ ਮੁਕਾਮ ਹਾਸਲ ਕੀਤੇ ਹਨ, ਉਥੇ ਅਮਰੀਕਾ ਦੇ ਵਿਕਾਸ ਵਿੱਚ ਵੀ ਆਪਣਾ ਯੋਗਦਾਨ ਪਾਇਆ ਹੈ ਅਤੇ ਅਮਰੀਕਾ ਦੀਆਂ ਸੇਨਾਵਾਂ ਵਿਚ ਵੀ ਸਿੱਖ ਆਪਣੀ ਡਿਊਟੀ ਪੂਰੀ ਲਗਣ ਨਾਲ ਕਰ ਰਹੇ ਹਨ। ਅਜਿਹੇ ਵਿਚ ਫੌਜ ਦੀ ਡਿਊਟੀ ਦੌਰਾਨ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ



ਰੋਕਣ ਦਾ ਫੈਸਲਾ ਤਰਕਸੰਗਤ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਵੱਲੋਂ ਆਪਣੇ ਕੇਸ ਨਾ ਕੱਟਣੇ ਆਪਣੇ ਗੁਰੂ ਸਾਹਿਬਾਨ ਅਤੇ ਧਰਮ ਪ੍ਰਤੀ ਵਚਨਬਧਤਾ ਹੈ ਅਤੇ ਅਮਰੀਕਾ ਦੇ ਰੱਖਿਆ ਮੰਤਰੀ ਵੱਲੋਂ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਕਾਨੂੰਨ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਰਗੇ ਲੋਕਤੰਤਰੀ ਦੇਸ਼ ਵਿਚ ਸਿੱਖ ਭਾਈਚਾਰੇ ਨਾਲ ਅਜਿਹਾ ਵਿਤਕਰਾ ਠੀਕ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਮਰੀਕਾ ਦੇ ਸਰਬਪੱਖੀ ਵਿਕਾਸ ਵਿਚ ਸਿੱਖਾਂ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਿੱਖਾਂ ਨੇ ਉਥੇ ਰਹਿੰਦਿਆਂ ਬੇਹੱਦ ਸਖ਼ਤ ਮਿਹਨਤ ਕਰਕੇ ਦੇਸ਼ ਦੀ ਖੁਸ਼ਹਾਲੀ ਲਈ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਰੀਤੀ ਰਿਵਾਜ ਦੁਨੀਆਂ ਦੇ ਕਿਸੇ ਹਿੱਸੇ ਵਿਚ ਵੀ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਕਿਉਂਕਿ ਪੂਰੀ ਦੁਨੀਆਂ ਵਿਚ ਸਿੱਖਾਂ ਨੇ ਆਪਣੀ ਪਛਾਣ ਸਥਾਪਤ ਕੀਤੀ ਹੋਈ ਹੈ। ਅਮਰੀਕਾ ਦੇਸ਼ ਜਿਹੜਾ ਕਿ ਸਿੱਖਾਂ ਦੇ ਰਹਿਣ-ਸਹਿਣ, ਪਛਾਣ ਅਤੇ ਮਰਯਾਦਾ ਨੂੰ ਨੇੜਿਉਂ ਸਮਝਦਾ ਹੈ, ਉਥੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਨੂੰ ਸੱਟ ਮਾਰਨੀ ਠੀਕ ਨਹੀਂ ਹੈ। ਉਨ੍ਹਾਂ ਅਮਰੀਕਾ ਸਰਕਾਰ ਨੂੰ ਅਜਿਹਾ ਕੋਈ ਵੀ ਫੈਸਲਾ ਨਾ ਕਰਨ ਦੀ ਅਪੀਲ ਕਰਨ ਦੇ ਨਾਲ ਭਾਰਤ ਦੇ ਵਿਦੇਸ਼ ਮੰਤਰੀ ਨੂੰ ਵੀ ਅਪੀਲ ਕੀਤੀ ਕਿ ਉਹ ਇਹ ਮਾਮਲਾ ਤੁਰੰਤ ਅਮਰੀਕਾ ਦੀ ਸਰਕਾਰ ਕੋਲ ਉਠਾ ਕੇ ਇਸ ਦਾ ਹੱਲ ਕਰਨ।

## ਏ.ਐੱਚ.ਪੀ.ਆਈ. ਵੱਲੋਂ ਸੀ.ਜੀ.ਐੱਚ.ਐੱਸ. ਪੈਕੇਜ ਰੇਟਾਂ ਵਿਚ ਸੋਧ ਦਾ ਸਵਾਗਤ

ਚੰਡੀਗੜ੍ਹ 8 ਅਕਤੂਬਰ। ਐਸੋਸੀਏਸ਼ਨ ਆਫ਼ ਹੈਲਥਕੇਅਰ ਪ੍ਰੋਵਾਈਡਰਜ਼ ਆਫ਼ ਇੰਡੀਆ (AHPI) ਨੇ ਕੇਂਦਰ ਸਰਕਾਰ ਵੱਲੋਂ ਸੈਂਟ?ਰਲ ਗਵਰਨਮੈਂਟ ਹੈਲਥ ਸਕੀਮ (CGHS) ਅਧੀਨ ਲਗਭਗ 2000 ਮੈਡੀਕਲ ਪ੍ਰੋਸੀਜ਼ਰਾਂ ਦੇ ਪੈਕੇਜ ਰੇਟਾਂ ਵਿਚ ਸੋਧ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਇਹ ਨਵੇਂ ਰੇਟ 3 ਅਕਤੂਬਰ 2025 ਨੂੰ ਐਲਾਨੇ ਗਏ ਹਨ ਅਤੇ 13 ਅਕਤੂਬਰ 2025 ਤੋਂ ਲਾਗੂ ਹੋਣਗੇ।



ਏ.ਐੱਚ.ਪੀ.ਆਈ. ਨਾਰਥ ਜ਼ੋਨ (ਪੰਜਾਬ ਅਤੇ ਚੰਡੀਗੜ੍ਹ) ਦੇ ਪ੍ਰਧਾਨ ਡਾ. ਯਸ਼ ਸ਼ਰਮਾ, ਉਪ-ਪ੍ਰਧਾਨ ਡਾ. ਮੁਕੇਸ਼ ਜੋਸ਼ੀ ਅਤੇ ਹੋਰ ਐਗਜ਼ਿਕਿਊਟਿਵ ਮੈਂਬਰਾਂ ਨੇ ਕਿਹਾ ਕਿ ਇਹ ਮਹੱਤਵਪੂਰਨ ਕਦਮ ਡਾ. ਗਿਰਧਰ ਗਿਆਨੀ (ਡਾਇਰੈਕਟਰ AHPI), ਡਾ. ਐੱਮ. ਸਾਹਸੁੱਲਾਹ (ਪ੍ਰਧਾਨ AHPI) ਅਤੇ ਪੂਰੀ ਟੀਮ ਦੀ ਲਗਾਤਾਰ ਕੋਸ਼ਿਸ਼ਾਂ ਨਾਲ ਸੰਭਵ ਹੋਇਆ ਹੈ। ਏ.ਐੱਚ.ਪੀ.ਆਈ. ਦੇਸ਼ ਭਰ ਦੇ 10,000 ਤੋਂ ਵੱਧ ਹਸਪਤਾਲਾਂ ਦਾ ਅਗਵਾਈ ਕਰਦਾ ਹੈ, ਜਿਨ੍ਹਾਂ ਵਿਚੋਂ ਪੰਜਾਬ ਅਤੇ ਨਾਰਥ ਜ਼ੋਨ ਵਿਚ 500+ ਹਸਪਤਾਲ ਸ਼ਾਮਲ ਹਨ। ਇਸ ਸੋਧ ਨਾਲ ਹਸਪਤਾਲਾਂ ਦੀ ਆਰਥਿਕ ਟਿਕਾਊਤਾ ਵਿਚ ਸੁਧਾਰ ਹੋਵੇਗਾ ਅਤੇ ਸਰਕਾਰੀ ਕਰਮਚਾਰੀਆਂ, ਪੈਨਸ਼ਨਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਿਹਤਰ ਸਿਹਤ ਸੇਵਾਵਾਂ ਮਿਲਣਗੀਆਂ। ਡਾ. ਯਸ਼ ਸ਼ਰਮਾ ਅਤੇ ਸਕੱਤਰ ਡਾ. ਅਮਨਦੀਪ ਨੇ ਕਿਹਾ ਕਿ ਲਗਭਗ ਇਕ ਦਹਾਕੇ ਬਾਅਦ ਰੇਟਾਂ ਦੀ ਸੋਧ ਇਕ ਇਤਿਹਾਸਕ ਫ਼ੈਸਲਾ ਹੈ। ਇਸ ਨਾਲ ਹਸਪਤਾਲ ਗੁਣਵੱਤਾ ਵਾਲਾ ਇਲਾਜ ਬਿਨਾ ਵਿੱਤੀ ਬੋਝ ਦੇ ਜਾਰੀ ਰੱਖ ਸਕਣਗੇ, ਜਦਕਿ ਮਰੀਜ਼ਾਂ ਨੂੰ ਹਕੀਕਤੀ ਅਤੇ ਅਪਡੇਟ ਦਰਾਂ ਦਾ ਫ਼ਾਇਦਾ ਮਿਲੇਗਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸੋਧ ਨਾ ਸਿਰਫ਼ ਇਲਾਜ ਦੇ ਖ਼ਰਚੇ ਨਾਲ ਰੇਟਾਂ ਦਾ ਮੇਲ ਬੈਠਾਉਂਦੀ ਹੈ, ਸਗੋਂ ਇਹ ਹਸਪਤਾਲਾਂ, ਮਰੀਜ਼ਾਂ ਅਤੇ ਸਰਕਾਰ ਦੇ ਵਿਚਕਾਰ ਭਰੋਸੇਮੰਦ ਭਾਈਚਾਰੇ ਨੂੰ ਵੀ ਮਜ਼ਬੂਤ ਕਰੇਗੀ, ਜਿਸ ਨਾਲ ਦੇਸ਼ ਭਰ ਵਿਚ ਸਮਾਨ ਅਤੇ ਗੁਣਵੱਤਾ ਵਾਲੀ ਸਿਹਤ ਸੇਵਾ ਯਕੀਨੀ ਬਣੇਗੀ।

### ਕੈਨੇਡਾ ਭੇਜਣ ਦੇ ਨਾਮ 'ਤੇ ਮਾਰੀ 30 ਲੱਖ ਦੀ ਠੱਗੀ, 3 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ 8 ਅਕਤੂਬਰ। ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਦੇਹੀ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਥਾਣਾ ਡੇਹਲੋਂ ਪੁਲਸ ਨੇ 3 ਮੁਲਜ਼ਮਾਂ ਖਿਲਾਫ਼ ਇਕ ਨੌਜਵਾਨ ਨਾਲ 30 ਲੱਖ ਰੁਪਏ ਹੜੱਪਣ ਦੇ ਦੋਸ਼ 'ਚ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਪੀੜਤ ਏਕਮਜੋਤ ਸਿੰਘ ਨੇ ਦਰਜ ਕਰਵਾਈ ਹੈ, ਜੋ ਪਿੰਡ ਲਹਿਰਾ ਡੇਹਲੋਂ ਦਾ ਰਹਿਣ ਵਾਲਾ ਹੈ। ਏਕਮਜੋਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਉਸ ਨੂੰ ਕੈਨੇਡਾ ਭੇਜਣ ਦਾ ਝਾਂਸਾ ਦਿੱਤਾ ਸੀ। ਭਰੋਸਾ ਦਿਵਾਉਣ ਲਈ ਉਨ੍ਹਾਂ ਨੇ ਕੈਨੇਡਾ ਦਾ ਫਰਜ਼ੀ ਵੀਜ਼ਾ ਅਤੇ ਦਸਤਾਵੇਜ਼ ਵੀ ਦਿਖਾਏ। ਇਸੇ ਭਰੋਸੇ ਵਿਚ ਆ ਕੇ ਉਸ ਨੇ ਤਿੰਨਾਂ ਮੁਲਜ਼ਮਾਂ ਨੂੰ ਕੱਲ 30 ਲੱਖ ਰੁਪਏ ਦੇ ਦਿੱਤੇ। ਰਕਮ ਲੈਣ ਤੋਂ ਬਾਅਦ ਮੁਲਜ਼ਮ ਲਗਾਤਾਰ ਟਾਲ-ਮਟੋਲ ਕਰਨ ਲੱਗੇ ਅਤੇ ਬਾਅਦ ਵਿਚ ਸੰਪਰਕ ਤੋਂ ਵੀ ਗਾਇਬ ਹੋ ਗਏ। ਪੁਲਸ ਅਨੁਸਾਰ ਮੁਲਜ਼ਮਾਂ ਦੀ ਪਛਾਣ ਕਮਲਜੀਤ ਸਿੰਘ, ਉਂਕਾਰ ਸਿੰਘ ਵਾਸੀ ਪਿੰਡ ਭਲੂਰ, ਉਂਕਾਰ ਸਿੰਘ ਵਾਸੀ ਤਹਿਸੀਲ ਕੰਪਲੈਕਸ ਬਾਘਾਪੁਰਾਣਾ ਵਜੋਂ ਹੋਈ ਹੈ। ਥਾਣਾ ਡੇਹਲੋਂ ਪੁਲਸ ਨੇ ਸ਼ਿਕਾਇਤ ਅਤੇ ਜਾਂਚ ਦੇ ਆਧਾਰ 'ਤੇ ਮੁਲਜ਼ਮਾਂ ਖਿਲਾਫ਼ ਧੋਖਾਦੇਹੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਕਿਹਾ ਕਿ ਮੁਲਜ਼ਮਾਂ ਦੀ ਭਾਲ ਜਾਰੀ ਹੈ ਅਤੇ ਜਲਦ ਹੀ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ । ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵਿਦੇਸ਼ ਭੇਜਣ ਦੇ ਨਾਂ 'ਤੇ ਕਿਸੇ ਏਜੰਟ ਜਾਂ ਵਿਅਕਤੀ ਨੂੰ ਪੈਸੇ ਦੇਣ ਤੋਂ ਪਹਿਲਾਂ ਉਸ ਦਾ ਪਿਛੋਕੜ ਅਤੇ ਲਾਇਸੈਂਸ ਦੀ ਪੂਰੀ ਜਾਂਚ ਜ਼ਰੂਰ ਕਰਨ।

## ਸਪੀਕਰ ਸੰਧਵਾਂ ਨੂੰ ਅਦਾਲਤ ਨੇ ਵਿਦੇਸ਼ ਜਾਣ ਦੀ ਦਿੱਤੀ ਮਨਜ਼ੂਰੀ

**ਏਜੰਸੀਆਂ**

ਤਰਨਤਾਰਨ 8 ਅਕਤੂਬਰ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਦੇਸ਼ ਜਾਣ ਲਈ ਮਾਣਯੋਗ ਅਦਾਲਤ ਪਾਸੋਂ ਮਨਜੂਰੀ ਮੰਗੀ ਗਈ ਸੀ, ਜਿਸ ਨੂੰ ਅਦਾਲਤ ਵੱਲੋਂ ਮਨਜ਼ੂਰ ਕਰਦੇ ਹੋਏ ਪ੍ਰਵਾਨਗੀ ਦੇ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਐਡਵੋਕੇਟ ਬੂਟਾ ਸਿੰਘ ਨੇ ਦੱਸਿਆ ਕਿ ਸਾਲ 2020 ਦੌਰਾਨ ਵਾਪਰੇ ਜ਼ਹਿਰੀਲੀ ਸ਼ਰਾਬ ਕਾਂਡ ਵਿਚ ਹੋਈਆਂ ਮੌਤਾਂ ਦੇ ਵਿਰੋਧ ਵਿਚ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਵੱਲੋਂ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਬਾਹਰ ਨੈਸ਼ਨਲ ਹਾਈਵੇ ਉੱਪਰ ਰੋਸ ਧਰਨਾ ਦਿੱਤਾ ਗਿਆ ਸੀ, ਜਿਸ ਦੇ ਚਲਦਿਆਂ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਦੋ ਵੱਖ-ਵੱਖ ਮੁਕਦਮੇ ਦਰਜ ਕੀਤੇ ਗਏ ਸਨ, ਜਿਸ ਵਿਚ ਕੁਲਤਾਰ ਸਿੰਘ ਸੰਧਵਾਂ, ਜੈ ਕਿਸ਼ਨ ਰੋਡੀ, ਮੀਤ ਹੇਅਰ, ਹਰਭਜਨ ਸਿੰਘ ਈ.ਟੀ.ਓ., ਲਾਲਜੀਤ ਸਿੰਘ ਭੁੱਲਰ ਸਮੇਤ ਹੋਰਾਂ ਖਿਲਾਫ ਪਰਚੇ ਦਰਜ ਕੀਤੇ ਗਏ ਸਨ। ਇਸ ਸਬੰਧੀ ਇਕ ਕੇਸ ਵਿਚੋਂ ਮਾਣਯੋਗ ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਨਾਮਜ਼ਦ ਵਿਅਕਤੀਆਂ ਨੂੰ ਬਰੀ ਕਰ ਦਿੱਤਾ ਸੀ ਪਰ ਦੂਸਰੇ ਕੇਸ ਨੰਬਰ 276/20 ਦੀ ਸੁਣਵਾਈ ਹਾਲੇ ਜਾਰੀ ਹੈ। ਐਡਵੋਕੇਟ ਬੂਟਾ ਸਿੰਘ ਨੇ ਦੱਸਿਆ ਕਿ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਵਿਦੇਸ਼ ਵਿੱਚ ਹੋ ਰਹੀ 68 ਵੀ ਕਾਮਨਵੈਲਥ ਪਾਰਲੀਮੈਂਟਰੀ ਕਾਨਫਰੰਸ ਵਿਚ ਹਿੱਸਾ ਲੈਣ ਲਈ ਮਾਣਯੋਗ ਅਮਨਦੀਪ ਸਿੰਘ ਏ.ਸੀ.ਜੇ.ਐੱਮ. ਤਰਨ ਤਾਰਨ ਦੀ ਅਦਾਲਤ ਪਾਸੋਂ ਅਰਜੀ ਦਿੰਦੇ ਹੋਏ ਮਨਜ਼ੂਰੀ ਮੰਗੀ ਗਈ ਸੀ, ਜਿਨਾਂ ਵੱਲੋਂ ਇਸ ਅਰਜ਼ੀ ਨੂੰ ਮਨਜ਼ੂਰ ਕਰਦੇ ਹੋਏ ਕੁਲਤਾਰ ਸਿੰਘ ਸੰਧਵਾਂ ਨੂੰ ਵਿਦੇਸ਼ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਸਬੰਧੀ ਅਦਾਲਤ 'ਚ ਕੁਲਤਾਰ ਸਿੰਘ ਸੰਧਵਾਂ ਪਾਸੋਂ 5 ਲੱਖ ਰੁਪਏ ਦਾ ਡਿਮਾਂਡ ਡਰਾਫਟ ਬਤੌਰ ਸਿਕਿਓਰਿਟੀ ਜਮ?ਹਾ ਕਰਵਾਇਆ ਗਿਆ ਹੈ ਅਤੇ ਇਸ ਦੇ ਨਾਲ ਇਹ ਵੀ ਹੁਕਮ ਦਿੱਤਾ ਗਿਆ ਹੈ ਕਿ ਜਦੋਂ ਕੁਲਤਾਰ ਸਿੰਘ ਸੰਧਵਾਂ ਵਿਦੇਸ਼ ਤੋਂ 20 ਅਕਤੂਬਰ ਨੂੰ ਵਾਪਸ ਆ ਜਾਣਗੇ ਤਾਂ ਉਹ ਤੁਰੰਤ ਮਾਣਯੋਗ ਅਦਾਲਤ ਨੂੰ ਇਸ ਦੀ ਜਾਣਕਾਰੀ ਲਿਖਤੀ ਰੂਪ ਵਿਚ ਦੇਣਗੇ।

## 192 ਕਰੋੜ ਦੀ ਲਾਗਤ ਨਾਲ ਤਿਆਰ ਹੋਣਗੀਆਂ 125 ਕਿਲੋਮੀਟਰ ਲੰਬਾਈ ਦੀਆਂ ਸੜਕਾਂ

ਚੰਡੀਗੜ੍ਹ 8 ਅਕਤੂਬਰ। ਸੜਕੀ ਨੈੱਟਵਰਕ ਨੂੰ ਮਜ਼ਬੂਤ ਬਣਾਉਣ ਲਈ ਲੋਕ ਨਿਰਮਾਣ ਵਿਭਾਗ ਵੱਲੋਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਦੱਸਿਆ ਕਿ ਨਾਬਾਰਡ ਸਕੀਮ ਅਧੀਨ ਵਿੱਤੀ ਸਾਲ 2024-25 ਦੌਰਾਨ 279.64 ਕਿਲੋਮੀਟਰ ਲੰਬਾਈ ਦੀ ਸੜਕਾਂ ਤੇ 8 ਪੁਲ?ਾਂ ਦੀ ਉਸਾਰੀ ਦਾ ਕੰਮ ਮੁਕੰਮਲ ਕੀਤਾ ਗਿਆ, ਜਿਸ ਉੱਤੇ 104.28 ਕਰੋੜ ਦਾ ਖ਼ਰਚਾ ਕੀਤਾ ਗਿਆ। ਵਿੱਤੀ ਸਾਲ 2025-26 ਦੌਰਾਨ 125.00 ਕਿਲੋਮੀਟਰ ਲੰਬਾਈ ਦੀ ਸੜਕਾਂ ਦੀ ਉਸਾਰੀ 'ਤੇ 192 ਕਰੋੜ ਖ਼ਰਚ ਕਰਨ ਦੀ ਯੋਜਨਾ ਹੈ। ਇਸ ਸਕੀਮ ਅਧੀਨ 14.50 ਕਿਲੋਮੀਟਰ ਲੰਬਾਈ ਦੀ ਸੜਕਾਂ ਦੀ ਉਸਾਰੀ ਦਾ ਕੰਮ ਮੁਕੰਮਲ ਕੀਤਾ ਗਿਆ, ਜਿਸ ਉੱਤੇ 18.13 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ ਮੱਦ 5054 ਆਰ.ਬੀ.-10 ਸੜਕਾਂ ਅਧੀਨ 781 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਦਾ ਕੰਮ ਪੂਰਾ ਕੀਤਾ ਗਿਆ ਹੈ, ਜਿਸ ਉੱਤੇ 503.02 ਕਰੋੜ ਰੁਪਏ ਦਾ ਕੁੱਲ ਖ਼ਰਚਾ ਕੀਤਾ ਗਿਆ। ਵਿੱਤੀ ਸਾਲ 2025-26 ਦੌਰਾਨ 840.00 ਕਿਲੋਮੀਟਰ ਲੰਬਾਈ ਦੀ ਸੜਕਾਂ ਦੀ ਉਸਾਰੀ 'ਤੇ 663.00 ਕਰੋੜ ਖ਼ਰਚ ਕਰਨ ਦੀ ਯੋਜਨਾ ਹੈ, ਜਿਸ 'ਚੋਂ 342 ਕਿਲੋਮੀਟਰ ਦੀ ਉਸਾਰੀ ਦਾ ਕੰਮ ਪੂਰਾ ਹੋ ਚੁੱਕਾ ਹੈ। ਇਸ ਸਕੀਮ ਅਧੀਨ 212 ਕਰੋੜ ਰੁਪਏ ਖ਼ਰਚ ਕੀਤੇ ਜਾ ਚੁਕੇ ਹਨ। ਮਦ ਨੰਬਰ 5054 ਅਧੀਨ ਵਿੱਤੀ ਸਾਲ 2024-25 ਦੌਰਾਨ 10 ਪੁਲ?ਾਂ ਦੀ ਉਸਾਰੀ ਦਾ ਕੰਮ ਪੂਰਾ ਕੀਤਾ ਗਿਆ ਹੈ, ਜਿਸ ਉੱਤੇ 48.29 ਕਰੋੜ ਰੁਪਏ ਦਾ ਕੁੱਲ ਖ਼ਰਚਾ ਕੀਤਾ ਗਿਆ। ਵਿੱਤੀ ਸਾਲ 2025-26 ਦੌਂਨ 31 ਨੰ: ਪੁਲ?ਾਂ ਦੀ ਉਸਾਰੀ 'ਤੇ 155.00 ਕਰੋੜ ਖ਼ਰਚ ਕਰਨ ਦੀ ਯੋਜਨਾ ਹੈ, ਜਿਸ 'ਚੋਂ 31 ਨੰ: ਪੁਲ?ਾਂ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਸਕੀਮ ਅਧੀਨ 16.39 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸੀ.ਆਰ.ਆਈ.ਐੱਫ. ਸਕੀਮ ਅਧੀਨ ਵਿੱਤੀ ਸਾਲ 2024-25 ਦੌਰਾਨ 147.68 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਨੂੰ ਅਪਗ੍ਰੇਡ ਕੀਤਾ ਗਿਆ। ਇਨ੍ਹਾਂ ਕੰਮਾਂ 'ਤੇ ਕੁੱਲ 141.80 ਕਰੋੜ ਰੁਪਏ ਦਾ ਖ਼ਰਚਾ ਕੀਤਾ ਗਿਆ। ਇਸ ਤੋਂ ਇਲਾਵਾ ਵਿੱਤੀ ਸਾਲ 2025-26 ਦੌਰਾਨ 95 ਕਿਲੋਮੀਟਰ ਲੰਬਾਈ ਦੀ ਸੜਕਾਂ ਦੀ ਉਸਾਰੀ ਤੇ 3 ਨੰ: ਪੁਲ? 'ਤੇ 190.00 ਕਰੋੜ ਖ਼ਰਚ ਕਰਨ ਦੀ ਯੋਜਨਾ ਹੈ, ਜਿਸ 'ਚੋਂ 10 ਕਿਲੋਮੀਟਰ ਤੇ 2 ਨੰ: ਪੁਲ?ਾਂ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਸਕੀਮ ਅਧੀਨ 23.05 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ।

## ਬਾਜਵਾ ਨੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਤੇ ਭ੍ਰਿਸ਼ਟ ਅਧਿਕਾਰੀਆਂ ਦਾ ਪੱਖ ਪੂਰਿਆ: ਬਰਿੰਦਰ ਗੋਇਲ

**ਕੌਮੀ ਪਤ੍ਰਿਕਾ**

ਚੰਡੀਗੜ੍ਹ 8 ਅਕਤੂਬਰ। ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਬੁੱਧਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਹਾਲੀਆ ਵਿਸ਼ੇਸ਼ ਸੈਸ਼ਨ ਦੌਰਾਨ ਵਿਭਾਗੀ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਤੇ ਹੈਰਾਨੀਜਨਕ ਤੌਰ 'ਤੇ ਭ੍ਰਿਸ਼ਟ ਅਧਿਕਾਰੀਆਂ ਦਾ ਪੱਖ ਲੈਣ ਲਈ ਵਿਰੋਧੀ ਧਿਰ ਦੇ ਨੇਤਾ (ਐਲ.ਓ.ਪੀ) ਪ੍ਰਤਾਪ ਸਿੰਘ ਬਾਜਵਾ ਨੂੰ ਕਰੜੇ ਹੱਥੀਂ ਲਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਦੇ ਅਜਿਹੇ ਬਿਆਨ ਸਦਨ ਨੂੰ ਗੁੰਮਰਾਹ ਕਰਨ ਤੇ ਵਿਭਾਗ ਵੱਲੋਂ ਪਾਰਦਰਸ਼ੀ ਢੰਗ ਅਤੇ ਇਮਾਨਦਾਰੀ ਨਾਲ ਕੀਤੇ ਜਾ ਰਹੇ ਕੰਮਕਾਜ 'ਤੇ ਉਂਗਲ ਉਠਾਉਣ ਦੀ ਕੋਝੀ ਚਾਲ ਹਨ। ਗੋਇਲ ਨੇ ਸਪੱਸ਼ਟ ਕੀਤਾ ਕਿ ਬਾਜਵਾ ਵੱਲੋਂ 22 ਅਗਸਤ, 2025 ਦੇ ਉਸ ਪੱਤਰ ਦਾ ਹਵਾਲਾ ਦਿੱਤਾ ਗਿਆ ਸੀ ਜੋ ਵਿਭਾਗ ਦੇ ਮੁੱਖ ਇੰਜੀਨੀਅਰ (ਵਿਜੀਲੈਂਸ) ਵੱਲੋਂ ਹੜ੍ਹ ਸੁਰੱਖਿਆ ਸਬੰਧੀ ਕੁਝ ਕਾਰਜਾਂ ਦਾ ਮੁੜ ਮੁਲਾਂਕਣ ਕਰਨ ਬਾਬਤ ਮੁੱਖ ਇੰਜੀਨੀਅਰ (ਡਰੇਨੇਜ) ਨੂੰ ਲਿਖਿਆ ਗਿਆ ਸੀ। ਇਹ ਪੱਤਰ ਫੰਡਾਂ ਦੀ ਸੁਚੱਜੀ ਵਰਤੋਂ ਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਖਾਸ ਕਰਕੇ ਮਾਨਸੂਨ ਦੀ ਸ਼ੁਰੂਆਤ ਤੋਂ ਬਾਅਦ ਜਾਂਚ ਤੇ ਸੰਤੁਲਨ ਬਰਕਰਾਰ ਰੱਖਣ ਸਬੰਧੀ ਇਕ ਅੰਦਰੂਨੀ ਪ੍ਰਕਿਰਿਆ ਸੀ। ਐਲ.ਓ.ਪੀ. ਨੇ ਜਾਣਬੁੱਝ ਕੇ ਇਨ੍ਹਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ। ਵਿਰੋਧੀ ਧਿਰ ਵੱਲੋਂ ਦੱਸਿਆ ਗਿਆ ਪੱਤਰ ਸਿਰਫ਼ 35 ਕੰਮਾਂ ਨਾਲ ਸਬੰਧਤ ਸੀ, ਜੋ ਮਾਨਸੂਨ ਦੀ ਸ਼ੁਰੂਆਤ ਮੌਕੇ ਚਲ ਰਹੇ ਸਨ, ਜਦਕਿ ਵਿਭਾਗ ਵੱਲੋਂ ਹੜ੍ਹਾਂ ਦੇ ਮੌਸਮ ਤੋਂ ਪਹਿਲਾਂ ਹੀ 924 ਕੰਮ ਮੁਕੰਮਲ ਕੀਤੇ ਜਾ ਚੁੱਕੇ ਸਨ। ਵਿਰੋਧੀ ਧਿਰ ਦੇ ਨੇਤਾ ਨੇ ਇਹ ਹਵਾਲਾ ਦਿੰਦਿਆਂ ਇਸ ਬਾਰੇ ਜ਼ਿਕਰ ਤੱਕ ਨਹੀਂ ਕੀਤਾ ਕਿ ਇਹ 35 ਕੰਮ ਕੁੱਲ ਪ੍ਰਾਜੈਕਟਾਂ ਦਾ ਸਿਰਫ਼ 3.8 ਫ਼ੀਸਦ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਤੋਂ ਵਿਰੋਧੀ ਧਿਰ ਦੇ ਨੇਤਾ ਵੱਲੋਂ ਤੱਥਾਂ ਨੂੰ ਛੁਪਾਉਣ ਅਤੇ ਉਸ ਵੱਲੋਂ ਗੁਮਰਾਹ



ਕਰਨ ਦੇ ਇਰਾਦੇ ਦਾ ਸਾਫ਼ ਪਤਾ ਲਗਦਾ ਹੈ। ਵਿਰੋਧੀ ਧਿਰ ਦੇ ਇਕ ਹੋਰ ਦੋਸ਼ ਦਾ ਜਵਾਬ ਦਿੰਦਿਆਂ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਵਿਰੋਧੀ ਧਿਰ ਆਗੂ ਨੇ ਗ਼ਲਤ ਦਾਅਵਾ ਕੀਤਾ ਹੈ ਕਿ ਵਿਭਾਗ ਦੇ 8,000 ਕਰਮਚਾਰੀਆਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ ਜਦਕਿ ਅਸਲ ਅੰਕੜਾ ਕੁੱਲ 16,000 ਤੋਂ ਵੱਧ ਕਰਮਚਾਰੀਆਂ 'ਚੋਂ ਸਿਰਫ਼ 750 ਤੋਂ ਵੀ ਘੱਟ ਹੈ। ਗੋਇਲ ਨੇ ਕਿਹਾ ਕਿ ਇਹ ਚਾਰਜਸ਼ੀਟਾਂ ਭ੍ਰਿਸ਼ਟਾਚਾਰ, ਗ਼ਲਤ ਰਵੱਈਏ ਅਤੇ ਡਿਊਟੀ 'ਚ ਕੁਤਾਹੀ ਦੇ ਮਾਮਲਿਆਂ 'ਚ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚੋਂ ਕੁਝ ਮਾਮਲਿਆਂ ਦੀ ਸਿਫਾਰਸ਼ ਵਿਜੀਲੈਂਸ ਬਿਊਰੋ ਵੱਲੋਂ ਗੁਰਿੰਦਰ ਸਿੰਘ ਠੇਕੇਦਾਰ ਮਾਮਲੇ 'ਚ ਕੀਤੀ ਗਈ ਸੀ। ਡਿਊਟੀ 'ਚ ਕੁਤਾਹੀ ਵਰਤਣ ਬਾਰੇ ਤੱਥ ਪੇਸ਼ ਕਰਦਿਆਂ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਇਕ ਅਧਿਕਾਰੀ ਨੂੰ ਕਿਸੇ ਖਾਸ ਠੇਕੇਦਾਰ ਦਾ ਪੱਖ ਲੈਣ ਅਤੇ ਟੈਂਡਰ ਭਰਨ ਲਈ ਆਪਣੇ ਹੀ ਲੈਪਟਾਪ ਦੀ ਵਰਤੋਂ ਕਰਨ ਉਪਰੰਤ ਡਿਮੋਟ ਕਰ ਦਿੱਤਾ ਗਿਆ ਸੀ। ਇਕ ਹੋਰ ਅਧਿਕਾਰੀ ਨੇ ਆਪਣੇ ਤਬਾਦਲੇ ਉਪਰੰਤ ਗ਼ੈਰ-ਕਾਨੂੰਨੀ ਤੌਰ 'ਤੇ ਟੈਂਡਰਾਂ ਨੂੰ ਮਨਜ਼ੂਰੀ ਦਿੱਤੀ ਸੀ। ਇਸੇ ਤਰ੍ਹਾਂ ਖਣਨ ਵਿਭਾਗ 'ਚ ਤਾਇਨਾਤ ਗੁਰਦਾਸਪੁਰ ਦੇ ਇੱਕ ਅਧਿਕਾਰੀ ਨੂੰ 2.5 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਫੜੇ ਜਾਣ ਤੋਂ ਬਾਅਦ ਬਰਖ਼ਾਸਤ ਕਰ ਦਿੱਤਾ ਗਿਆ ਸੀ। ਕੁਝ ਅਧਿਕਾਰੀ ਠੇਕੇਦਾਰਾਂ 'ਤੇ ਰਿਸ਼ਵਤ ਲਈ ਦਬਾਅ ਪਾਉਂਦੇ ਰਹੇ ਸਨ, ਜਦਕਿ ਕੁਝ ਅਧਿਕਾਰੀ ਨਿਯਮਾਂ ਅਨੁਸਾਰ ਰਾਇਲਟੀ ਇਕੱਠੀ ਕਰਨ ਵਿਚ ਜਾਣਬੁੱਝ ਕੇ ਅਸਫਲ ਰਹੇ ਜਿਸ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਸੀ। ਗੋਇਲ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਦੀ ਸ਼ਲਾਘਾ ਕਰਨ ਦੀ ਬਜਾਏ ਵਿਰੋਧੀ ਧਿਰ ਦੇ ਨੇਤਾ ਨੇ ਭ੍ਰਿਸ਼ਟ ਅਤੇ ਡਿਊਟੀ 'ਚ ਕੁਤਾਹੀ ਵਰਤਣ ਵਾਲਿਆਂ ਨੂੰ ਬਚਾਉਣ ਅਤੇ ਜਵਾਬਦੇਹੀ ਦੇ ਮਾਪਦੰਡਾਂ 'ਤੇ ਸਵਾਲ ਉਠਾਉਣ ਦੀ ਕੋਝੀ ਚੋਣ ਕੀਤੀ ਹੈ। ਪੰਜਾਬ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਜਦੋਂ ਵਿਭਾਗ ਵੱਲੋਂ ਭ੍ਰਿਸ਼ਟ ਗਤੀਵਿਧੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਤਾਂ ਵਿਰੋਧੀ ਧਿਰ ਦੇ ਨੇਤਾ ਨੂੰ ਇੰਨੀ ਤਕਲੀਫ਼ ਕਿਉਂ ਹੋ ਰਹੀ ਹੈ? ਇਹ ਬਹੁਤ ਹੈਰਾਨੀਜਨਕ ਹੈ ਕਿ ਕੋਈ ਵਿਰੋਧੀ ਧਿਰ ਦਾ ਨੇਤਾ ਖੁੱਲ੍ਹ ਕੇ ਉਨ੍ਹਾਂ ਵਿਅਕਤੀਆਂ ਦਾ ਪੱਖ ਲੈ ਰਿਹਾ ਹੈ, ਜਿਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਲਈ ਸਜ਼ਾ ਦਿੱਤੀ ਗਈ ਹੈ।